# ਯੋਜਨਾ

ਸਾਲ 35 • ਅੰਕ 1 • ਜਨਵਰੀ 2018 • ਕੁੱਲ ਪੰਨੇ 72

ਮੁੱਖ ਸੰਪਾਦਕ
**ਦੀਪਿਕਾ ਕੱਛਲ**
ਸੰਪਾਦਕ
**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**
ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)
**ਵੀ.ਕੇ. ਮੀਨਾ**
ਬਿਜ਼ਨਸ ਮੈਨੇਜਰ
**ਸੂਰੀਆਕਾਂਤ ਸ਼ਰਮਾ**
ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)
**ਜਰਨਲ ਯੂਨਿਟ**
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**

## ਇਸ ਅੰਕ ਵਿਚ


- ਸੰਪਾਦਕੀ - 4
- ਬੈਂਕਿੰਗ ਖੇਤਰ ਵਿੱਚ ਸੁਧਾਰ : ਨਿਯਮਿਤਤਾ ਯਕੀਨੀ ਬਣਾਉਣਾ - ਆਤਿਸ਼ਾ ਕੁਮਾਰ 5
- ਆਰਥਿਕ ਕਾਇਆਪਲਟ ਦੇ ਹਮਾਇਤੀ - ਵਿਵੇਕ ਕੁਮਾਰ, ਸੰਕੇਤ ਟੰਡਨ, - ਸੁਭੱਦਾ ਰਾਓ 9
- ਡੁੱਬੇ ਹੋਏ ਕਰਜ਼ੇ : ਵੰਗਾਰਾਂ ਅਤੇ ਅਗਾਂਹ ਦਾ ਰਸਤਾ - ਦੀਪਕ ਨਾਰੰਗ 13
- ਬੈਂਕਾਂ ਦਾ ਪੁਨਰਪੂੰਜੀਵਾਦ - ਆਸ਼ੂਤੋਸ਼ ਕੁਮਾਰ 18
- ਵਿੱਤੀ ਸਮਾਵੇਸ਼ ਨੂੰ ਵਧਾਉਣ ਵਿੱਚ ਬੈਂਕਾਂ ਦੀ ਭੂਮਿਕਾ - ਚਰਨ ਸਿੰਘ, ਸ਼ਿਵਾਕੁਮਾਰ ਰੈਡੀ ਕੇ. 21
- ਬੈਕਰਾਂ ਤੋਂ ਬੈਂਕਾਂ ਤੱਕ - 26
- ਦੀਵਾਲੀਏਪਨ ਨੂੰ ਹੱਲ ਕਰਨਾ - ਇੰਦੀਵਜਲ ਧਸਮਾਨਾ 31
- ਡਿਜੀਟਲਾਈਜ਼ੇਸ਼ਨ ਤੇ ਘੱਟ ਨਕਦੀ ਵਾਲੀ ਆਰਥਿਕਤਾ - ਆਰ ਸੁਬਰਾਮਨੀਆ ਕੁਮਾਰ 36
- ਭਾਰਤ ਦੇ ਪੇਂਡੂ ਖੇਤਰਾਂ ਦੇ ਬੈਂਕਾਂ ਦੀਆਂ ਸਮੱਸਿਆਵਾਂ ਅਤੇ ਵੰਗਾਰਾਂ - ਮੰਜੂਲਾ ਵਧਵਾ 41
- ਮਿਸ਼ਨ ਇੰਦਰਧਨੁਸ਼ : ਭਾਰਤ ਵਿੱਚ ਜਨਤਕ ਖੇਤਰ ਦੀਆਂ ਬੈਂਕਾਂ ਦਾ ਕਾਇਆਕਲਪ - ਡੀ ਐੱਸ ਮਲਿਕ 48
- ਹਾਈਵੇ ਵਿਕਾਸ ਵਿੱਚ ਇਕ ਨਵੀਂ ਘਟਨਾ - ਯੁੱਧਵੀਰ ਸਿੰਘ ਮਲਿਕ 52
- ਭਾਰਤ ਦੀ ਕ੍ਰੈਡਿਟ ਰੇਟਿੰਗ ਵਿੱਚ ਹੋਇਆ ਵਾਧਾ ਬਿਲਕੁਲ ਢੁੱਕਵਾਂ - ਪ੍ਰਵਾਕਰ ਸਾਹੂ, ਭਾਵੇਸ਼ ਗਰਗ 56
- ਬੈਂਕਿੰਗ ਸਨਅਤ ਵਿੱਚ ਬਿਗ ਡਾਡਾ ਵਿਸ਼ਲੇਸ਼ਣ - ਚਤਰਭੁਜ ਬੈਰਿਕ, ਸ੍ਰੀਕਾਂਤ ਸ਼ਰਮਾ 62
- ਕੀ ਤੁਸੀਂ ਜਾਣਦੇ ਹੋ? - 66


**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓੜੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ-ਵਿੰਗ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਅਨੰਤਪੁਰਮ 695001 (ਫ਼ੋਨ. 2330650) • ਕਮਰਾ ਨੰ. 204, ਦੂਜੀ ਮੰਜ਼ਿਲ, ਸੀ.ਜੀ.ਓ. ਟਾਵਰ, ਕਵਾਦੀਗੁੜਾ, ਹੈਦਰਾਬਾਦ - 500080 (ਫ਼ੋਨ.24605383) • ਪਹਿਲੀ ਮੰਜ਼ਿਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੁਰੂ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਪੋਸ਼ਨ ਪਾਰਾ ਰੋਡ, ਹਾਊਸ ਨੰ:-4, ਪੀ ਓ, ਸਿਲਪੁਕਰੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 - ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸੰਪਾਦਕੀ

ਬੱਚਤ ਦੀ ਧਾਰਨਾ ਦੁਨੀਆਂ ਭਰ ਦੇ ਵੱਖ-ਵੱਖ ਸਭਿਆਚਾਰਾਂ ਵਿੱਚ ਹਮੇਸ਼ਾ ਹੀ ਮੌਜੂਦ ਰਹਿੰਦੀ ਹੈ। ਕਰੰਸੀ/ਸੋਨੇ ਦੇ ਸਿੱਕੇ ਮਿੱਟੀ ਦੇ ਬਤਰਨਾਂ ਵਿੱਚ ਇਕੱਠੇ ਕਰਨਾ ਅਤੇ ਉਨ੍ਹਾਂ ਨੂੰ ਜ਼ਮੀਨ ਹੇਠ ਦੱਬ ਦੇਣਾ ਇਹ ਇਕ ਅਜਿਹੀ ਰਵਾਇਤ ਸੀ ਜੋ ਪੁਰਾਤਨ ਸਮੇਂ ਵਿੱਚ ਦੁਨੀਆਂ ਭਰ ਵਿੱਚ ਚੱਲਦੀ ਸੀ। ਸਰਕਾਰੀ ਖਜ਼ਾਨਾ ਦੇਸ਼ ਵਿੱਚ ਟੈਕਸਾਂ ਰਾਹੀਂ ਜਾਂ ਅਧੀਨ ਰਾਜਾਂ/ਗੁਲਾਮਾਂ ਤੋਂ ਵਸੂਲੀਆਂ ਗਈਆਂ ਰਕਮਾਂ ਨਾਲ ਭਰਿਆ ਹੁੰਦਾ ਸੀ।

ਆਧੁਨਿਕ ਬੈਂਕਿੰਗ ਦੀ ਸ਼ੁਰੂਆਤ ਨਾਲ, ਪੈਸੇ ਦਾ ਪ੍ਰਬੰਧਨ ਘਰਾਂ ਤੋਂ ਤਬਦੀਲ ਹੋ ਕੇ ਬੈਂਕਾਂ ਵਿੱਚ ਪਹੁੰਚ ਗਿਆ। ਲੋਕਾਂ ਨੂੰ ਆਪਣੇ ਪੈਸੇ ਅਤੇ ਗਹਿਣਿਆਂ ਨੂੰ ਬੈਂਕਾਂ ਵਿੱਚ ਰੱਖਣਾ ਸੁਰੱਖਿਅਤ ਲੱਗਣ ਲੱਗਾ, ਜਿਥੇ ਕਿ ਇਨ੍ਹਾਂ ਦੀ ਰਾਖੀ ਲਈ ਵਾਲਟ ਮੌਜੂਦ ਹੁੰਦੇ ਸਨ। ਇਸ ਤੋਂ ਇਲਾਵਾ ਬੈਂਕਾਂ ਵਲੋਂ ਇਸ ਪੈਸੇ ਉੱਤੇ ਵਿਆਜ਼ ਵੀ ਦਿੱਤਾ ਜਾਂਦਾ ਹੈ ਜੋ ਕਿ ਇਕ ਵਾਧੂ ਆਮਦਨ ਹੈ। ਬੈਂਕਾਂ ਨੇ ਇਨ੍ਹਾਂ ਜਮ੍ਹਾਂ ਹੋਈਆਂ ਰਕਮਾਂ ਨੂੰ ਵੱਖ-ਵੱਖ ਸਟਾਕਾਂ ਅਤੇ ਸਕਿਓਰਿਟੀਆਂ ਵਿੱਚ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਨਿਵੇਸ਼ ਬੈਂਕਿੰਗ ਅਤੇ ਕਾਰਪੋਰੇਟ ਬੈਂਕਿੰਗ ਦਾ ਇਕ ਨਵਾਂ ਸਿਸਟਮ ਸ਼ੁਰੂ ਹੋਇਆ। ਸਰਕਾਰੀ ਪੈਸਾ ਖਜ਼ਾਨੇ ਵਿੱਚੋਂ ਕੇਂਦਰੀ ਬੈਂਕ ਵਿੱਚ ਪਹੁੰਚਣ ਲੱਗਾ ਜੋ ਕਿ ਹੌਲੀ-ਹੌਲੀ ਵਿੱਤੀ ਨੀਤੀ ਰੈਗੂਲੇਟਰ ਵੀ ਬਣ ਗਏ। ਅੱਜ ਕੋਈ ਵਿਅਕਤੀ ਅਜਿਹੀ ਆਰਥਿਕਤਾ ਬਾਰੇ ਸੋਚ ਵੀ ਨਹੀਂ ਸਕਦਾ ਜਿਸ ਵਿੱਚ ਕੇਂਦਰੀ ਰੈਗੂਲੇਟਰੀ ਬੈਂਕ ਨਾ ਹੋਵੇ। ਭਾਰਤ ਦੇ ਮਾਮਲੇ ਵਿੱਚ ਕੇਂਦਰੀ ਬੈਂਕ ਰਿਜ਼ਰਵ ਬੈਂਕ ਆਫ ਇੰਡੀਆ ਹੈ। ਇਹ ਸਰਕਾਰੀ ਫੰਡਾਂ ਨੂੰ ਸੰਭਾਲਣ ਵਾਲਾ ਹੀ ਨਹੀਂ ਰਿਹਾ ਸਗੋਂ ਵਿੱਤੀ ਨੀਤੀ ਰੈਗੂਲੇਟਰ ਬਣ ਗਿਆ ਹੈ। ਬੈਂਕਰਾਂ ਤੋਂ ਬੈਂਕਾਂ ਤੱਕ, ਕਰੰਸੀ ਦਾ ਰੈਗੂਲੇਟਰ ਬਣ ਗਿਆ ਹੈ।

ਭਾਰਤ ਵਿੱਚ ਬੈਂਕਿੰਗ ਸਿਸਟਮ ਦੀ ਸ਼ੁਰੂਆਤ ਛੋਟੇ, ਨਿੱਜੀ ਬੈਂਕਾਂ ਵਜੋਂ ਹੋਈ। ਪਰ ਜਦੋਂ ਇਨ੍ਹਾਂ ਬੈਂਕਾਂ ਵਿੱਚੋਂ ਕੁੱਝ ਫੇਲ ਹੋਣ ਲੱਗੇ ਜਾਂ ਉਨ੍ਹਾਂ ਵਿੱਚ ਜਮ੍ਹਾਂ ਪੈਸਾ ਬੈਂਕਰਾਂ ਵਲੋਂ ਖਿਸਕਾਇਆ ਜਾਣ ਲੱਗਾ ਅਤੇ ਗਾਹਕਾਂ ਦਾ ਮਿਹਨਤ ਨਾਲ ਕਮਾਇਆ ਪੈਸਾ ਗਾਇਬ ਹੋਣ ਲੱਗਾ ਤਾਂ ਸਰਕਾਰ ਨੇ ਦਖਲ ਦੇ ਕੇ ਬੈਂਕਾਂ ਦੇ ਰਾਸ਼ਟਰੀਕਰਨ ਦਾ ਫੈਸਲਾ ਕੀਤਾ। ਇਸ ਵੱਡੇ ਸੁਧਾਰ ਨਾਲ ਇਹ ਯਕੀਨੀ ਬਣਿਆ ਕਿ ਬੈਂਕਾਂ ਨੂੰ ਜੇ ਕਿਸੇ ਕਿਸਮ ਦਾ ਨੁਕਸਾਨ ਹੋਵੇ ਤਾਂ ਉਸ ਸਮੇਂ ਵੀ ਗਾਹਕ ਦਾ ਪੈਸਾ ਸੁਰੱਖਿਅਤ ਰਹੇ ਅਤੇ ਬੈਂਕ ਗਾਹਕ ਦੇ ਪੈਸੇ ਦੀ ਦੁਰਵਰਤੋਂ ਨਾ ਕਰ ਸਕਣ। ਹੌਲੀ-ਹੌਲੀ ਸਮਾਂ ਲੰਘਣ ਦੇ ਨਾਲ ਹੀ ਜਨਤਕ ਖੇਤਰ ਦੇ ਬੈਂਕਾਂ ਦਾ ਰੈਗੂਲੇਟਰੀ ਢਾਂਚਾ ਹੋਰ ਮਜ਼ਬੂਤ ਕੀਤਾ ਗਿਆ। ਬੈਂਕਿੰਗ ਖੇਤਰ ਸੁਧਾਰਾਂ ਬਾਰੇ ਨਰਸਿਮ੍ਹਨ ਕਮੇਟੀ ਦੀਆਂ ਸਿਫਾਰਸ਼ਾਂ ਇਸ ਦਿਸ਼ਾ ਵਿੱਚ ਇਕ ਹੋਰ ਪ੍ਰਮੁੱਖ ਕਦਮ ਮੰਨੀਆਂ ਗਈਆਂ। ਇਸ ਤੋਂ ਬਾਅਦ ਇਸ ਢਾਂਚੇ ਵਿੱਚ ਹੌਲੀ-ਹੌਲੀ ਕਈ ਸੁਧਾਰ ਹੁੰਦੇ ਗਏ ਜਿਨ੍ਹਾਂ ਵਿੱਚ ਬੈਂਕਿੰਗ ਖੇਤਰ ਦੀ ਨਿਪੁਨਤਾ ਵਧਾਉਣ ਅਤੇ ਪ੍ਰਬੰਧਨ ਸੁਧਾਰਨ ਦਾ ਕੰਮ ਕੀਤਾ ਗਿਆ।

ਇਕ ਵੇਲੇ ਸਰਕਾਰ ਨੇ ਮਹਿਸੂਸ ਕੀਤਾ ਕਿ ਬਾਕੀ ਸਾਰੇ ਖੇਤਰਾਂ ਵਾਂਗ ਹੀ ਬੈਂਕਿੰਗ ਖੇਤਰ ਦਾ ਨਿੱਜੀਕਰਨ ਕੀਤਾ ਜਾਵੇ, ਤਾਂ ਕਿ ਵਿਸ਼ਵ ਰੁਝਾਨਾਂ ਨਾਲ ਤਾਲਮੇਲ ਕਾਇਮ ਰੱਖਿਆ ਜਾ ਸਕੇ। ਨਿੱਜੀ ਖੇਤਰ ਦੇ ਬੈਂਕ ਜਿਵੇਂ ਕਿ ਐੱਚ ਡੀ ਐੱਫ ਸੀ, ਆਈ ਸੀ ਆਈ ਸੀ ਆਈ, ਐਕਸਿਜ਼ ਅਤੇ ਯੈਸ ਬੈਂਕ ਵਗੈਰਾ ਨੂੰ ਭਾਰਤੀ ਬੈਂਕਿੰਗ ਖੇਤਰ ਵਿੱਚ ਕੰਮ ਕਰਨ ਦੀ ਖੁੱਲ੍ਹ ਦਿੱਤੀ ਗਈ। ਇਹ ਬੈਂਕ ਗਾਹਕਾਂ ਦੀ ਤਸੱਲੀ ਕਰਵਾਉਣ ਦੇ ਮਾਮਲੇ ਵਿੱਚ ਜਨਤਕ ਖੇਤਰ ਦੇ ਬੈਂਕਾਂ ਨਾਲੋਂ ਵਧੇਰੇ ਸਫਲ ਰਹੇ ਅਤੇ ਕਾਰਪੋਰੇਟ ਬੈਂਕਿੰਗ ਅਤੇ ਪ੍ਰਚੂਨ ਬੈਂਕਿੰਗ ਵਿੱਚ ਇਨ੍ਹਾਂ ਦੀ ਚੱਲਣ ਲੱਗੀ। ਇਨ੍ਹਾਂ ਦੀ ਉਦਾਹਰਣ ਲੈਂਦੇ ਹੋਏ ਜਨਤਕ ਖੇਤਰ ਦੇ ਬੈਂਕ ਵੀ ਗਾਹਕਾਂ ਨਾਲ ਮਿੱਤਰਤਾ ਵਧਾਉਣ ਲੱਗੇ ਅਤੇ ਉਨ੍ਹਾਂ ਨੇ ਆਪਣੇ ਕੰਮਕਾਜ ਵਿੱਚ ਤਕਨਾਲੋਜੀਕਲ ਸੁਧਾਰ ਲਿਆਂਦੇ।

ਸਫਲ ਬੈਂਕਿੰਗ ਵਿੱਚ ਇਕ ਵੱਡੀ ਰੁਕਾਵਟ ਨਾਨ ਪਰਫਾਰਮਿੰਗ ਅਸੈੱਸਟਸ ਹਨ, ਜੋ ਕਿ ਭਾਰਤ ਦੇ ਵਧੇਰੇ ਬੈਂਕਾਂ ਲਈ ਚਿੰਤਾ ਦਾ ਵਿਸ਼ਾ ਹਨ, ਇਹ ਭਾਵੇਂ ਨਿੱਜੀ ਖੇਤਰ ਵਿੱਚ ਹੋਣ ਜਾਂ ਸਰਕਾਰੀ ਖੇਤਰ ਵਿੱਚ। ਬੈਂਕਿੰਗ ਖੇਤਰ ਦੇ ਇਸ ਵੱਡੇ ਮਸਲੇ ਨੂੰ ਸੁਲਝਾਉਣ ਲਈ ਸਰਕਾਰ ਨੇ ਮਿਸ਼ਨ ਇੰਦਰਧਨੁਸ਼ ਦਾ ਐਲਾਨ ਕੀਤਾ ਜਿਸ ਵਿੱਚ ਮੁੱਖ ਧਿਆਨ ਅਹਿਮ ਮੁੱਦਿਆਂ, ਜਿਵੇ ਕਿ ਪੁਨਰ-ਪੂੰਜੀਕਰਨ, ਬੈਂਕਿੰਗ ਬੋਰਡ ਬਿਊਰੋ ਦੀ ਕਾਇਮੀ ਅਤੇ ਜਵਾਬਦੇਹੀ ਦਾ ਢਾਂਚਾ ਤਿਆਰ ਕਰਨ ਉੱਤੇ ਦਿੱਤਾ ਗਿਆ। ਬਾਅਦ ਵਿੱਚ ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ ਨੂੰ ਐੱਨ ਪੀ ਏ ਦੇ ਮੁੱਦੇ ਨੂੰ ਹੱਲ ਕਰਨ ਲਈ ਪੇਸ਼ ਕੀਤਾ ਗਿਆ।

ਆਧੁਨਿਕ ਬੈਂਕਿੰਗ ਵਿੱਚ ਚਿੰਤਾ ਦਾ ਇਕ ਹੋਰ ਵਿਸ਼ਾ ਸਾਈਬਰ ਸੁਰੱਖਿਆ ਦਾ ਹੈ, ਵਿਸ਼ੇਸ਼ ਤੌਰ ਤੇ ਘੱਟ ਨਕਦੀ ਵਾਲੀ ਆਰਥਿਕਤਾ ਅਤੇ ਬੈਂਕਿੰਗ ਲੈਣ-ਦੇਣ ਵਿੱਚ ਡਿਜੀਟਲਾਈਜੇਸ਼ਨ ਦਾ ਦੌਰ ਸ਼ੁਰੂ ਹੋਣ ਦੇ ਮੌਕੇ ਉੱਤੇ। ਇਸ ਨੂੰ ਹੱਲ ਕਰਨ ਲਈ ਸੂਚਨਾ ਤਕਨਾਲੋਜੀ ਵਿਭਾਗ ਵਲੋਂ ਆਈ ਆਈ ਟੀ ਵਰਗੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਕਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਦਾ ਮੁੱਖ ਜ਼ੋਰ ਬੈਂਕਿੰਗ ਰਾਹੀਂ ਵਿੱਤੀ ਸ਼ਮੂਲੀਅਤ ਉੱਤੇ ਹੈ ਅਤੇ ਉਸ ਨੇ ਜਨ ਧਨ ਯੋਜਨਾ ਅਤੇ ਡੀ ਬੀ ਟੀ ਦਾ ਸਹਾਰਾ ਲਿਆ ਹੈ। ਦਿਹਾਤੀ ਬੈਂਕਿੰਗ ਚਿੰਤਾ ਦਾ ਇਕ ਹੋਰ ਵਿਸ਼ਾ ਹੈ ਕਿਉਂਕਿ ਪਹੁੰਚ ਨਾ ਹੋਣ ਕਾਰਨ ਕਈ ਖੇਤਰ ਬੈਂਕਿੰਗ ਦੀ ਪਹੁੰਚ ਵਿੱਚ ਆਉਣ ਤੋਂ ਰਹਿ ਗਏ ਹਨ।ਦਿਹਾਤੀ ਜਨਤਾ ਅਜੇ ਵੀ ਬੈਂਕਿੰਗ ਖੇਤਰ ਵਿੱਚ ਵਧੇਰੇ ਅਰਾਮਦੇਹ ਮਹਿਸੂਸ ਨਹੀਂ ਕਰਦੀ, ਅੰਸ਼ਿਕ ਤੌਰ ਤੇ ਪੜ੍ਹਾਈ ਦਾ ਪੱਧਰ ਨੀਵਾਂ ਹੋਣ ਕਾਰਨ ਜਾਂ ਬੈਂਕਿੰਗ ਖੇਤਰ ਤੱਕ ਪਹੁੰਚ ਨਾ ਹੋਣ ਕਾਰਨ। ਇਨ੍ਹਾਂ ਸਮੱਸਿਆਵਾਂ ਨੂੰ ਸਰਕਾਰ ਵਲੋਂ ਬੈਂਕਿੰਗ ਕਾਰਸਪੌਂਡੈਂਟਸ ਦੀ ਸ਼ੁਰੂਆਤ ਕਰ ਕੇ ਹੱਲ ਕੀਤਾ ਜਾਵੇਗਾ। ਇਹ ਲੋਕ ਬੈਂਕਾਂ ਅਤੇ ਦਿਹਾਤੀ ਜਨਤਾ ਦਰਮਿਆਨ ਇਕ ਸੰਪਰਕ ਵਜੋਂ ਕੰਮ ਕਰਨਗੇ।

ਸਾਹਮਣਿਉਂ ਵੇਖਣ ਉੱਤੇ, ਬੈਂਕਿੰਗ ਸੁਧਾਰ ਦੀ ਧਾਰਨਾ ਆਰਥਿਕ ਮਾਹਰਾਂ ਅਤੇ ਨੀਤੀ ਘੜਨ ਵਾਲਿਆਂ ਦਾ ਮਸਲਾ ਲਗਦੀ ਹੈ। ਪਰ ਬੈਂਕ ਉਹ ਥਾਵਾਂ ਹਨ ਜਿਨ੍ਹਾਂ ਉੱਤੇ ਜਨਤਾ ਆਪਣੀ ਮਿਹਨਤ ਨਾਲ ਕੀਤੀ ਕਮਾਈ ਨੂੰ ਸੁਰੱਖਿਅਤ ਰੱਖਣ ਲਈ ਭਰੋਸਾ ਕਰਦੀ ਹੈ। ਤੁਹਾਡੇ ਵਿੱਤ ਉੱਤੇ ਨਿਯੰਤ੍ਰਣ ਰਹਿਣਾ ਤੁਹਾਡੇ ਲਈ ਚਿੰਤਾ-ਮੁਕਤੀ ਦਾ ਵੱਡਾ ਕਾਰਨ ਹੁੰਦਾ ਹੈ ਅਤੇ ਇਕ ਨਿਪੁੰਨ ਬੈਂਕਿੰਗ ਸਿਸਟਮ ਹਰ ਇਕ ਦੀ ਜ਼ਿੰਦਗੀ ਵਿੱਚੋਂ ਇਸ ਤਨਾਅ ਨੂੰ ਖਤਮ ਕਰਨ ਵਿੱਚ ਇਕ ਅਹਿਮ ਭੂਮਿਕਾ ਅਦਾ ਕਰ ਸਕਦਾ ਹੈ।

**– ਮੁੱਖ ਸੰਪਾਦਕ**

# ਬੈਂਕਿੰਗ ਖੇਤਰ ਵਿੱਚ ਸੁਧਾਰ : ਇਕ ਇਤਿਹਾਸਕ ਦ੍ਰਿਸ਼ਟੀਕੋਣ

ਆਤਿਸ਼ਾ ਕੁਮਾਰ

**.... ਭਵਿੱਖ ਵਿੱਚ ਭਾਰਤ ਨੂੰ ਜ਼ਿਆਦਾ ਵਿਆਪਕ ਅਤੇ ਚੰਗੀ ਤਰ੍ਹਾਂ ਪੂੰਜੀਕ੍ਰਿਤ ਬੈਂਕਿੰਗ ਪ੍ਰਣਾਲੀ ਲਈ ਯਤਨ ਕਰਨੇ ਚਾਹੀਦੇ ਹਨ ਜਿਸ ਕੋਲ ਕਰਜ਼ਾ ਦੇਣ ਦੀ ਸਮਰੱਥਾ ਅਤੇ ਪ੍ਰੋਤਸਾਹਨ ਢਾਂਚਾ ਹੋਵੇ ਜੋ ਸਰੋਤਾਂ ਦੇ ਉਤਪਾਦਨ ਆਵੰਟਨ ਲਈ ਢੁੱਕਵਾਂ ਹੋਵੇ। ਵਿਆਪਕ ਬੈਂਕਿੰਗ ਪ੍ਰਣਾਲੀ ਦਾ ਵਿਕਾਸ ਕਰਨ ਲਈ ਪੁਨਰ ਪੂੰਜੀਕਰਨ ਦੇ ਨਾਲ-ਨਾਲ ਕਈ ਹੋਰ ਕਦਮ ਵੀ ਚੁੱਕਣੇ ਪੈਣਗੇ ਜਿਵੇਂ ਕਾਰਪੋਰੇਟ ਸ਼ਾਸਨ ਸੁਧਾਰ, ਘੱਟ ਦਾਖਲਾ ਔਕੜਾਂ, ਵਿੱਤੀ ਨਿਗਰਾਨੀ ਵਿੱਚ ਸੁਧਾਰ, ਗਤੀਸ਼ੀਲ ਕਾਰਪੋਰੇਟ ਕਰਜ਼ਾ ਬਾਜ਼ਾਰਾਂ ਦਾ ਵਿਕਾਸ ਅਤੇ ਕਰਜ਼ਾ ਵਸੂਲੀ ਦਾ ਕੁਸ਼ਲ ਤੰਤਰ।**

ਫਰਮਾਂ ਅਤੇ ਪਰਿਵਾਰਾਂ, ਦੋਵਾਂ ਲਈ ਭਾਰਤ ਵਿੱਚ ਬੈਂਕਿੰਗ ਪ੍ਰਣਾਲੀ ਕਰਜ਼ੇ ਦੇ ਸਭ ਤੋਂ ਮਹੱਤਵਪੂਰਨ ਸਰੋਤਾਂ ਵਿੱਚੋ ਇਕ ਹੈ। ਬੈਂਕਾਂ ਦੇ ਅਕਾਰ, ਲਚੀਲਾਪਨ ਅਤੇ ਪੂੰਜੀਕਰਨ ਦਾ ਪੱਧਰ ਵਿੱਤੀ ਬਾਜ਼ਾਰਾਂ ਦੇ ਨਿਰਵਿਘਨ ਸੰਚਾਲਨ ਲਈ ਅਹਿਮ ਹਨ। ਜਨਤਕ ਨਿਯੰਤ੍ਰਣ ਵਾਲੀਆਂ ਬੈਂਕਾਂ ਦਾ ਵੱਡਾ ਅਨੁਪਾਤ ਭਾਰਤ ਦੇ ਬੈਂਕਿੰਗ ਖੇਤਰ ਦੀ ਮੁੱਖ ਵਿਸ਼ੇਸ਼ਤਾ ਹੀ ਬੈਂਕਿੰਗ ਪ੍ਰਣਾਲੀ ਨੂੰ ਦਰਪੇਸ਼ ਮੁੱਖ ਚੁਨੌਤੀਆਂ ਵਿੱਚ ਘੱਟ ਵਿੱਤੀ ਡੂੰਘਾਈ, ਮਰ ਚੁੱਕੇ ਅਸਾਸਿਆਂ (ਐੱਨ ਪੀ ਏਜ਼) ਦਾ ਵੱਡਾ ਹਿੱਸਾ ਅਤੇ ਜਨਤਕ ਖੇਤਰ ਦੇ ਬੈਂਕਾਂ ਦੀ ਉੱਚ ਮੌਜੂਦਗੀ ਆਦਿ ਸ਼ਾਮਿਲ ਹਨ। ਇਹ ਮੁੱਦੇ ਉਦਯੋਗਿਕ ਕਰਜ਼ਿਆਂ ਅਤੇ ਬੈਂਕਾਂ ਵਲੋਂ ਅੰਤਰਰਾਸ਼ਟਰੀ ਪੂੰਜੀ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਦੇ ਰਾਹ ਵਿੱਚ ਅੜਿੱਕਾ ਬਣਦੇ ਹਨ। ਮੌਜੂਦਾ ਉਪਾਅ ਇਨ੍ਹਾਂ ਚੁਨੌਤੀਆਂ ਨਾਲ ਨਜਿੱਠਣ ਲਈ ਕਾਫੀ ਨਹੀਂ। ਅੱਗੇ ਵੇਖਦੇ ਹੋਏ ਸਾਨੂੰ ਬੈਂਕਿੰਗ ਖੇਤਰ ਨੂੰ ਹੁਲਾਰਾ ਦੇਣ ਲਈ ਤਿੰਨ ਖੇਤਰਾਂ ਉਤੇ ਧਿਆਨ ਕੇਂਦਰਿਤ ਕਰਨਾ ਪਵੇਗਾ : ਬੈਂਕਾਂ ਦੇ ਸ਼ਾਸਨ ਵਿੱਚ ਸੁਧਾਰ ਕਰਨਾ, ਖੇਤਰ ਅੰਦਰ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨਾ ਅਤੇ ਕਰਜ਼ੇ ਦੇ ਸਰੋਤਾਂ ਵਜੋਂ ਬੈਂਕਾਂ ਤੋਂ ਦਬਾਅ ਘੱਟ ਕਰਨ ਲਈ ਕਾਰਪੋਰੇਟ ਬਾਂਡ ਵਿਕਸਤ ਕਰਨੇ।

***ਭਾਰਤ ਵਿੱਚ ਬੈਂਕਿੰਗ ਸੁਧਾਰਾਂ ਦਾ ਇਤਿਹਾਸ :*** 1991 ਤੋਂ ਪਹਿਲਾਂ ਭਾਰਤ ਵਲੋਂ ਬੈਂਕਿੰਗ ਖੇਤਰ ਦੇ ਵੱਡੇ ਹਿੱਸੇ ਦਾ ਕੌਮੀਕਰਨ ਕੀਤਾ ਗਿਆ। 1969 ਵਿੱਚ 50 ਕਰੋੜ ਤੋਂ ਵੱਧ ਜਮ੍ਹਾਂ ਰਾਸ਼ੀ ਵਾਲੇ ਬੈਂਕਾਂ ਦਾ ਸਰਕਾਰ ਵਲੋਂ ਕੌਮੀਕਰਨ ਕੀਤਾ ਗਿਆ। ਇਸ ਵਲੋਂ 80 ਪ੍ਰਤਿਸ਼ਤ ਤੋਂ ਵੱਧ ਬੈਂਕ ਸ਼ਾਖਾਵਾਂ ਉਤੇ ਅਧਿਕਾਰ ਕਰ ਲਿਆ ਗਿਆ। 1980 ਵਿੱਚ ਸਰਕਾਰ ਵਲੋਂ ਹੋਰ ਬੈਂਕਾਂ ਨੂੰ ਆਪਣੇ ਅਧਿਕਾਰ ਹੇਠ ਲਿਆਂਦਾ ਗਿਆ ਅਤੇ ਦੇਸ਼ ਭਰ ਵਿੱਚ 200 ਕਰੋੜ ਰੁਪਏ ਤੋਂ ਵੱਧ ਜਮ੍ਹਾਂ ਰਾਸ਼ੀ ਵਾਲੇ ਬੈਂਕਾਂ ਦਾ ਕੌਮੀਕਰਨ ਕਰ ਦਿੱਤਾ ਗਿਆ। ਸਾਰੇ ਬੈਂਕਾਂ ਦਾ ਲਗਭਗ 90 ਪ੍ਰਤਿਸ਼ਤ ਸਰਕਾਰ ਦੇ ਨਿਯੰਤ੍ਰਣ ਵਿੱਚ ਆ ਗਿਆ ਅਤੇ ਇਸ ਕਾਲਖੰਡ ਦੌਰਾਨ ਇਹ ਅੰਕੜਾ ਸਥਿਰ ਰਿਹਾ। 1969 ਤੋਂ 1991 ਦਰਮਿਆਨ



ਭੂਗੋਲਿਕ ਫੈਲਾਅ ਪਸਾਰ ਦੀ ਘਣਤਾ ਅਤੇ ਬੈਂਕ ਸ਼ਾਖਾਵਾਂ ਦੀ ਸੰਖਿਆ ਵਿੱਚ ਕਾਫੀ ਵਾਧਾ ਹੋਇਆ। ਬੈਂਕਾਂ ਵਿੱਚ ਜਮ੍ਹਾਂ ਰਾਸ਼ੀ ਵੀ ਕਾਫੀ ਆਈ ਅਤੇ ਕਰਜ਼ ਦੇਣ ਵਿੱਚ ਵੀ ਕਾਫੀ ਇਜ਼ਾਫਾ ਹੋਇਆ। ਤਰਜੀਹੀ ਖੇਤਰ ਦੇ ਉਧਾਰ ਦੇਣ ਵਿੱਚ 14 ਪ੍ਰਤਿਸ਼ਤ ਤੋਂ ਵਧ ਕੇ 41 ਪ੍ਰਤਿਸ਼ਤ ਦਾ ਵਾਧਾ ਹੋਇਆ।

ਪਰ 1991 ਤੱਕ, ਬੈਂਕਾਂ ਦੀ ਕਾਰਜਕੁਸ਼ਲਤਾ ਅਤੇ ਉਤਪਾਦਕਤਾ ਘਟ ਗਈ, ਗਾਹਕ ਸੇਵਾ ਗੁਣਵੱਤਾ ਦਾ ਮਾੜਾ ਹਾਲ ਹੋ ਗਿਆ ਅਤੇ ਮੁਨਾਫਾ ਘਟ ਗਿਆ। 1991 ਵਿੱਚ ਸਰਕਾਰ ਨੇ ਜਦੋਂ ਅਰਥਚਾਰੇ ਦਾ ਉਦਾਰੀਕਰਨ ਕੀਤਾ ਤਾਂ ਇਸ ਵਲੋਂ ਬਹੁਤ ਸਾਰੇ ਬੈਂਕਿਗ ਸੁਧਾਰ ਵੀ ਕੀਤੇ ਗਏ। ਵਿੱਤੀ ਪ੍ਰਣਾਲੀਆਂ ਬਾਰੇ ਬਣੀ ਕਮੇਟੀ, ਜਿਸ ਦੇ ਮੁਖੀ ਸ੍ਰੀ ਐੱਮ ਨਰਸਿਮਹਮ ਸਨ, ਨੇ 1991 ਵਿੱਚ ਸਟ੍ਰੈਚੁਟਰੀ ਲਿਕੁਇਡਿਟੀ ਰੇਸ਼ੋ (ਐੱਸ ਐੱਲ ਆਰ) ਅਤੇ ਕੈਸ਼ ਰਿਜ਼ਰਵ ਰੇਸ਼ੋ (ਸੀ ਆਰ ਆਰ) ਵਿੱਚ ਕਮੀ ਕਰਨ ਦੀ ਸਿਫਾਰਸ਼ ਕੀਤੀ ਤਾਂ ਜੋ ਬੈਂਕ ਸਰੋਤਾਂ ਨੂੰ ਮੁਕਤ ਕੀਤਾ ਜਾ ਸਕੇ, ਜੋ ਵਿਆਜ ਦੀਆਂ ਦਰਾਂ ਨਿਰਧਾਰਤ ਕਰਨ ਲਈ ਬਾਜ਼ਾਰੀ ਤਾਕਤਾਂ ਉਤੇ ਨਿਰਭਰ ਕਰਦੇ ਹਨ। ਇਸ ਨਾਲ ਨਿੱਜੀ ਖੇਤਰ ਦੀਆਂ ਬੈਂਕਾਂ ਅਤੇ ਵਿਦੇਸ਼ੀ ਬੈਂਕਾਂ ਦਾ ਮੁਕਾਬਲੇਬਾਜ਼ੀ ਵਧਾਉਣ ਲਈ ਦਾਖਲਾ ਅਸਾਨ ਹੋ ਗਿਆ ਅਤੇ ਜਨਤਕ ਖੇਤਰ ਦੇ ਬੈਂਕਾਂ ਦੀ ਗਿਣਤੀ ਵਿੱਚ ਕਾਫੀ ਕਮੀ ਆ ਗਈ। ਕਮੇਟੀ ਦੀਆਂ ਬਹੁਤ ਸਾਰੀਆਂ ਸਿਫਾਰਸ਼ਾਂ ਨੂੰ ਲਾਗੂ ਕਰ ਦਿੱਤਾ ਜਿਨ੍ਹਾਂ ਵਿੱਚ ਐੱਸ ਐੱਲ ਆਰ ਅਤੇ ਸੀ ਆਰ ਆਰ ਵਿੱਚ ਕਮੀ ਕਰਨਾ ਸ਼ਾਮਲ ਸੀ ਜਿਸ ਨਾਲ ਬਾਜ਼ਾਰ ਨਿਰਧਾਰਤ ਵਿਆਜ ਦਰ ਤੈਅ ਹੋਈ ਅਤੇ ਨਿੱਜੀ ਖੇਤਰ ਅਤੇ ਵਿਦੇਸ਼ੀ ਬੈਂਕਾਂ ਦੇ ਖੁੱਲ੍ਹਣ ਦਾ ਰਾਹ ਪੱਧਰਾ ਹੋ ਗਿਆ।

1998 ਵਿੱਚ ਸ੍ਰੀ ਨਰਸਿਮਹਮ ਦੀ ਅਗਵਾਈ ਵਾਲੀ ਬੈਂਕਿੰਗ ਸੁਧਾਰਾਂ ਸੰਬੰਧੀ ਕਮੇਟੀ ਨੇ ਬੈਂਕਿੰਗ ਖੇਤਰ ਨੂੰ ਮਜਬੂਤੀ ਦੇਣ ਲਈ ਕੁੱਝ ਹੋਰ ਕਦਮਾਂ ਦੀ ਸਿਫਾਰਸ਼ ਕੀਤੀ। ਇਸ ਕਮੇਟੀ ਵਲੋਂ ਮੌਜੂਦਾ ਕਦਮਾਂ ਦੀ ਸਮੀਖਿਆ ਕੀਤੀ ਗਈ ਅਤੇ ਕਾਨੂੰਨ, ਪੂੰਜੀ ਉਪਲਬਧਤਾ ਅਤੇ ਬੈਂਕਾਂ ਦੇ ਰਲੇਵੇਂ ਸੰਬੰਧੀ ਕੁੱਝ ਹੋਰ ਉਪਾਵਾਂ ਦਾ ਪ੍ਰਸਤਾਵ ਵੀ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ, 1998 ਵਾਲੀ ਕਮੇਟੀ ਵਲੋਂ ਤਕਨਾਲੋਜੀ ਦੀ ਵਧੇਰੇ ਵਰਤੋਂ, ਹੁਨਰ ਸਿਖਲਾਈ ਅਤੇ ਬੈਂਕਾਂ ਦੇ ਪੇਸ਼ੇਵਰ ਪ੍ਰਬੰਧਨ ਨਾਲ ਸੰਬੰਧਿਤ ਕਦਮਾਂ ਦੀ ਸਿਫਾਰਸ਼ ਵੀ ਕੀਤੀ ਗਈ।



1991 ਤੋਂ ਲਾਗੂ ਕੀਤੇ ਗਏ ਇਨ੍ਹਾਂ ਸੁਧਾਰਾਂ ਨਾਲ ਭਾਰਤ ਦੇ ਬੈਂਕਿੰਗ ਖੇਤਰ ਦੀ ਕਾਰਗੁਜ਼ਾਰੀ ਅਤੇ ਮਜਬੂਤੀ ਵਿੱਚ ਸੁਧਾਰ ਆਇਆ। ਮਿਸਾਲ ਦੇ ਲਈ, ਕੁੱਲ ਘਰੇਲੂ ਉਤਪਾਦ ਦੇ ਹਿੱਸੇ ਵਜੋਂ ਬੈਂਕਿੰਗ ਪ੍ਰਣਾਲੀ ਵਲੋਂ ਦਿੱਤੇ ਜਾ ਰਹੇ ਕਰਜ਼ੇ ਦੀ ਰਕਮ 1990 ਦੇ 51.5 ਪ੍ਰਤਿਸ਼ਤ ਦੇ ਮੁਕਾਬਲੇ 2000 ਵਿੱਚ ਵਧ ਕੇ 53.4 ਪ੍ਰਤਿਸ਼ਤ ਹੋ ਗਈ। ਪਰ ਦੂਸਰੇ ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦ ਦੇ ਅੱਧੇ ਹਿੱਸੇ ਤੋਂ ਇਹ ਘੱਟ ਸੀ। ਸੰਨ 2000 ਅੰਦਰ ਚੀਨ ਵਿੱਚ ਇਹ ਅਨੁਪਾਤ 133 ਪ੍ਰਤਿਸ਼ਤ, ਮਲੇਸ਼ੀਆ ਵਿੱਚ 143 ਪ੍ਰਤਿਸ਼ਤ ਅਤੇ ਥਾਈਲੈਂਡ ਵਿੱਚ 122 ਪ੍ਰਤਿਸ਼ਤ ਸੀ। 2000 ਦੇ ਦਹਾਕੇ ਦੌਰਾਨ ਬੈਂਕਿੰਗ ਸੁਧਾਰਾਂ ਸੰਬੰਧੀ ਕਈ ਕਮੇਟੀਆਂ ਗਠਿਤ ਕੀਤੀਆਂ ਗਈਆਂ ਅਤੇ ਹੋਰ ਸੁਧਾਰ ਵੀ ਕੀਤੇ ਗਏ। ਵਿੱਤੀ ਖੇਤਰ ਸੁਧਾਰਾਂ ਬਾਰੇ ਕਮੇਟੀ ਵਲੋਂ ਮੈਕਰੋ ਇਕਨਾਮਿਕ ਅਤੇ ਭਾਰਤ ਲਈ ਨਿਯਮਕ ਢਾਂਚਿਆਂ, ਵਿੱਤੀ ਸਮਾਵੇਸ਼ ਅਤੇ ਘਰੇਲੂ ਵਿੱਤ ਵਿਕਾਸ ਬਾਰੇ ਸਿਫਾਰਸ਼ਾਂ ਪੇਸ਼ ਕੀਤੀਆਂ ਗਈਆਂ। 2014 ਵਿੱਚ ਭਾਰਤ ਅੰਦਰ ਬੈਂਕਾਂ ਦੇ ਬੋਰਡਾਂ ਦੇ ਸ਼ਾਸਨ ਦੀ ਸਮੀਖਿਆ ਕਰਨ ਲਈ ਪੀ ਜੇ ਨਾਇਕ ਕਮੇਟੀ ਦਾ ਗਠਨ ਕੀਤਾ ਗਿਆ। ਇਸ ਦੀਆਂ ਸਿਫਾਰਸ਼ਾਂ ਦਾ ਮੁੱਖ ਕੇਂਦਰ ਜਨਤਕ ਖੇਤਰ ਦੇ ਬੈਂਕਾਂ ਦੇ ਸ਼ਾਸਨ ਤੇ ਪ੍ਰਬੰਧਨ ਵੱਲ ਵਧੇਰੇ ਧਿਆਨ ਦੇਣਾ ਸੀ ਜਿਨ੍ਹਾਂ ਦੀ ਭਾਰਤ ਦੇ ਬੈਂਕਿੰਗ ਖੇਤਰ ਵਿੱਚ ਵੱਡੀ ਮੌਜੂਦਗੀ ਬਣੀ ਹੋਈ ਹੈ।

ਤਾਲਿਕਾ-1 : ਕੁੱਲ ਐਡਵਾਂਸ ਦੇ ਇਕ ਹਿੱਸੇ ਵਜੋਂ ਬੈਂਕਾਂ ਦੇ ਡੁੱਬੇ ਹੋਏ ਐਡਵਾਂਸ (ਪ੍ਰਤਿਸ਼ਤ)

| | ਮਾਰਚ 2008 | ਮਾਰਚ 2017 |
|---|---|---|
| ਜਨਤਕ ਖੇਤਰ ਬੈਂਕ | 3.5 | 15.6 |
| ਨਿੱਜੀ ਖੇਤਰ ਦੇ ਬੈਂਕ | 4.2 | 4.6 |
| ਵਿਦੇਸ਼ੀ ਬੈਂਕ | 3.0 | 4.5 |
| *ਸਾਰੇ ਬੈਂਕ* | *3.5* | *12.1* |


*ਸਰੋਤ : ਰਿਜ਼ਰਵ ਬੈਂਕ ਆਫ ਇੰਡੀਆ*

## ਮੌਜੂਦਾ ਸਥਿਤੀ : ਜਨਤਕ ਖੇਤਰ ਦੇ ਬੈਂਕਾਂ ਦੀ ਸਰਦਾਰੀ

ਅੱਜ ਵੀ, ਭਾਰਤ ਦੇ ਬੈਂਕਿੰਗ ਖੇਤਰ ਦੀ ਵਿਸ਼ੇਸ਼ਤਾ ਜਨਤਕ ਖੇਤਰ ਦੇ ਬੈਂਕਾਂ ਦੀ ਵੱਡੀ ਹਿੱਸੇਦਾਰੀ ਹੈ। ਕੁੱਲ ਅਸਾਸਿਆਂ ਦੇ 70 ਪ੍ਰਤਿਸ਼ਤ ਦੇ ਮਾਲਕ, ਜਨਤਕ ਖੇਤਰ ਦੇ ਬੈਂਕਾਂ ਦੀ ਕਾਰਗੁਜ਼ਾਰੀ ਸਿੱਧੇ ਤੌਰ ਤੇ ਸਮੁੱਚੀ ਬੈਂਕਿੰਗ ਪ੍ਰਣਾਲੀ ਦੀ ਕਾਰਗੁਜ਼ਾਰੀ ਦੀ ਪ੍ਰਤਿਨਿਧਤਾ ਕਰਦੀ ਹੈ। ਐੱਨ ਪੀ ਏਜ਼ ਦੇ ਵੱਡੇ ਅਤੇ ਤੇਜ਼ੀ ਨਾਲ ਵਧ ਰਹੇ ਅੰਕੜਿਆਂ ਵਿੱਚ ਜਨਤਕ ਖੇਤਰ ਦੇ ਬੈਂਕਾਂ ਦੀ ਹਿੱਸੇਦਾਰੀ ਮਾਰਚ 2016 ਤੱਕ ਸਭ ਤੋਂ

ਵੱਧ 88 ਪ੍ਰਤਿਸ਼ਤ ਹੈ। ਇਹ ਸਥਿਤੀ ਹੋਰ ਵੀ ਖਰਾਬ ਹੋ ਰਹੀ ਹੈ। ਦੂਜੇ ਤਰੀਕੇ ਦੇਖੀਏ ਤਾਂ ਜਨਤਕ ਖੇਤਰ ਦੇ ਬੈਂਕਾਂ ਦੇ ਕੁੱਲ ਐੱਨ ਪੀ ਏਜ਼ ਮਾਰਚ 2015 ਦੇ 2.78 ਲੱਖ ਕਰੋੜ ਤੋਂ ਵਧ ਕੇ ਜੂਨ 2017 ਤੱਕ 7.33 ਲੱਖ ਕਰੋੜ ਹੋ ਗਏ ਹਨ।


ਜਨਤਕ ਖੇਤਰ ਦੇ ਬੈਂਕਾਂ ਵਿੱਚ ਡੁੱਬ ਚੁੱਕੇ ਪੈਸੇ ਦੀ ਹਿੱਸੇਦਾਰੀ 16 ਪ੍ਰਤਿਸ਼ਤ ਦੇ ਲਗਭਗ ਹੈ ਜੋ ਨਿੱਜੀ ਖੇਤਰ ਦੇ ਬੈਂਕਾਂ ਨਾਲੋਂ ਤਿੰਨ ਗੁਣਾ ਤੋਂ ਵੀ ਵੱਧ ਹੈ। ਵਧਦੇ ਹੋਏ ਐੱਨ ਪੀ ਏਜ਼ ਨੇ ਜਨਤਕ ਖੇਤਰ ਦੀਆਂ ਬੈਂਕਾਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕੀਤਾ ਹੈ ਜੋ ਅਸਾਸਿਆਂ ਤੋਂ ਹੋਣ ਵਾਲੇ ਲਾਭ ਅਤੇ ਇਕੁਇਟੀ ਤੋਂ ਲਾਭ ਵਿਚਲੇ ਘਟਦੇ ਅਨੁਪਾਤ ਵਿੱਚ ਨਜ਼ਰ ਆ ਰਿਹਾ ਹੈ, ਜੋ ਦਹਾਕੇ ਦੌਰਾਨ ਪਹਿਲੀ ਵਾਰ 2016 ਅੰਦਰ ਮਨਫੀ ਵਿੱਚ ਹੋ ਗਿਆ। ਇਥੋਂ ਤੱਕ ਕਿ ਨਿੱਜੀ ਖੇਤਰ ਦੇ ਬੈਂਕ ਵੀ ਐੱਨ ਪੀ ਏਜ਼ ਦੀ ਵੱਡੀ ਹਿੱਸੇਦਾਰੀ ਦੇ ਸ਼ਿਕਾਰ ਹਨ। ਸਾਰੇ ਸੂਚੀਬੱਧ ਵਪਾਰਕ ਬੈਂਕਾਂ ਦੇ ਕੁੱਲ ਐੱਨ ਪੀ ਏਜ਼ ਮਾਰਚ 2016 ਤੱਕ 6.1 ਟ੍ਰਿਲੀਅਨ ਰੁਪਏ ਬਣਦੇ ਹਨ। ਸਮੇਂ ਦੇ ਨਾਲ ਅਸਾਸਿਆਂ ਦੀ ਗੁਣਵੱਤਾ ਅਤੇ ਮੁਨਾਫੇ ਵਿੱਚ ਵੀ ਗਿਰਾਵਟ ਆ ਰਹੀ ਹੈ। ਮਾਰਚ 2008 ਅਤੇ ਮਾਰਚ 2017 ਦਰਮਿਆਨ ਸਾਰੇ ਬੈਂਕਾਂ ਦੇ ਕੁੱਲ ਐਡਵਾਂਸ ਦੀ ਹਿੱਸੇਦਾਰੀ ਵਜੋਂ ਬੈਂਕਾਂ ਦੇ ਡੁੱਬ ਚੁੱਕੇ ਅਡਵਾਂਸ 3.5 ਪ੍ਰਤਿਸ਼ਤ ਤੋਂ ਵਧ ਕੇ 12.1 ਪ੍ਰਤਿਸ਼ਤ ਹੋ ਗਏ। 2016-17 ਦੇ ਪਹਿਲੇ ਅੱਧ ਦੌਰਾਨ ਬੈਂਕਾਂ ਦਾ ਪ੍ਰਾਫਿਟ ਆਫਟਰ ਟੈਕਸ (ਪੀ ਏ ਟੀ) ਸਾਲ ਦਰ ਸਾਲ ਅਧਾਰ ਤੋਂ ਘੱਟ ਹੁੰਦਾ ਗਿਆ। ਬੈਂਕਾਂ ਦੇ ਮੁਨਾਫੇ ਵਿੱਚ ਕਮੀ ਦਾ ਵੱਡਾ ਕਾਰਨ ਜੋਖ਼ਮ ਅਤੇ ਕਰਜ਼ੇ ਮਾਫ ਕਰਨ ਵਿੱਚ ਵੱਡਾ ਵਾਧਾ ਅਤੇ ਸ਼ੁੱਧ ਵਿਆਜ ਆਮਦਨ ਵਿੱਚ ਕਮੀ ਹੈ। ਬੈਂਕਿੰਗ ਖੇਤਰ ਉਤੇ ਦਬਾਅ ਦਾ ਨਤੀਜਾ ਉਦਯੋਗਿਕ ਕਰਜ਼ਿਆਂ ਵਿੱਚ ਖੜੋਤ ਦੇ ਰੂਪ ਵਿੱਚ ਨਿਕਲਿਆ ਹੈ। ਇਸ ਨਾਲ ਬੈਂਕਾਂ ਦੀ ਅੰਤਰਰਾਸ਼ਟਰੀ ਕਰਜ਼ੇ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਵੀ ਸੀਮਤ ਹੋ ਜਾਂਦੀ ਹੈ। ਜਨਵਰੀ 2017 ਵਿੱਚ ਉਦਯੋਗਿਕ ਖੇਤਰ ਦੀ ਕਰਜ਼ਾ ਵਾਧਾ ਦਰ ਘਟ ਕੇ 5.1 ਪ੍ਰਤਿਸ਼ਤ ਰਹਿ ਗਈ ਜੋ ਜਨਵਰੀ 2016 ਵਿੱਚ 5.6 ਪ੍ਰਤਿਸ਼ਤ ਸੀ। ਬੇਸਿਲ-3 ਅਧੀਨ ਬੈਂਕਾਂ ਵਲੋਂ ਉੱਚ ਪੂੰਜੀ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਨੂੰ ਵੀ ਐੱਨ ਪੀ ਏਜ਼ ਪ੍ਰਭਾਵਿਤ ਕਰਨਗੇ। ਇਹ ਲੋੜਾਂ ਜਨਵਰੀ 2019 ਤੋਂ ਅਮਲ ਵਿੱਚ ਆ ਜਾਣਗੀਆਂ।




ਸਰਕਾਰ ਵਲੋਂ ਇਸ ਚੁਨੌਤੀ ਦਾ ਮੁਕਾਬਲਾ ਕਰਨ ਲਈ ਪੈਸਾ ਬੈਂਕਾਂ ਨੂੰ ਦਿੱਤਾ ਗਿਆ ਹੈ। ਇੰਦਰਧਨੁਸ਼ ਯੋਜਨਾ ਅਧੀਨ 2015-16 ਵਿੱਚ ਪੁਨਰ ਪੂੰਜੀਕਰਨ ਲਈ ਚੁੱਕੇ ਗਏ ਕਦਮ ਸਰਕਾਰ ਵਲੋਂ ਐੱਨ ਪੀ ਏਜ਼ ਦੇ ਉੱਚ ਅਨੁਪਾਤ ਅਤੇ ਆਰਥਿਕਤਾ ਉਤੇ ਇਨ੍ਹਾਂ ਦੇ ਬੁਰੇ ਪ੍ਰਭਾਵਾਂ ਨੂੰ ਪਛਾਣਨ ਦੀ ਸ਼ਾਹਦੀ ਭਰਦੇ ਹਨ। ਨਾਂਹਵਾਚਕ ਪ੍ਰਭਾਵਾਂ ਵਿੱਚ ਬੈਂਕ ਕਰਜ਼ੇ ਵਿੱਚ ਹੋਰ ਕਮੀ, ਬੈਂਕਾਂ ਦਾ ਘੱਟ ਮੁਨਾਫਾ ਅਤੇ ਘਟ ਰਿਹਾ ਪੂੰਜੀ ਪੂਰਤੀ ਅਨੁਪਾਤ ਸ਼ਾਮਲ ਹਨ। ਇਨ੍ਹਾਂ ਦਾ ਮੁਕਾਬਲਾ ਕਰਨ ਲਈ ਵਿੱਤ ਮੰਤਰਾਲੇ ਵਲੋਂ 24 ਅਕਤੂਬਰ ਨੂੰ ਬੈਂਕਾਂ ਦੇ ਪੁਨਰ-ਪੂੰਜੀਕਰਨ ਲਈ 2.1 ਲੱਖ ਕਰੋੜ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਹੈ। ਇਹ ਪੈਸਾ ਨਾ ਸਿਰਫ ਜਨਤਕ ਖੇਤਰ ਦੇ ਬੈਂਕਾਂ ਨੂੰ ਉਨ੍ਹਾਂ ਦੀਆਂ ਘੱਟੋ-ਘੱਟ ਪੂੰਜੀ ਲੋੜਾਂ ਪੂਰੀਆਂ ਕਰਨ ਵਿੱਚ ਮਦਦ ਕਰੇਗਾ ਸਗੋਂ ਇਸ ਨਾਲ ਬੈਂਕਾਂ ਨੂੰ ਆਪਣੀਆਂ ਬੈਲੈਂਸ ਸ਼ੀਟਾਂ ਸਾਫ ਕਰਨ ਅਤੇ ਮਾੜੇ ਕਰਜ਼ੇ ਨੂੰ ਹੋਰ ਅੱਗੇ ਜਾਣ ਤੋਂ ਰੋਕਣ ਵਿੱਚ ਵੀ ਮਦਦ ਮਿਲੇਗੀ।

ਪੁਨਰ ਪੂੰਜੀਕਰਨ ਤੋਂ ਇਲਾਵਾ, ਇੰਦਰਧਨੁਸ਼ ਯੋਜਨਾ ਵਿੱਚ ਵਿਆਪਕ ਬੈਂਕਿੰਗ ਸੁਧਾਰ ਵੀ ਸ਼ਾਮਲ ਹਨ ਜੋ ਸੰਸਥਾਗਤ ਸ਼ਾਸਨ ਨੂੰ ਮਜਬੂਤੀ ਦੇਣ ਅਤੇ ਬੈਂਕਿੰਗ ਪ੍ਰਣਾਲੀ ਵਿੱਚ ਪ੍ਰੋਤਸਾਹਨ ਲਿਆਉਣ ਲਈ ਲੋੜੀਂਦੇ ਹਨ। ਇਸ ਦੇ ਸੱਤ ਬਿੰਦੂਆਂ ਵਿੱਚ ਜਵਾਬਦੇਹੀ ਦੇ ਢਾਂਚੇ ਦਾ ਨਿਰਮਾਣ, ਜਨਤਕ ਖੇਤਰ ਦੇ ਬੈਂਕਾਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਚੇਅਰਮੈਨ ਦੀ ਭੂਮਿਕਾ ਨੂੰ ਵੱਖੋ-ਵੱਖ ਕਰਨਾ, ਨਿਯੁਕਤੀਆਂ ਅਤੇ ਸ਼ਾਸਨ ਸੁਧਾਰਾਂ ਲਈ ਬੈਂਕ ਬੋਰਡ ਬਿਊਰੋ ਦਾ ਨਿਰਮਾਣ ਕਰਨਾ ਸ਼ਾਮਲ ਹੈ। ਪਰ ਅਮਲ ਅਧੂਰਾ ਹੈ। ਹੋਰ, ਦਿਵਾਲੀਆਪਨ ਕੋਡ (ਆਈ ਬੀ ਸੀ) ਵੀ ਐੱਨ ਪੀ ਏਜ਼ ਦੇ ਹੱਲ ਲਈ ਰਸਤਾ ਪ੍ਰਦਾਨ ਕਰਦਾ ਹੈ। ਇਸ ਅਧੀਨ ਬੈਂਕਾਂ ਅਤੇ ਪ੍ਰਮੋਟਰਾਂ ਨੂੰ 270 ਦਿਨਾਂ ਦੇ ਅੰਦਰ ਸਮਝੌਤੇ ਉਤੇ ਪੁੱਜਣ ਦੀ ਲੋੜ ਹੈ ਨਹੀਂ ਤਾਂ ਅਸਾਸੇ ਜਬਤ ਕਰ ਲਏ ਜਾਣਗੇ।

**ਚਿੱਤਰ-1 : ਜਮ੍ਹਾਂ ਪੈਸਾ ਬੈਂਕਾਂ ਦੇ ਅਸਾਸੇ ਤੋਂ ਕੁੱਲ ਘਰੇਲੂ ਉੱਤਪਾਦ (ਪ੍ਰਤਿਸ਼ਤ) 2015**




*ਸਰੋਤ: ਅੰਤਰਰਾਸ਼ਟਰੀ ਵਿੱਤੀ ਅੰਕੜੇ, ਆਲਮੀ ਮੁਦਰਾ ਕੋਸ਼ (ਆਈ ਐੱਮ ਐੱਫ)*

***ਵਿਸ਼ਵ ਸੰਦਰਭ - ਡੂੰਘਾਈ ਤੇ ਮੁਕਾਬਲਾ:*** ਵਿੱਤੀ ਗਹਿਰਾਈ ਜਾਂ ਬੈਂਕਾਂ ਦੇ ਅਕਾਰ, ਦੂਜੇ ਵਿੱਤੀ ਸੰਸਥਾਨਾਂ ਅਤੇ ਬਾਜ਼ਾਰ ਜੋ ਆਰਥਿਕ ਉਪਾਦਨ ਲਈ ਪ੍ਰਸੰਗਿਕ ਹਨ, ਦੇ ਮਾਮਲੇ ਵਿੱਚ ਭਾਰਤੀ ਬੈਂਕਾਂ ਵਿਸ਼ਵ ਦੇ ਹਮਰੁਤਬਾ ਨਾਲੋਂ ਪਿੱਛੇ ਹਨ। ਬੈਂਕਿੰਗ ਪ੍ਰਣਾਲੀ ਦੇ ਮੁਕਾਬਲੇ ਅਕਾਰ ਉਤੇ ਕਬਜਾ ਕਰਨ ਲਈ ਨਾ ਸਿਰਫ ਵਿੱਤੀ ਗਹਿਰਾਈ ਮਾਇਨੇ ਰੱਖਦੀ ਹੈ ਸਗੋਂ ਇਸ ਦਾ ਆਰਥਿਕ ਵਿਕਾਸ ਅਤੇ ਗਰੀਬੀ ਘੱਟ ਕਰਨ ਨਾਲ ਵੀ ਹਾਂ-ਵਾਚਕ ਸੰਬੰਧ ਹੈ। ਭਾਰਤ ਤੋਂ ਰਾਜ ਪੱਧਰੀ ਅੰਕੜਿਆਂ ਦੀ ਵਰਤੋਂ ਕਰਕੇ ਕੀਤੇ ਗਏ ਅਧਿਐਨ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਵਿੱਤੀ ਗਹਿਰਾਈ ਨੇ ਪੇਂਡੂ ਖੇਤਰਾਂ ਵਿੱਚ ਗਰੀਬੀ ਹਟਾਉਣ ਲਈ ਯੋਗਦਾਨ ਪਾਇਆ ਹੈ। ਚਿੱਤਰ-1 ਵਿੱਚ ਭਾਰਤ ਅੰਦਰ ਕੁੱਲ ਘਰੇਲੂ ਉਤਪਾਦ ਦੇ ਹਿੱਸੇ ਵਜੋਂ ਬੈਂਕਾਂ ਦੇ ਅਸਾਸਿਆਂ ਅਤੇ ਚੋਣਵੇਂ ਤੁਲਨਾਤਮਕਾਂ ਨੂੰ ਦਿਖਾਇਆ ਗਿਆ ਹੈ। ਦੂਸਰੇ ਉੱਭਰ ਰਹੇ ਅਰਥਚਾਰਿਆਂ ਦੇ ਮੁਕਾਬਲੇ ਭਾਰਤ ਦੇ ਕੁੱਲ ਘਰੇਲੂ ਉਤਪਾਦ ਨੂੰ ਨਿੱਜੀ ਕਰਜ਼ੇ ਅਤੇ ਕ੍ਰੈਡਿਟ ਤੋਂ ਜਮ੍ਹਾਂ ਅਨੁਪਾਤ ਦੇ ਪੱਧਰ ਵੀ ਘੱਟ ਹਨ। 2015 ਵਿੱਚ ਭਾਰਤ ਦੀ ਨਿੱਜੀ ਕ੍ਰੈਡਿਟ ਤੋਂ ਕੁੱਲ ਘਰੇਲੂ ਉਤਪਾਦ ਅਨੁਪਾਤ 50.2 ਪ੍ਰਤਿਸ਼ਤ ਸੀ ਜੋ ਚੀਨ ਵਿੱਚ 14 ਪ੍ਰਤਿਸ਼ਤ, ਬਰਾਜ਼ੀਲ ਵਿੱਚ 71 ਪ੍ਰਤਿਸ਼ਤ ਸੀ। ਇਸੇ ਤਰ੍ਹਾਂ ਹੀ, ਬੈਂਕ ਜਮ੍ਹਾਂ ਦੇ ਅਨੁਪਾਤ ਵਜੋਂ ਬੈਂਕ ਕ੍ਰੈਡਿਟ ਭਾਰਤ ਵਿੱਚ 77 ਪ੍ਰਤਿਸ਼ਤ ਸੀ ਜਦ ਕਿ 2015 ਵਿੱਚ ਬਰਾਜ਼ੀਲ ਵਿੱਚ ਇਹ ਅਨੁਪਾਤ 11.9 ਪ੍ਰਤਿਸ਼ਤ ਅਤੇ ਚੀਨ ਵਿੱਚ 312 ਪ੍ਰਤਿਸ਼ਤ ਸੀ।

ਵੱਡੇ ਬੈਂਕਾਂ ਦੀ ਬੈਂਕਿੰਗ ਪ੍ਰਣਾਲੀ ਵਿੱਚ ਅਜਾਰੇਦਾਰੀ ਹੈ ਜਦ ਕਿ ਨਵੇਂ ਦਾਖਲੇ ਕੁਝ ਇਕ ਹੀ ਹਨ। ਮਾਰਚ 2016 ਸਿਖਰਲੇ 10 ਬੈਂਕਾਂ (ਅਸਾਸਿਆਂ ਦੇ ਹਿਸਾਬ ਨਾਲ) ਕੋਲ ਇਸ ਪ੍ਰਣਾਲੀ ਦੇ ਕੁੱਲ ਅਸਾਸਿਆਂ ਦੀ 58 ਪ੍ਰਤਿਸ਼ਤ ਮਾਲਕੀ ਸੀ। 1991 ਤੋਂ ਲੈ ਕੇ ਯੂਨੀਵਰਸਲ ਬੈਂਕਾਂ ਲਈ ਸਿਰਫ 14 ਲਾਇਸੰਸ ਹੀ ਦਿੱਤੇ ਗਏ ਹਨ। ਇਸ ਤੋਂ ਉਲਟ, 1976 ਤੋਂ 2009 ਦਰਮਿਆਨ ਅਮਰੀਕਾ ਵਿੱਚ ਸਾਲਾਨਾ ਔਸਤਨ 130 ਨਵੇਂ ਬੈਂਕਾਂ ਨੂੰ ਅਧਿਕਾਰ ਦਿੱਤੇ ਗਏ ਹਨ। ਭਾਰਤ ਵਿੱਚ ਵਿਦੇਸ਼ੀ ਬੈਂਕਾਂ ਦੀ ਸੰਖਿਆ ਹਾਲੇ ਵੀ ਘੱਟ ਹੈ। ਮਾਰਚ 2016 ਤੱਕ ਵਿਦੇਸ਼ੀ ਬੈਂਕਾਂ ਕੋਲ ਕੁੱਲ ਬੈਂਕਿੰਗ ਅਸਾਸਿਆਂ ਦਾ 6 ਪ੍ਰਤਿਸ਼ਤ ਹਿੱਸਾ ਸੀ।

***ਅਗਾਂਹ ਦਾ ਰਸਤਾ :*** ਭਵਿੱਖ ਵਿੱਚ ਭਾਰਤ ਨੂੰ ਜ਼ਿਆਦਾ ਵਿਆਪਕ ਅਤੇ ਚੰਗੀ ਤਰ੍ਹਾਂ ਪੂੰਜੀਕ੍ਰਿਤ ਬੈਂਕਿੰਗ ਪ੍ਰਣਾਲੀ ਲਈ ਯਤਨ ਕਰਨੇ ਚਾਹੀਦੇ ਹਨ ਜਿਸ ਕੋਲ ਕਰਜ਼ਾ ਦੇਣ ਦੀ ਸਮਰੱਥਾ ਅਤੇ ਪ੍ਰੋਤਸਾਹਨ ਢਾਂਚਾ ਹੋਵੇ ਜੋ ਸਰੋਤਾਂ ਦੇ ਉਤਪਾਦਨ ਆਵੰਟਨ ਲਈ ਢੁੱਕਵਾਂ ਹੋਵੇ। ਵਿਆਪਕ ਬੈਂਕਿੰਗ ਪ੍ਰਣਾਲੀ ਦਾ ਵਿਕਾਸ ਕਰਨ ਲਈ ਪੁਨਰ ਪੂੰਜੀਕਰਨ ਦੇ ਨਾਲ-ਨਾਲ ਕਈ ਹੋਰ ਕਦਮ ਵੀ ਚੁੱਕਣੇ ਪੈਣਗੇ ਜਿਵੇਂ ਕਾਰਪੋਰੇਟ ਸ਼ਾਸਨ ਸੁਧਾਰ, ਘੱਟ ਦਾਖਲਾ ਔਕੜਾਂ, ਵਿੱਤੀ ਨਿਗਰਾਨੀ ਵਿੱਚ ਸੁਧਾਰ, ਗਤੀਸ਼ੀਲ ਕਾਰਪੋਰੇਟ ਕਰਜ਼ਾ ਬਾਜ਼ਰਾਂ ਦਾ ਵਿਕਾਸ ਤੇ ਕਰਜ਼ਾ ਵਸੂਲੀ ਦਾ ਕੁਸ਼ਲ ਤੰਤਰ।

ਤਿੰਨ ਖ਼ਾਸ ਖੇਤਰਾਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ। ਪਹਿਲਾ ਹੈ ਸ਼ਾਸਨ ਵਿੱਚ ਸੁਧਾਰ ਅਤੇ ਸੰਸਥਾਨਾਂ ਦੀ ਮਜਬੂਤੀ, ਖ਼ਾਸ ਕਰਕੇ ਜਨਤਕ ਖੇਤਰ ਦੇ ਬੈਂਕਾਂ ਦੀ। ਸੂਚੀਬੱਧਤਾ ਦੇ ਮਾਮਲੇ ਵਿੱਚ ਇਹ ਸੁਧਾਰ ਉਨੇ ਹੀ ਮਹੱਤਵਪੂਰਨ ਹਨ ਜਿੰਨਾ ਪੁਨਰ-ਪੂੰਜੀਕਰਨ ਅਤੇ ਇਨ੍ਹਾਂ ਨੂੰ ਨਾਲੋ-ਨਾਲ ਕਰਨ ਦੀ ਜ਼ਰੂਰਤ ਪਵੇਗੀ। ਵਿਸ਼ਵ ਦੀਆਂ ਉਦਾਹਰਣਾਂ ਐੱਨ ਪੀ ਏਜ਼ ਨਾਲ ਸਿੱਝਣ ਲਈ ਬੈਂਕਿੰਗ ਖੇਤਰ ਦੇ ਸੁਧਾਰਾਂ ਨੂੰ ਉਜਾਗਰ ਕਰਦੀਆਂ ਹਨ। ਮਿਸਾਲ ਦੇ ਲਈ ਚੀਨ ਵਿੱਚ ਪੁਨਰ ਪੂੰਜੀਕਰਨ ਤੋਂ ਇਲਾਵਾ, ਬੈਂਕਿੰਗ ਖੇਤਰ ਦੇ ਸੁਧਾਰਾਂ ਦਾ ਮੁੱਖ ਬਿੰਦੂ ਵਿੱਤੀ ਨਿਯਮਨ ਅਤੇ ਨਿਗਰਾਨੀ ਦੀ ਮਜਬੂਤੀ, ਕਾਰਪੋਰੇਟ ਸ਼ਾਸਨ ਵਿੱਚ ਸੁਧਾਰ ਅਤੇ ਪਾਰਦਰਸ਼ਤਾ ਵਿੱਚ ਵਾਧਾ ਕਰਨਾ ਸੀ। ਇਸੇ ਤਰ੍ਹਾਂ ਹੀ ਦੱਖਣੀ ਕੋਰੀਆ ਵਲੋਂ 1990ਵਿਆਂ ਦੇ ਅਖੀਰ ਦੇ ਪੂਰਬੀ ਏਸ਼ਿਆਈ ਵਿੱਤੀ ਸੰਕਟ ਤੋਂ ਬਾਅਦ ਵਿੱਤੀ ਨਿਗਰਾਨ ਸੇਵਾਵਾਂ (ਐੱਫ ਐੱਸ ਐੱਸ) ਦਾ ਨਿਰਮਾਣ ਕੀਤਾ ਗਿਆ ਤਾਂ ਜੋ ਉਨ੍ਹਾਂ ਦੇ ਬੈਂਕਾਂ ਵਿੱਚ ਨਿਗਰਾਨੀ ਯਕੀਨੀ ਬਣਾਈ ਜਾ ਸਕੇ। ਕਿਸੇ ਹੱਦ ਤੱਕ ਸਰਕਾਰ ਵਲੋਂ ਪਹਿਲਾਂ ਹੀ ਬੈਂਕਾਂ ਦੇ ਚੰਗੇ ਸ਼ਾਸਨ ਦੀ ਲੋੜ ਦਾ ਅਹਿਸਾਸ ਕਰ ਲਿਆ ਗਿਆ ਹੈ। ਇੰਦਰਧਨੁਸ਼ ਯੋਜਨਾ ਵਿੱਚ ਬੈਂਕ ਅਧਿਕਾਰੀਆਂ ਦੇ ਰੋਜ਼ਗਾਰ ਉਤੇ ਨਜ਼ਰ ਰੱਖਣ ਲਈ ਇਕ ਆਜ਼ਾਦ ਬੈਂਕ ਬੋਰਡ ਬਿਊਰੋ ਬਣਾਉਣ ਦਾ ਸੁਝਾਅ ਦਿੱਤਾ ਗਿਆ ਹੈ। ਜੇ ਸਹੀ ਅਰਥਾਂ ਵਿੱਚ ਆਜ਼ਾਦ ਬਿਊਰੋ ਬਣ ਜਾਂਦਾ ਹੈ ਤਾਂ ਇਸ ਦਾ ਜਨਤਕ ਖੇਤਰ ਦੇ ਬੈਂਕਾਂ ਦੇ ਸ਼ਾਸਨ ਉਤੇ ਵੱਡਾ ਪ੍ਰਭਾਵ ਪਵੇਗਾ। ਜ਼ਿਆਦਾ ਜਵਾਬਦੇਹੀ ਯਕੀਨੀ ਬਣਾਵੇਗੀ ਕਿ ਬੈਂਕਾਂ ਵਲੋਂ ਕਰਜ਼ਾ ਦੇਣ ਦੀਆਂ ਪ੍ਰਥਾਵਾਂ ਕਰਜ਼ੇ ਦੇ ਉਤਪਾਦਕ ਆਵੰਟਨ ਦੇ ਅਨੁਸਾਰ ਹੋਣ। ਸਾਨੂੰ ਯਕੀਨੀ ਬਣਾਉਣ ਦੀ ਲੋੜ ਹੈ ਅਮਲ ਸਮਾਂਬੱਧ ਤਰੀਕੇ ਨਾਲ ਹੋਵੇ।

ਸੁਧਾਰਾਂ ਦਾ ਦੂਜਾ ਖੇਤਰ ਕਾਰਪੋਰੇਟ ਬਾਂਡ ਬਾਜ਼ਾਰਾਂ ਦਾ ਵਿਕਾਸ ਕਰਨਾ ਹੈ। ਬਾਂਡ ਬਾਜ਼ਾਰਾਂ ਵਲੋਂ ਵਿੱਤ ਦੇ ਮਹੱਤਵਪੂਰਨ ਸਰੋਤ ਵਜੋਂ ਬੈਂਕਾਂ ਦੇ ਪੂਰਕ ਬਣਨ ਦੀ ਲੋੜ ਹੈ। ਨਕਦ ਅਤੇ ਦੂਜੇ ਬਾਂਡ ਬਾਜ਼ਾਰ ਫਾਰਮਾਂ ਨੂੰ ਘੱਟ ਲਾਗਤ ਉਤੇ ਕਰਜ਼ਾ ਲੈਣ ਵਿੱਚ ਸਹਾਈ ਹੋਣਗੇ। ਸਮੇਂ ਦੇ ਨਾਲ, ਕਾਰਪੋਰੇਟ ਕਰਜ਼ੇ ਦੇ ਸਰੋਤ ਦੇ ਤੌਰ ਤੇ ਬਾਂਡ ਬਾਜ਼ਾਰਾਂ ਦੀ ਹਿੱਸੇਦਾਰੀ ਵਧ ਜਾਵੇਗੀ ਅਤੇ ਉਧਾਰ ਦੇਣ ਦੇ ਮਾਮਲੇ ਵਿੱਚ ਬੈਂਕਾਂ ਦੀ ਹਿੱਸੇਦਾਰੀ ਵਿੱਚ ਕਮੀ ਆਵੇਗੀ।

ਬੈਂਕਿੰਗ ਖੇਤਰ ਸੁਧਾਰਾਂ ਦਾ ਤੀਜਾ ਖੇਤਰ ਬੈਂਕਿੰਗ ਖੇਤਰ ਨੂੰ ਹੋਰ ਜ਼ਿਆਦਾ ਮੁਕਾਬਲੇਬਾਜ਼ੀ ਵਾਲਾ ਬਣਾਉਣਾ ਹੈ। ਭਾਰਤ ਨੂੰ ਨਿੱਜੀ ਅਤੇ ਵਿਦੇਸ਼ੀ ਬੈਂਕਾਂ ਦੇ ਦਾਖਲੇ ਦੀ ਹੌਸਲਾ ਅਫ਼ਜ਼ਾਈ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਇਸ ਖੇਤਰ ਵਿੱਚ ਵਧੇਰੇ ਮੁਕਾਬਲੇਬਾਜ਼ੀ ਤੇ ਨਵੀਨਤਾ ਆਵੇ।

"ਅਨ ਟੈਪ" ਨਾਮਕ ਬੈਂਕਾਂ ਦੇ ਲਾਇਸੰਸ ਦੀ ਨਵੀਂ ਨੀਤੀ ਇਸ ਦਿਸ਼ਾ ਵੱਲ ਇਕ ਹਾਂ-ਪੱਖੀ ਕਦਮ ਹੈ। ਪਰ ਦਾਖਲੇ ਦੇ ਰਸਤੇ ਵਿਚਲੀਆਂ ਰੁਕਾਵਟਾਂ ਨੂੰ ਘੱਟ ਕਰਨ ਲਈ ਦਾਖਲਾ ਲੋੜਾਂ ਵਿੱਚ ਛੋਟ ਦਿੱਤੀ ਜਾ ਸਕਦੀ ਹੈ। ਸਹਾਇਕ ਢਾਂਚੇ ਦੀ ਵਕਾਲਤ ਨਾ ਸਿਰਫ ਵਿਦੇਸ਼ੀ ਬੈਂਕਾਂ ਦੇ ਭਾਰਤੀ ਬੈਂਕਿੰਗ ਖੇਤਰ ਵਿੱਚ ਦਾਖਲੇ ਨੂੰ ਉਤਸ਼ਾਹਿਤ ਕਰੇਗੀ ਬਲਕਿ ਵਿਸ਼ਵ ਦੇ ਝਟਕਿਆਂ ਵਿੱਚ ਵੀ ਕਮੀ ਆਵੇਗੀ। ਲੰਮੇ ਸਮੇਂ ਵਿੱਚ, ਜ਼ਿਆਦਾ ਮੁਕਾਬਲੇਬਾਜ਼ੀ ਇਸ ਖੇਤਰ ਦੀ ਕੁਸ਼ਲਤਾ ਅਤੇ ਮੁਨਾਫੇ ਵਿੱਚ ਵਾਧਾ ਕਰੇਗੀ।

ਇਤਿਹਾਸਕ ਤੌਰ ਤੇ ਭਾਰਤ ਦੇ ਬੈਂਕਿੰਗ ਖੇਤਰ ਦੇ ਸੁਧਾਰ, ਖ਼ਾਸ ਕਰਕੇ 1990ਵਿਆਂ ਵਿੱਚ - ਦਾ ਕੇਂਦਰ ਬਿੰਦੂ ਮੁਕਾਬਲੇਬਾਜ਼ੀ ਵਿੱਚ ਵਾਧਾ, ਸ਼ਾਸਨ ਦੀ ਮਜਬੂਤੀ ਅਤੇ ਨਿਯਮਨ ਰਿਹਾ ਹੈ। ਭਵਿੱਖੀ ਸੁਧਾਰਾਂ ਦਾ ਨਿਰਮਾਣ ਇਨ੍ਹਾਂ ਖੇਤਰਾਂ ਦੇ ਅਧਾਰ ਉਤੇ ਹੋਣਾ ਚਾਹੀਦਾ ਹੈ ਅਤੇ ਪਿਛਲੇ ਅਨੁਭਵਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ।

*(ਲੇਖਿਕਾ ਨੀਤੀ ਆਯੋਗ ਵਿੱਚ ਅਰਥਸ਼ਾਸਤਰੀ ਦੇ ਤੌਰ ਕੰਮ ਕਰ ਰਹੀ ਹੈ। ਇਨ੍ਹਾਂ ਨੇ ਵਪਾਰ, ਵਿੱਤ ਅਤੇ ਨਿੱਜੀ ਖੇਤਰ ਵਿੱਚ ਵੀ ਕੰਮ ਕੀਤਾ ਹੈ। )*

*e-mail :atisha.kumar@nic.in*

# ਆਰਥਿਕ ਕਾਇਆਪਲਟ ਦੇ ਹਮਾਇਤੀ

ਵਿਵੇਕ ਕੁਮਾਰ, ਸੰਕੇਤ ਟੰਡਨ, ਸ਼ੁਭੱਦਾ ਰਾਓ

**ਨਵੇਂ ਯੁੱਗ ਦੇ ਵਿਸ਼ੇਸ਼ ਬੈਂਕਾਂ ਦੇ ਆਗਮਨ ਨਾਲ ਭਾਰਤ ਦੇ ਬੈਂਕਿੰਗ ਧਰਾਤਲ ਉਤੇ ਇਕ ਬਦਲਾਅ ਵੇਖਣ ਨੂੰ ਮਿਲੇਗਾ। ਨਵੀਂ ਖੋਜ, ਮੁਕਾਬਲਾ ਅਤੇ ਵਪਾਰ ਵਿੱਚ ਬਣੇ ਰਹਿਣ ਦੀ ਚਾਹ ਤਾਲਮੇਲ ਵਾਲੇ ਸੁਦ੍ਰਿੜੀਕਰਨ ਦਾ ਰਾਹ ਪੱਧਰਾ ਕਰੇਗੀ।**

ਹੁਣ ਜਦੋਂ ਭਾਰਤ ਦਾ ਅਰਥਚਾਰਾ 2018 ਵਿੱਚ ਦਾਖਲ ਹੋ ਰਿਹਾ ਹੈ, ਪੂਰੀ ਸੰਭਾਵਨਾ ਹੈ ਕਿ ਇਹ ਵਿਚਾਰਸ਼ੀਲ ਪ੍ਰੋੜ੍ਹ ਗਹਿਰਾ ਬਦਲਾਅ ਹੋਵੇਗਾ। ਪਹਿਲੀ ਵਾਰ ਦੇਸ਼ ਦੀ ਪ੍ਰਤਿ ਵਿਅਕਤੀ ਡਾਲਰ ਵਿੱਚ ਆਮਦਨ 2000 ਦੇ ਅੰਕੜੇ ਨੂੰ ਛੂਹ ਲਵੇਗੀ। ਇਕ ਅਜਿਹੀ ਡਿਉੜੀ, ਜੋ ਵਿਸ਼ਵ ਆਰਥਿਕ ਇਤਿਹਾਸ ਵਿੱਚ ਆਮ ਤੌਰ ਤੇ ਘਰੇਲੂ ਖਪਤ ਵਿੱਚ ਤਰ੍ਹਾਂ-ਤਰ੍ਹਾਂ ਦੇ ਪਸਾਰ ਨਾਲ ਜੁੜੀ ਹੋਈ ਹੈ ਜਿਸ ਵਿੱਚ ਵਾਜਬਤਾ ਵਿੱਚ ਸੁਧਾਰ ਵਿਲਾਸਤਾ ਤੋਂ ਬਦਲ ਕੇ ਜ਼ਰੂਰਤ ਵਿੱਚ ਤਬਦੀਲ ਹੋ ਰਿਹਾ ਹੈ।

ਭਾਰਤ ਦੀ ਬੈਂਕਿੰਗ ਪ੍ਰਣਾਲੀ ਨੂੰ ਆਰਥਿਕ ਬਦਲਾਅ ਵਿੱਚ ਇਕ ਨਾਇਕ ਦੀ ਭੂਮਿਕਾ ਅਦਾ ਕਰਨੀ ਹੋਵੇਗੀ। ਨਾ ਕੇਵਲ ਅਸੀਂ ਬੈਂਕਿੰਗ ਸੇਵਾਵਾਂ ਵਿੱਚ ਇਕ ਨਿਰੰਤਰ ਉਭਾਰ ਵੇਖਣ ਜਾ ਰਹੇ ਹਾਂ, ਸਗੋਂ ਅਸੀਂ ਹੱਲਾਂ ਅਤੇ ਡਲਿਵਰੀ ਦੇ ਵਧ ਰਹੇ ਆਧੁਨਿਕੀਕਰਨ ਦੇ ਵੀ ਗਵਾਹ ਬਣਾਂਗੇ।

## ਬੈਂਕਿੰਗ ਖੇਤਰ ਵਲੋਂ ਪਿਛਲੇ ਸੁਧਾਰਾਂ ਪ੍ਰਤਿ ਕਿਸ ਤਰ੍ਹਾਂ ਦਾ ਹੁੰਗਾਰਾ ਭਰਿਆ ਗਿਆ?

ਇਸ ਸਫਰ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਇਕ ਛੋਟਾ ਤੇ ਇਤਿਹਾਸਕ ਚੱਕਰ ਲਾਉਣਾ ਸਿੱਖਿਆਦਾਇਕ ਹੋਵੇਗਾ। 1969/1980 ਵਿੱਚ ਬੈਂਕਾਂ ਦੇ ਕੌਮੀਕਰਨ ਤੋਂ ਬਾਅਦ, ਭਾਰਤ ਵਿੱਚ ਬੈਂਕਿੰਗ ਖੇਤਰ ਨੇ 1991 ਦੇ ਕਾਲ ਤੋਂ ਬਾਅਦ ਦੂਰਗਾਮੀ ਸੁਧਾਰਾਂ ਦਾ ਅਗਲਾ ਦੌਰ/ਪੜਾਅ ਵੇਖਿਆ। ਕ੍ਰੈਡਟ ਪ੍ਰਕਿਰਿਆਵਾਂ ਅਤੇ ਵਿਆਜ ਦਰ ਢਾਂਚੇ ਤੋਂ ਨਿਯੰਤ੍ਰਣ ਹਟਣਾ, ਪੂਰਵ ਉਤਸਰਜਨ ਵਿੱਚ ਹੌਲੀ-ਹੌਲੀ ਕਮੀ, ਸੀ ਬੀ ਐੱਸ ਵੱਲ ਤਬਾਦਲਾ ਅਤੇ ਨਵੇਂ ਯੁਗ ਦੇ ਨਿੱਜੀ ਖੇਤਰ ਦੇ ਬੈਂਕਾਂ ਨੂੰ ਲਾਇਸੰਸ ਦੇਣ ਨਾਲ 2000ਵਿਆਂ ਵਿੱਚ ਬੈਂਕਿੰਗ ਸੇਵਾਵਾਂ ਦੇ ਤੇਜ਼ੀ ਨਾਲ ਪਸਾਰ ਦਾ ਮੰਚ ਤਿਆਰ ਹੋ ਗਿਆ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਜਮ੍ਹਾਂ ਰਕਮ ਦੀ ਗਹਿਰਾਈ ਵਿੱਚ ਵਰ੍ਹੇ 1997 ਦੇ 35.6 ਪ੍ਰਤਿਸ਼ਤ ਦੇ ਮੁਕਾਬਲੇ ਵਿੱਤ ਵਰ੍ਹੇ 2007 ਵਿੱਚ ਵਧ ਕੇ ਕੁੱਲ ਘਰੇਲੂ ਉਤਪਾਦ ਦਾ 60.8 ਪ੍ਰਤਿਸ਼ਤ ਹੋ ਗਈ। ਜਦ ਕਿ ਕਰਜ਼ ਤੀਬਰਤਾ ਵਿੱਚ ਵਰ੍ਹੇ 1997 ਦੇ 19.6 ਪ੍ਰਤਿਸ਼ਤ ਤੋਂ ਵਧ ਕੇ ਵਿੱਤ ਵਰ੍ਹੇ 2007 ਵਿੱਚ ਕੁੱਲ ਘਰੇਲੂ ਉਤਪਾਦ ਦਾ 45.0 ਪ੍ਰਤਿਸ਼ਤ ਹੋ ਗਈ। ਅਗਲੇ ਦਸ ਸਾਲਾਂ ਵਿੱਚ ਕੁੱਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਜਮ੍ਹਾਂ ਅਤੇ ਕਰਜ਼ ਅਨੁਪਾਤ ਵਧ ਕੇ ਕ੍ਰਮਵਾਰ 71.2 ਪ੍ਰਤਿਸ਼ਤ ਅਤੇ 51.9 ਪ੍ਰਤਿਸ਼ਤ (ਵਿੱਤ ਵਰ੍ਹਾ 2017) ਹੋ ਗਿਆ, ਬਾਵਜੂਦ ਬਾਜ਼ਾਰ ਵਿੱਚ ਕਾਫੀ ਵਿੱਤੀ ਅਤੇ ਆਰਥਿਕ ਉਥਲ-ਪੁਥਲ ਹੋਣ ਦੇ, 2008 ਦੇ ਵਿਸ਼ਵ ਵਿੱਤੀ ਸੰਕਟ ਤੋਂ ਲੈ ਕੇ।

ਪਸਾਰ ਦੇ ਦੌਰ ਦੀ ਸ਼ੁਰੂਆਤ (1990ਵਿਆਂ ਵਿੱਚ) ਜਨਤਕ ਖੇਤਰ ਦੇ ਬੈਂਕਾਂ ਦੀ ਝੰਡੀ ਸੀ। ਪਰ ਇਸ ਵਿੱਚ ਹੌਲੀ-ਹੌਲੀ ਬਦਲਾਅ ਆਉਣਾ ਸ਼ੁਰੂ ਹੋ ਗਿਆ ਜਿਵੇਂ-ਜਿਵੇਂ ਨਿੱਜੀ ਖੇਤਰ ਦੇ ਬੈਂਕ ਛੋਟੇ ਖਿਡਾਰੀਆਂ ਤੋਂ ਬਦਲ ਕੇ ਅਰਥਚਾਰੇ ਵਿੱਚ ਕਰਜ਼ ਦਾ ਫੈਲਾਅ ਕਰਨ ਵਾਲੇ ਪ੍ਰਮੁੱਖ ਖਿਡਾਰੀ ਬਣ ਗਏ। ਇਹ ਇਸ ਤੱਥ ਤੋਂ ਸਪੱਸ਼ਟ ਹੈ 2007 ਵਿੱਤ ਵਰ੍ਹੇ ਤੱਕ ਨਿੱਜੀ ਖੇਤਰ ਦੇ ਬੈਂਕਾਂ ਦੀ ਬਕਾਇਆ ਕਰਜ਼ੇ ਵਿੱਚ ਹਿੱਸੇਦਾਰੀ 20 ਪ੍ਰਤਿਸ਼ਤ ਸੀ ਜੋ ਵਿੱਤ ਵਰ੍ਹੇ 2017 ਵਿੱਚ 29 ਪ੍ਰਤਿਸ਼ਤ ਹੈ। ਵਾਧੇ ਦੇ ਕਰਜ਼ ਵਿੱਚ ਹਿੱਸੇਦਾਰੀ ਹੋਰ ਵੀ ਜ਼ਿਆਦਾ ਹੈ। 75 ਪ੍ਰਤਿਸ਼ਤ ਵਾਧੇ ਵਾਲਾ ਕਰਜ਼ ਨਿੱਜੀ ਖੇਤਰ ਦੇ ਬੈਂਕਾਂ ਵਲੋਂ ਦਿੱਤਾ ਜਾ ਰਿਹਾ ਹੈ। ਦਲੀਲ ਦਿੱਤੀ ਜਾ ਸਕਦੀ ਹੈ ਕਿ ਅਸਾਸਿਆਂ ਦੀ ਗੁਣਵੱਤਾ ਦੇ ਮੁੱਦਿਆਂ ਕਾਰਨ

ਕੇ ਵੀ ਬੀ ਕਾਰੂਰ ਵੈਸ਼ਯਾ ਬੈਂਕ
Smart Way to Bank

ਜੇ ਐਂਡ ਕੇ ਬੈਂਕ
Serving To Empower

ਐਕਸਿਸ ਬੈਂਕ

**ਭਾਰਤ ਵਿੱਚ 10 ਪ੍ਰਮੁੱਖ ਨਿੱਜੀ ਖੇਤਰ ਦੀਆਂ ਬੈਂਕਾਂ**

ਫੈਡਰਲ ਬੈਂਕ
YOUR PERFECT BANKING PARTNER

ਐੱਚ ਡੀ ਐੱਫ ਸੀ ਬੈਂਕ
we understand your world

ਕੋਟਕ
ਕੋਟਕ ਮਹਿੰਦਰਾ ਬੈਂਕ

ਆਈ ਸੀ ਆਈ ਸੀ ਆਈ ਬੈਂਕ

ਇੰਗ ਬੈਂਕ

ਇੰਦੂਸਿੰਧ ਬੈਂਕ

ਯੈੱਸ ਬੈਂਕ

ਉਪਰੋਕਤ ਅੰਕੜੇ ਪੱਖਪਾਤੀ ਹਨ ਜੋ ਜਨਤਕ ਖੇਤਰ ਦੇ ਬੈਂਕਾਂ ਦੀ ਕਾਰਗੁਜ਼ਾਰੀ ਨੂੰ ਘਟਾ ਕੇ ਵੇਖਣ ਦਾ ਕਾਰਨ ਬਣ ਰਹੇ ਹਨ। ਭਾਵੇਂ ਕਿ ਉਨ੍ਹਾਂ ਨੇ ਆਪਣੇ-ਆਪਣੇ ਦਾਅ ਖੇਡੇ ਹਨ। ਕਰਜ਼ੇ ਲਈ ਬਾਜ਼ਾਰ ਹਿੱਸੇਦਾਰੀ ਵਿੱਚ ਪ੍ਰਾਪਤੀ ਦੀ ਖੇਡ 2010 ਤੋਂ ਜਾਰੀ ਹੈ ਕਿਉਂਕਿ ਨਿੱਜੀ ਖੇਤਰ ਦੇ ਬੈਂਕਾਂ ਦੇ ਕਰਜ਼ੇ ਦੇ ਵਿਕਾਸ ਨੇ ਜਨਤਕ ਖੇਤਰ ਦੇ ਬੈਂਕਾਂ ਨੂੰ ਲਗਾਤਾਰ ਪਿੱਛੇ ਛੱਡਿਆ ਹੈ।

**ਨਿੱਜੀ ਖੇਤਰ ਦੇ ਬੈਂਕਾਂ ਦੇ ਤੇਜ਼ ਰਫ਼ਤਾਰ ਵਿਕਾਸ ਦਾ ਕਾਰਨ ਇਹ ਸੱਚਾਈ ਹੈ ਕਿ ਉਹ ਗਾਹਕਾਂ ਦੀਆਂ ਨਿੱਤ ਨਵੀਆਂ ਲੋੜਾਂ ਮੁਤਾਬਕ ਆਪਣੇ-ਆਪ ਨੂੰ ਫੁਰਤੀ ਨਾਲ ਅਨੁਕੂਲ ਕਰ ਲੈਂਦੇ ਹਨ। ਨਿੱਜੀ ਖੇਤਰ ਦੇ ਬੈਂਕ ਬੇਹਤਰ ਗਾਹਕ ਅਨੁਭਵ ਤੇ ਆਪਣਾ ਧਿਆਨ ਕੇਂਦਰਿਤ ਕਰਕੇ ਆਪਣੇ-ਆਪ ਨੂੰ ਵੱਖਰਾ ਕਰਨ ਵਿੱਚ ਵੀ ਸਫਲ ਰਹੇ ਹਨ। ਇਹ ਇਸ ਤੱਥ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦੇ ਨਾਲ ਹੀ ਨਾਲ ਨਿੱਜੀ ਖੇਤਰ ਦੇ ਬੈਂਕ ਜਮ੍ਹਾਂ ਰਾਸ਼ੀ ਦਾ ਇਕ ਵੱਡਾ ਹਿੱਸਾ ਇਕੱਤਰ ਕਰਨ ਵਿੱਚ ਵੀ ਕਾਮਯਾਬ ਰਹੇ ਹਨ। ਨਿੱਜੀ ਖੇਤਰ ਦੇ ਬੈਂਕਾਂ ਦੀ ਜਮ੍ਹਾਂ ਰਾਸ਼ੀ ਦੀ ਮਾਲਕੀ ਵਿੱਤ ਵਰ੍ਹੇ 2007 ਦੇ 20 ਪ੍ਰਤਿਸ਼ਤ ਤੋਂ ਵਧ ਕੇ ਵਿੱਤ ਵਰ੍ਹੇ 2017 ਵਿੱਚ 24 ਪ੍ਰਤਿਸ਼ਤ ਹੋ ਗਈ ਹੈ।**

ਪਿਛਲੇ 10 ਸਾਲਾਂ ਦੌਰਾਨ ਜਿਹੜੇ ਤੱਤਾਂ ਨੇ ਨਿੱਜੀ ਖੇਤਰ ਦੇ ਬੈਂਕਾਂ ਦੀ ਬਾਜ਼ਾਰ ਹਿੱਸੇਦਾਰੀ ਵਧਾਉਣ ਵਿੱਚ ਯੋਗਦਾਨ ਪਾਇਆ, ਉਹ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਹਨ :

- ***ਵਿੰਟੇਜ*** – ਕਿਉਂਕਿ ਜਨਤਕ ਖੇਤਰ ਦੇ ਬੈਂਕਾਂ ਵਲੋਂ ਜ਼ਿਆਦਾਤਰ ਉਦਯੋਗਿਕ ਬੁਨਿਆਦੀ ਢਾਂਚੇ ਲਈ ਵਿੱਤ ਮੁਹੱਈਆ ਕਰਵਾਇਆ ਗਿਆ, ਤਾਂ ਕੁਦਰਤੀ ਹੈ ਕਿ ਉਨ੍ਹਾਂ ਦੀਆਂ ਬੈਲੈਂਸ ਸ਼ੀਟਾਂ ਨੇ ਵੀ ਵਪਾਰਕ ਗੋਤਾ ਜ਼ਿਆਦਾ ਖਾਧਾ। ਇਸ ਤੋਂ ਉਲਟ ਨਵੇਂ ਯੁਗ ਦੇ ਜ਼ਿਆਦਾਤਰ ਨਿੱਜੀ ਖੇਤਰ ਦੇ ਬੈਂਕ ਕਿਸੇ ਵੀ ਪ੍ਰਕਾਰ ਦੇ ਅਸਾਸਿਆਂ ਦੀ ਗੁਣਵੱਤਾ ਦੇ ਬੋਝ ਤੋਂ ਮੁਕਤ ਸਨ ਕਿਉਂਕਿ ਉਨ੍ਹਾਂ ਦੀ ਸ਼ੁਰੂਆਤ ਉਦਾਰੀਕਰਨ ਦੇ ਦੌਰ ਤੋਂ ਬਾਅਦ ਹੋਈ ਅਤੇ ਉਨ੍ਹਾਂ ਦਾ ਵਧੇਰੇ ਪਸਾਰ 2000ਵਿਆਂ ਤੋਂ ਉਪਰੰਤ ਹੋਇਆ। ਮੁਕਾਬਲਤਨ ਨਵੇਂ ਲਾਭਕਾਰੀ ਸਮੇਂ ਨੇ ਨਿੱਜੀ ਖੇਤਰ ਦੇ ਬੈਂਕਾਂ ਨੂੰ ਆਧੁਨਿਕ ਤਕਨਾਲੋਜੀ ਮੁਖੀ ਹੱਲਾਂ ਵਿੱਚ ਨਿਵੇਸ਼ ਕਰਨ ਅਤੇ ਆਪਣੀਆਂ ਸਮਰੱਥਾਵਾਂ ਵਿੱਚ ਵਾਧਾ ਕਰਨ ਲਈ ਵੀ ਮੱਦਦ ਕੀਤੀ ਜੋ ਮਾਲੀਏ ਦੇ ਨਵੇਂ ਦਿਸਹੱਦੇ ਤਲਾਸ਼ਣ ਅਤੇ ਗਾਹਕ ਅਨੁਭਵ ਵਿੱਚ ਸੁਧਾਰ ਕਰਨ ਲਈ ਮੁੱਖ ਸਥਾਨ ਰੱਖਦੇ ਹਨ। ਨਿੱਜੀ ਬੈਂਕਾਂ ਵਲੋਂ ਜਲਦੀ ਤਕਨਾਲੋਜੀ ਅਪਣਾਉਣ ਦੀ ਮਿਸਾਲ ਪੁਆਇੰਟ ਆਫ ਸੇਲ ਮਸ਼ੀਨਾਂ ਦਾ ਪਸਾਰ ਕਰਨ ਵਿੱਚ ਵੇਖੀ ਜਾ ਸਕਦੀ ਹੈ। 2012 ਅੰਦਰ ਕਰਜ਼ੇ ਵਿੱਚ ਸਿਰਫ 18 ਪ੍ਰਤਿਸ਼ਤ ਹਿੱਸੇਦਾਰੀ ਹੋਣ ਦੇ ਬਾਵਜੂਦ, ਨਿੱਜੀ ਖੇਤਰ ਦੇ ਬੈਂਕਾਂ ਨੇ ਪੀ ਓ ਐੱਸ ਮਸ਼ੀਨ ਸਥਾਪਤ ਕਰਨ ਨਾਲ ਆਪਣਾ ਪਸਾਰ ਸ਼ੁਰੂ ਕਰ ਦਿੱਤਾ ਸੀ ਜਿਥੇ 2012 ਵਿੱਚ ਉਨ੍ਹਾਂ ਦੀ ਹਿੱਸੇਦਾਰੀ 80 ਪ੍ਰਤਿਸ਼ਤ ਸੀ। ਭਾਵੇਂ ਕਿ ਜਨਤਕ ਖੇਤਰ ਦੇ ਬੈਂਕਾਂ ਨੇ ਉਦੋਂ ਤੋਂ ਲੈ ਕੇ ਨਾਲ ਰਲਣ ਦਾ ਵੱਡਾ ਉਪਰਾਲਾ ਕੀਤਾ ਹੈ। ਨਿੱਜੀ ਖੇਤਰ ਦੇ ਬੈਂਕਾਂ ਕੋਲ ਹਾਲੇ ਵੀ 57 ਪ੍ਰਤਿਸ਼ਤ ਦੀ ਵੱਡੀ ਹਿੱਸੇਦਾਰੀ ਹੈ – ਇਹ ਮਾਲੀਆ ਨਿਰਮਾਣ ਦਾ ਸਥਾਈ ਸਰੋਤ ਹੋਣ ਦੀ ਆਸ ਹੈ। ਇਹ ਗੌਰ ਕਰਨ ਵਾਲੀ ਗੱਲ ਹੈ ਕਿ ਇਸ ਭਿੰਨਤਾ ਨਾਲ ਦੂਜੀ ਆਮਦਨ ਨਿੱਜੀ ਖੇਤਰ ਦੀ ਕੁੱਲ ਆਮਦਨ ਵਿੱਚ 20 ਪ੍ਰਤਿਸ਼ਤ ਦਾ ਯੋਗਦਾਨ ਪਾਉਂਦੀ ਹੈ ਜਦ ਕਿ ਜਨਤਕ ਖੇਤਰ ਦੇ ਬੈਂਕਾਂ ਵਿੱਚ ਇਹ ਅੰਕੜਾ 14 ਪ੍ਰਤਿਸ਼ਤ ਹੈ।

- ***ਉਤਪਾਦਕਤਾ :*** ਬੈਂਕਾਂ ਲਈ ਲਾਗਤ ਤੋਂ ਆਮਦਨ ਅਨੁਪਾਤ – (ਸੀ ਆਈ) ਦਾ ਮੁੱਲਾਂਕਣ ਕਰਦਿਆਂ (ਕਰਮਚਾਰੀ ਖਰਚਾ+ਦੂਜੇ ਸੰਚਾਲਨ ਖਰਚੇ)/(ਸ਼ੁੱਧ ਵਿਆਜ ਆਮਦਨ+ਦੂਜੀ ਆਮਦਨ) ਅਸੀ ਜਨਤਕ ਅਤੇ ਨਿੱਜੀ ਖੇਤਰ ਦੇ ਬੈਂਕਾਂ ਵਿੱਚ ਇਕ ਵੱਡਾ ਫਰਕ ਵੇਖਦੇ ਹਾਂ। ਨਿੱਜੀ ਬੈਂਕਾਂ ਲਈ ਸੀ ਆਈ ਲਗਾਤਾਰ ਹੇਠਾਂ ਜਾਂਦੀ ਰਹੀ ਹੈ, ਜੋ ਵਿੱਤ ਵਰ੍ਹੇ 2012 ਦੀ 47 ਪ੍ਰਤਿਸ਼ਤ ਦੇ ਮੁਕਾਬਲੇ ਵਿੱਤ ਵਰ੍ਹੇ 2017 ਵਿੱਚ ਘਟ ਕੇ 43 ਪ੍ਰਤਿਸ਼ਤ ਹੋ ਗਈ ਹੈ। ਜਦ ਕਿ ਜਨਤਕ ਖੇਤਰ ਦੇ ਬੈਂਕਾਂ ਲਈ ਇਹ ਅਨੁਪਾਤ ਇਸੇ ਸਮੇਂ ਦੌਰਾਨ 44 ਪ੍ਰਤਿਸ਼ਤ ਤੋਂ ਵਧ ਕੇ 49 ਪ੍ਰਤਿਸ਼ਤ ਹੋ ਗਿਆ ਹੈ। ਕੁੱਲ ਲਾਗਤਾਂ ਨੂੰ ਕਾਬੂ ਹੇਠ ਰੱਖਣਾ ਮੁਕਾਬਲੇਬਾਜ਼ੀ ਦਾ ਇਕ ਵੱਡਾ ਲਾਭ ਹੈ ਕਿਉਂਕਿ ਇਸ ਨਾਲ ਅਸਾਸਿਆਂ ਤੋਂ ਲਾਭ ਵਿੱਚ ਸੁਧਾਰ ਹੁੰਦਾ ਹੈ ਜਿਸ ਨਾਲ ਫਰਮ ਦੋ ਮੋਰਚਿਆਂ ਉੱਤੇ ਵਧੀਆ ਕਾਰਗੁਜ਼ਾਰੀ ਵਿਖਾਉਣ ਦੇ ਕਾਬਲ ਹੋ ਜਾਂਦੀ ਹੈ – ਇਸ ਵਲੋਂ ਮੌਜੂਦਾ ਸ਼ੇਅਰਧਾਰਕਾਂ ਨੂੰ ਕਾਫੀ ਲਾਭ ਦਿੱਤਾ ਜਾਂਦਾ ਹੈ ਅਤੇ ਅੱਗੋਂ ਹੋਰ ਪਸਾਰ ਲਈ ਜ਼ਿਆਦਾ ਪੂੰਜੀ ਜੁਟਾਉਣ ਦਾ ਮੌਕਾ ਮਿਲ ਜਾਂਦਾ ਹੈ।

- ***ਚੁਸਤੀ :*** ਨਵੇਂ ਯੁੱਗ ਦੇ ਜ਼ਿਆਦਾਤਰ ਨਿੱਜੀ ਬੈਂਕ ਢੁੱਕਵੀ ਪ੍ਰਤਿਭਾ ਭਰਤੀ ਕਰਨ ਸਮੇਂ ਸ਼ਾਨਦਾਰ ਲਚਕ ਦਿਖਾਉਂਦੇ ਹਨ, ਅਤੇ ਉਹ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਮੁਆਵਜ਼ਾ ਅਤੇ ਰੋਕੇ ਰੱਖਣ ਦੀਆਂ ਨੀਤੀਆਂ ਵੀ ਆਕਰਸ਼ਕ ਹੋਣ। ਇਸ ਦੇ ਨਾਲ ਹੀ, ਨਿੱਜੀ ਬੈਂਕਾਂ ਸਮੇਂ ਤੋਂ ਪਹਿਲਾਂ ਮੰਦੀ ਦੀ ਥਾਹ ਪਾਉਣ ਅਤੇ ਉਸ ਤੋਂ ਬਾਅਦ ਇਸ ਦੇ ਹੱਲ/ਪੈਰਾਂ ਸਿਰ ਹੋਣ ਲਈ ਫੈਸਲਾ ਕਰਨ ਦੇ ਸੰਬੰਧ ਵਿੱਚ ਵੀ ਬਹੁਤ ਚੁਸਤ

ਅਤੇ ਫੁਰਤੀਲੇ ਹੁੰਦੇ ਹਨ। ਮਨੁੱਖੀ ਸਰੋਤ ਚੁਨੌਤੀ ਅਤੇ ਅਸਾਸਿਆਂ ਦੀ ਗੁਣਵੱਤਾ ਦੇ ਅਮਲੇ ਵਿੱਚ ਇਹ ਉਨ੍ਹਾਂ ਦੇ ਹੱਕ ਵਿੱਚ ਭੁਗਤਿਆ ਹੈ (ਰਿਜ਼ਰਵ ਬੈਂਕ ਦੁਆਰਾ ਹਾਲ ਹੀ ਵਿੱਚ ਅਸਾਸਿਆਂ ਦੀ ਗੁਣਵੱਤਾ ਦੀ ਸਮੀਖਿਆ ਕਰਨ ਤੋਂ ਬਾਅਦ) ਜਿਸ ਦਾ ਜਨਤਕ ਖੇਤਰ ਦੇ ਬੈਂਕਾਂ ਉਤੇ ਕਾਫੀ ਅਸੰਗਤ ਅਸਰ ਪਿਆ ਹੈ।

## ਜਨਤਕ ਖੇਤਰ ਬੈਂਕਾਂ ਵਿੱਚ ਗਤੀਸ਼ੀਲਤਾ ਦਾ ਸੰਚਾਰ ਕਰਨ ਲਈ ਹਾਲੀਆ ਸੁਧਾਰ

ਭਾਵੇਂ ਕਿ ਪਿਛਲੇ ਇਕ ਦਹਾਕੇ ਦੌਰਾਨ ਜਨਤਕ ਖੇਤਰ ਦੇ ਬੈਂਕ ਆਪਣੇ ਨਿੱਜੀ ਖੇਤਰ ਦੇ ਸਹਿਯੋਗੀਆਂ ਨਾਲੋਂ ਪਿੱਛੇ ਰਹੇ ਹਨ, ਸਰਕਾਰ ਵਲੋਂ ਕੀਤੇ ਗਏ ਹਾਲੀਆ ਢਾਂਚਾਗਤ ਸੁਧਾਰ ਯਕੀਨਨ ਹੀ ਬੇਹਤਰ ਕਾਰਗੁਜ਼ਾਰੀ ਦਿਖਾਉਣ ਵਾਲਿਆਂ ਨੂੰ ਆਪਣੀ ਸਥਿਤੀ ਮਜਬੂਤ ਕਰਨ ਵਿੱਚ ਮੱਦਦ ਕਰ ਸਕਦੇ ਹਨ।

- ਸ਼ਾਸਨ ਸੁਧਾਰ ਜਿਵੇਂ ਬੈਂਕ ਬੋਰਡ ਬਿਊਰੋ ਦੀ ਸਥਾਪਨਾ, ਸੀ ਐੱਮ ਡੀ ਦੇ ਅਹੁਦੇ ਨੂੰ ਗ਼ੈਰ-ਕਾਰਜਕਾਰੀ ਚੇਅਰਮੈਨ ਅਤੇ ਸੀ ਈ ਓ ਵਿੱਚ ਵੰਡਣਾ, ਅਤੇ ਸੀ ਈ ਓ ਦੇ ਲੰਮੇ ਕਾਰਜਕਾਲ (5 ਸਾਲ) ਦੀ ਸਿਫਾਰਸ਼ ਨਾਲ ਲੰਮੀ ਅਵਧੀ ਵਿੱਚ ਕੁਸ਼ਲਤਾ ਵਿੱਚ ਸੁਧਾਰ ਆਉਣ ਦੀ ਉਮੀਦ ਹੈ।

- ਸੀ ਆਰ ਆਈ ਐੱਲ ਸੀ (ਸੈਂਟਰਲ ਰਿਪਾਜ਼ਿਟਰੀ ਆਫ ਇਨਫਰਮੇਸ਼ਨ ਆਨ ਲਾਰਜ ਕ੍ਰੈਡਿਟਸ) ਦਾ ਨਿਰਮਾਣ ਅਤੇ ਆਈ ਬੀ ਸੀ (ਇਨਸਾਲਵੈਂਸੀ ਐਂਡ ਬੈਂਕਰਪਟਸੀ ਕੋਡ) ਉਤੇ ਅਮਲ ਹੋਣ ਨਾਲ ਡੁੱਬੇ ਹੋਏ ਅਸਾਸਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਅਤੇ ਹੱਲ ਲਈ ਇਕ ਸੰਸਥਾਗਤ ਢਾਂਚਾ ਪ੍ਰਦਾਨ ਕੀਤਾ ਗਿਆ ਹੈ। ਇਸ ਨਾਲ ਬੈਂਕਾਂ ਦੀਆਂ ਬੈਲੈਂਸ ਸ਼ੀਟਾਂ ਤੇ ਫਸੀ ਪਈ ਪੂੰਜੀ ਦੇ ਵੱਡੇ ਹਿੱਸੇ ਨੂੰ ਖੋਲ੍ਹਣ ਦਾ ਮੌਕਾ ਮਿਲੇਗਾ ਜਿਸ ਨਾਲ ਉਨ੍ਹਾਂ ਦੀ ਕਰਜ਼ੇ ਦੇ ਫੈਲਾਅ ਦੀ ਭੁੱਖ ਵਧੇਗੀ।

- ਵੱਡੇ ਪੱਧਰ ਉੱਤੇ ਪੁਨਰ-ਪੂੰਜੀਕਰਨ ਦੀ 2.11 ਲੱਖ ਕਰੋੜ ਰੁਪਏ ਦੀ ਯੋਜਨਾ ਦਾ ਹਾਲ ਹੀ ਵਿੱਚ ਸਰਕਾਰ ਵਲੋਂ ਐਲਾਨ ਕੀਤਾ ਗਿਆ ਜੋ ਜਨਤਕ ਖੇਤਰ ਦੇ ਬੈਂਕਾਂ ਲਈ ਹੈ। ਇਹ ਇਕ ਸੰਭਾਵਿਤ ਵੱਡਾ ਬਦਲਾਅ ਸਾਬਤ ਹੋ ਸਕਦਾ ਹੈ। ਇਹ ਠੀਕ ਸਮੇਂ ਚੁੱਕਿਆ ਗਿਆ ਕਦਮ ਹੈ ਜੋ ਯਕੀਨੀ ਬਣਾਵੇਗਾ ਕਿ ਜਨਕ ਖੇਤਰ ਦੇ ਬੈਂਕ ਬੇਸਿਲ-3 ਨਿਯਮਕ ਜ਼ਰੂਰਤਾਂ ਪੂਰੀਆਂ ਕਰਨ ਦੇ ਯੋਗ ਹੋਣਗੇ ਅਤੇ ਇਸ ਵਿੱਚ ਬੈਂਕਾਂ ਲਈ 'ਗਰੋਥ ਕੈਪੀਟਲ' ਦੀ ਗੁੰਜਾਇਸ਼ ਵੀ ਸ਼ਾਮਲ ਕੀਤੀ ਜਾਵੇਗੀ ਜੋ ਬੇਹਤਰ ਕਾਰਗੁਜ਼ਾਰੀ ਦਿਖਾਉਣ ਦੇ ਯੋਗ ਹੋਣਗੇ। ਮੇਰੇ ਵਿਚਾਰ ਅਨੁਸਾਰ ਇਹ ਜਨਤਕ ਖੇਤਰ ਦੇ ਬੈਂਕਾਂ ਦਰਮਿਆਨ ਮੁਕਾਬਲੇਬਾਜ਼ੀ ਨੂੰ ਪ੍ਰੋਤਸਾਹਿਤ ਕਰਨ ਦਾ ਵਧੀਆ ਤਰੀਕਾ ਹੈ ਜਿਸ ਨਾਲ ਸਮੁੱਚੇ ਅਰਥਚਾਰੇ ਨੂੰ ਲਾਭ ਪੁੱਜੇਗਾ।

## ਕੀ ਬੈਂਕ ਅਗਲੀ ਪੀੜ੍ਹੀ ਦੀ ਬੈਂਕਿੰਗ ਲਈ ਤਿਆਰ ਹਨ?

ਜਦ ਕਿ 2025 ਤੱਕ ਭਾਰਤ ਦੇ ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਆਰਥਿਕਤਾ ਬਣਨ ਦੀ ਆਸ ਹੈ, ਹੇਠ ਦਿੱਤੀਆਂ 4-ਡੀ ਬੈਂਕਿੰਗ ਦੇ ਦ੍ਰਿਸ਼ ਨੂੰ ਪ੍ਰਭਾਵਿਤ ਤੇ ਨਿਰਧਾਰਤ ਕਰਨਗੀਆਂ :

- ***ਵਿਕਾਸ (ਡਿਵੈਲਪਮੈਂਟ) :*** ਇਸ ਵਿੱਚ ਸਰਕਾਰ ਦਾ ਵਿੱਤੀ ਸਮਾਵੇਸ਼ ਦਾ ਏਜੰਡਾ ਅਤੇ ਦੂਜੇ ਪ੍ਰਮੁੱਖ ਖੇਤਰੀ ਅਤੇ ਢਾਂਚਾਗਤ ਸੁਧਾਰ ਸ਼ਾਮਿਲ ਹਨ।

- ***ਵਿਨਿਯਮਨ (ਡੀਰੈਗੂਲੇਸ਼ਨ):*** ਵਿੱਤੀ ਵਿਚੋਲਗਿਰੀ ਵਿੱਚ ਨੀਤੀਗਤ ਸੁਧਾਰ ਅਤੇ ਬੱਚਤ ਰੁਝਾਨ।

- ***ਜਨਸੰਖਿਅ ਅੰਕੜੇ (ਡੈਮੋਗ੍ਰਾਫਿਕਸ):*** ਬਾਜ਼ਾਰ ਵਿੱਚ ਨੌਜਵਾਨ ਅਤੇ ਡਿਜਿਟਲ ਸਰੀਖੀ ਜਨਸੰਖਿਆ ਦੀ ਸਰਦਾਰੀ ਹੋਣਾ।

- ***ਵਿਘਨ (ਡਿਸਰਪਸ਼ਨ):*** ਇਸ ਵਿੱਚ ਡਿਜੀਟਲੀਕਰਨ ਅਤੇ ਬੈਂਕਿੰਗ, ਟੈਲੀਕਾਮ ਅਤੇ ਵਿੱਤ ਦਾ ਏਕੀਕਰਨ ਸ਼ਾਮਲ ਹੈ।

ਇਨ੍ਹਾਂ 4-ਡੀਜ਼ ਤੋਂ ਇਲਾਵਾ, ਹੇਠ ਦਿੱਤੇ ਸੱਤ ਰੁਝਾਨ ਭਾਰਤ ਵਿੱਚ ਅਗਲੀ ਪੀੜ੍ਹੀ ਦੀ ਬੈਂਕਿੰਗ ਦੀ ਦਿਸ਼ਾ ਨਿਰਧਾਰਤ ਕਰਨਗੇ :

## ਤਕਨਾਲੋਜੀ ਸਾਡੇ ਬੈਂਕਿੰਗ ਦੇ ਤਰੀਕੇ ਨੂੰ ਬਦਲ ਦੇਵੇਗੀ

ਭਵਿੱਖ ਵਿੱਚ ਤਕਨਾਲੋਜੀ ਬੈਂਕਿੰਗ ਦੇ ਮਾਪਦੰਡਾਂ ਦੀ ਵਿਆਖਿਆ ਕਰੇਗੀ। ਇਸ ਵਿੱਚ ਵਿਆਪਕ ਅੰਕੜੇ, ਕਲਾਊਡ ਕੰਪਿਊਟਿੰਗ, ਸਮਾਰਟ ਫ਼ੋਨ ਅਤੇ ਹੋਰ ਖੋਜਾਂ ਸ਼ਾਮਲ ਹੋਣਗੀਆਂ। 'ਓਮਨੀ ਚੈਨਲ' ਨਾ ਕਿ 'ਮਲਟੀ ਚੈਨਲ' ਗਾਹਕਾਂ ਵਲੋਂ ਬੈਂਕਾਂ ਨਾਲ ਵਰਤਣ ਦੇ ਤਰੀਕੇ ਨੂੰ ਪੁਨਰ ਪਰਿਭਾਸ਼ਿਤ ਕਰ ਦੇਣਗੇ। ਉਦਾਹਰਣ ਦੇ ਲਈ, ਗਾਹਕਾਂ ਦੇ ਮੋਬਾਈਲ ਫ਼ੋਨਾਂ ਉਤੇ ਪੇਸ਼ਕਸ਼ਾਂ ਦੀ ਜਾਣਕਾਰੀ ਪ੍ਰਦਾਨ ਕਰਨੀ, ਨਿੱਜੀ ਸੰਪਰਕ ਲਈ ਘਰ ਵਿੱਚ ਵੀਡੀਓ ਕਾਨਫਰੰਸ ਪ੍ਰਣਾਲੀ ਦੀ ਵਰਤੋਂ, ਵਿਕਰੀ ਲਈ ਚੇਹਰਾ ਪਛਾਣਨ ਵਾਲੀ ਤਕਨਾਲੋਜੀ ਦੀ ਵਰਤੋਂ ਕੁੱਝ ਅਜਿਹੇ ਸਾਧਨ ਹਨ ਜਿਨ੍ਹਾਂ ਰਾਹੀਂ ਤਕਨਾਲੋਜੀ ਭਵਿੱਖ ਵਿੱਚ ਬੈਂਕਿੰਗ ਵਾਸਤੇ ਸਹਾਈ ਹੋਵੇਗੀ।

**ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਮੋਬਾਈਲ ਬੈਂਕਿੰਗ ਅਤੇ ਮੋਬਾਈਲ ਅਦਾਇਗੀਆਂ/ਵਣਜ ਸੱਚੀ-ਮੁੱਚੀ ਭਵਿੱਖ ਹੈ। ਭਾਰਤ ਵਿੱਚ ਉੱਚ ਮੋਬਾਈਲ ਘਣਤਾ ਦੇ ਚੱਲਦਿਆਂ, ਵਿੱਤੀ ਸੇਵਾਵਾਂ ਪ੍ਰਦਾਨ ਕਰਨ ਲਈ ਇਸ ਤਕਨਾਲੋਜੀ ਦੀਆਂ ਅਪਾਰ ਸੰਭਾਵਨਾਵਾਂ ਹਨ। ਦੇਸ਼ ਵਿੱਚ 946 ਮਿਲੀਅਨ ਤੋਂ ਵੱਧ ਮੋਬਾਈਲ ਵਰਤੋਂਕਾਰ ਹਨ ਪਰ ਮੋਬਾਈਲ ਬੈਂਕਿੰਗ ਗਾਹਕ ਸਿਰਫ 50 ਮਿਲੀਅਨ ਹਨ। ਇਸ ਸੰਬੰਧ ਵਿੱਚ ਜੇ ਏ ਐੱਮ (ਜਨ ਧਨ – ਅਧਾਰ- ਮੋਬਾਈਲ) ਦੀ ਤਿੱਕੜੀ ਵਿੱਚ ਬੈਂਕਿੰਗ ਦਾ ਚਿਹਰਾ ਮੋਹਰਾ ਬਦਲਣ ਦੀਆਂ ਸੰਭਾਵਨਾਵਾਂ ਮੌਜੂਦਾ ਹਨ।**

## ਤਕਨਾਲੋਜੀ ਨਾਲ ਬੈਂਕਾਂ ਦੀ 'ਨਿਰਮਾਣਕਾਰੀ ਤਬਾਹੀਂ' ਵੀ ਹੋਵੇਗੀ

ਬੈਂਕਾਂ ਨੂੰ ਨਵੀਨਤਾ ਉਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ ਜੋ ਮੁਕਾਬਲੇਬਾਜ਼ੀ ਨੂੰ ਵਧਾਉਂਦੀ ਹੈ ਅਤੇ ਗਾਹਕਾਂ ਨੂੰ ਬਿਹਤਰ ਅਤੇ ਸਸਤੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਬੈਂਕਾਂ ਉੱਚਾਈ ਹਾਸਲ ਕਰਨ ਅਤੇ ਬੇਹਤਰ ਪ੍ਰਥਾਵਾਂ ਦੀ ਤਲਾਸ਼ ਵਾਸਤੇ ਭਾਈਵਾਲੀ ਵੀ ਕਰ ਸਕਦੀਆਂ ਹਨ ਅਤੇ ਆਪਣੇ ਬੁਨਿਆਦੀ ਢਾਂਚੇ ਨੂੰ ਸਾਂਝੇ ਉਪਕ੍ਰਮਾਂ ਵਿੱਚ ਤਬਦੀਲ ਵੀ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਗਾਹਕਾਂ ਦਾ ਪ੍ਰਮਾਣੀਕਰਨ ਕਰਨ,

ਧੋਖਾਧੜੀ ਦੀ ਜਾਂਚ, ਅਦਾਇਗੀਆਂ, ਖਾਤਾ ਬੁਨਿਆਦੀ ਢਾਂਚਾ, ਕੇ ਵਾਈ ਸੀ ਪ੍ਰਾਸੈਸਿੰਗ ਆਦਿ ਸੇਵਾਵਾਂ ਮੌਜੂਦਾ ਤਕਨਾਲੋਜੀ ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਠੇਕੇ ਉਤੇ ਵੀ ਦਿੱਤੀਆਂ ਜਾ ਸਕਦੀਆਂ ਹਨ ਜੋ ਅੱਗੇ ਵਧਣ ਵੱਲ ਪ੍ਰਮੁੱਖ ਕਦਮ ਹੋ ਸਕਦੇ ਹਨ।

## ਨਕਦੀ ਰਹਿਤ ਅਤੇ ਸ਼ਾਖਾ ਰਹਿਤ ਬੈਂਕਿੰਗ

**ਨੋਟਬੰਦੀ ਤੋਂ ਬਾਅਦ ਅਤੇ ਨਕਦੀ ਰਹਿਤ ਆਰਥਿਕਤਾ ਉਤੇ ਸਰਗਰਮ ਨੀਤੀਗਤ ਬਲ ਦੇਣ ਨਾਲ ਨਕਦੀ ਰਹਿਤ ਬੈਂਕਿੰਗ ਲੈਣ-ਦੇਣ ਦੀ ਸੌਖ ਵਿੱਚ ਇਨਕਲਾਬ ਲਿਆ ਦੇਵੇਗੀ, ਜਿਸ ਵਿੱਚ ਇੰਟਰਨੈੱਟ ਦੀ ਘੁਸਪੈਠ ਹੋਰ ਵਧ ਜਾਵੇਗੀ (ਦਸੰਬਰ-2015 ਤੱਕ 400 ਮਿਲੀਅਨ ਵਰਤੋਂਕਾਰ) ਅਤੇ ਮੋਬਾਈਲ ਫ਼ੋਨ ਨਿੱਜੀ ਬੈਂਕ ਸ਼ਾਖਾ ਵਿੱਚ ਤਬਦੀਲ ਹੋ ਜਾਣਗੇ (ਸਮਾਰਟ ਫ਼ੋਨਾਂ ਦੀ ਵਰਤੋਂ 2014 ਵਿੱਚ ਇਕ ਸਾਲ ਦੇ ਅੰਦਰ ਹੀ ਦੋ ਗੁਣਾ ਵਧ ਕੇ 80 ਮਿਲੀਅਨ ਹੋ ਗਈ। ਮੋਰਗਨ ਸਟੈਨਲੇ ਮੁਤਾਬਕ ਭਾਰਤ ਦਾ ਇੰਟਰਨੈੱਟ ਬਾਜ਼ਾਰ 2013 ਦੇ 11 ਬਿਲੀਅਨ ਡਾਲਰ ਤੋਂ ਵੱਧ ਕੇ 2020 ਤੱਕ 137 ਬਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ ਅਤੇ ਇਹ ਇਕ ਵੱਡਾ ਮੌਕਾ ਬਣ ਸਕਦਾ ਹੈ।**

ਬੈਂਕਿੰਗ ਉਦਯੋਗ 9 ਤੋਂ 5 ਵਜੇ ਦੇ ਰਵਾਇਤੀ ਸਮੇਂ ਤੋਂ ਹਟ ਕੇ ਵਿਸ਼ਵ ਭਰ ਵਿੱਚ 24×7 ਮੰਚ ਬਣ ਸਕਦਾ ਹੈ। ਸ਼ਾਖਾ ਰਹਿਤ ਬੈਂਕਿੰਗ ਨਾਲ ਮਾਲੀਆ ਨਿਰਮਾਣ ਅਤੇ ਲਾਗਤ ਪ੍ਰਬੰਧਨ ਵਿੱਚ ਵਾਧੇ ਦੀ ਆਰਥਿਕਤਾ ਹਾਸਲ ਕਰਨ ਵਿੱਚ ਮਦਦ ਮਿਲ ਸਕਦੀ ਹੈ। ਸ਼ਾਖਾ ਰਹਿਤ ਬੈਂਕਿੰਗ ਦਾ ਵਧ ਰਿਹਾ ਰੁਝਾਨ ਵਿਕਸਤ ਦੇਸ਼ਾਂ ਵਿੱਚ ਰਵਾਇਤੀ ਬੈਂਕਾਂ ਦੇ ਬੰਦ ਹੋਣ ਦਾ ਕਾਰਨ ਬਣ ਰਿਹਾ ਹੈ (ਬੈਂਕ ਆਫ ਅਮਰੀਕਾ ਵਲੋਂ ਪਿਛਲੇ 5 ਵਰ੍ਹਿਆਂ ਦੌਰਾਨ 1000 ਤੋਂ ਵੱਧ ਸ਼ਾਖਾਵਾਂ ਬੰਦ ਕੀਤੀਆਂ ਗਈਆਂ। ਬੈਂਕਿੰਗ ਵਪਾਰਕ ਮਾਡਲ ਦੀਆਂ ਨਵੀਨਤਾਵਾਂ ਨੂੰ ਕੌਮੀ ਮੰਚਾਂ ਜਿਵੇਂ ਕਿ ਅਧਾਰ ਨਾਲ ਜੋੜਿਆ ਜਾ ਸਕਦਾ ਹੈ ਤਾਂ ਕਿ ਗਾਹਕ ਅਧਿਗ੍ਰਹਿਣ ਲਾਗਤ ਨੂੰ 40 ਪ੍ਰਤਿਸ਼ਤ ਤੱਕ ਘੱਟ ਕੀਤਾ ਜਾ ਸਕੇ ਤਾਂ ਜੋ ਸ਼ਾਖਾ ਰਹਿਤ ਬੈਂਕਿੰਗ ਮਾਡਲ ਹੋਰ ਵੀ ਵਿਹਾਰਕ ਹੋ ਸਕੇ।

## ਏ ਟੀ ਐੱਮ ਦੀ ਵਰਤੋਂ ਵਿੱਚ ਨਵੀਨਤਾ

ਵਿਸ਼ਵ ਬੈਂਕ ਦੇ ਅਨੁਮਾਨਾਂ ਮੁਤਾਬਕ, ਭਾਰਤੀ ਬੈਂਕਾਂ ਦੀ ਪ੍ਰਤਿ ਸ਼ਾਖਾ ਪ੍ਰਤਿ ਲੈਣ-ਦੇਣ ਸੰਚਾਲਨ ਲਾਗਤ 48 ਰੁਪਏ, ਫ਼ੋਨ ਬੈਂਕਿੰਗ ਲਈ 25 ਰੁਪਏ, ਏ ਟੀ ਐੱਮ ਲਈ 18 ਰੁਪਏ ਆਈ ਵੀ ਆਰ ਲਈ 8 ਰੁਪਏ ਅਤੇ ਆਨ ਲਾਈਨ ਲਈ 4 ਰੁਪਏ ਹੈ। ਭਾਰਤ ਦੀ ਏ ਟੀ ਐੱਮ ਪੈਠ ਬਹੁਤ ਮਾੜੀ ਹੈ, ਭਾਰਤ ਵਿੱਚ 1 ਮਿਲੀਅਨ ਲੋਕਾਂ ਪਿੱਛੇ ਸਿਰਫ 11 ਏ ਟੀ ਐੱਮ ਹਨ ਜਦ ਕਿ ਚੀਨ ਵਿੱਚ ਇਹ ਅੰਕੜਾ 37 ਤੇ ਮਲੇਸ਼ੀਆ ਵਿੱਚ 52 ਹੈ। ਇਸ ਸੰਬੰਧ ਵਿੱਚ, ਸੂਰਜੀ ਏ ਟੀ ਐੱਮ ਸਥਾਪਨਾ ਲਾਗਤ ਲਗਭਗ 50 ਪ੍ਰਤਿਸ਼ਤ ਘੱਟ ਕਰ ਸਕਦੇ ਹਨ ਜੋ ਬਿਜਲੀ ਦੀ ਕਮੀ ਵਾਲੇ ਪੇਂਡੂ ਖੇਤਰਾਂ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ।

## ਬੁਨਿਆਦੀ ਢਾਂਚਾ ਵਿੱਤੀਕਰਨ

***ਨੀਂਹ ਦੀ ਉਸਾਰੀ :*** ਵਿਸ਼ਵ ਦੇ ਬੁਨਿਆਦੀ ਢਾਂਚਾ ਬਾਜ਼ਾਰ ਵਿੱਚ ਭਾਰਤ ਦੀ ਹਿੱਸੇਦਾਰੀ 5 ਪ੍ਰਤਿਸ਼ਤ ਹੈ, ਜਿਸ ਦੇ 2025 ਤੱਕ ਵਧ ਕੇ 9-10 ਪ੍ਰਤਿਸ਼ਤ ਹੋਣ ਦੀ ਆਸ ਹੈ। ਭਵਿੱਖੀ ਵਿਕਾਸ ਦੇ ਮਾਡਲ 5:25 ਢਾਂਚੇ ਦੀ ਤਰਜ਼ ਅਤੇ ਲੰਮੀ ਮਿਆਦ ਦੇ ਵਿੱਤੀਕਰਨ ਲਈ ਪੀ ਪੀ ਪੀ ਮਾਡਲ ਉਤੇ ਅਧਾਰਤ ਹੋਣਗੇ। ਇਸ ਦੇ ਨਾਲ ਹੀ, ਬੁਨਿਆਦੀ ਢਾਂਚਾ ਕਰਜ਼ਾ ਫੰਡ, ਗ੍ਰੀਨ ਬੈਂਕਿੰਗ ਅਤੇ ਵਿਹਾਰਕਤਾ ਪਾੜਾ ਫੰਡਿੰਗ ਦੇ ਰੂਪ ਵਿੱਚ ਨਵੇਂ ਪ੍ਰਬੰਧ ਸਾਹਮਣੇ ਆਉਣਗੇ।

## ਐੱਮ ਐੱਸ ਐੱਮ ਈਜ਼ ਵਾਸਤੇ ਨਵੇਂ ਮਾਡਲ

ਐੱਮ ਐੱਸ ਐੱਮ ਈ ਖੇਤਰ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ 8 ਪ੍ਰਤਿਸ਼ਤ ਦਾ ਯੋਗਦਾਨ ਪਾਉਂਦਾ ਹੈ। ਐੱਸ ਆਈ ਡੀ ਬੀ ਆਈ ਵਲੋਂ ਐੱਮ ਐੱਸ ਐੱਮ ਈ ਖੇਤਰ ਦੀ ਕੁੱਲ ਕਰਜ਼ਾ ਵਿੱਤੀਕਰਨ ਮੰਗ ਦਾ ਅਨੁਮਾਨ 650 ਬਿਲੀਅਨ ਅਮਰੀਕੀ ਡਾਲਰ ਲਾਇਆ ਗਿਆ ਹੈ। ਨਵੇਂ ਢਾਂਚੇ ਜਿਵੇਂ ਕਲਸਟਰ ਅਧਾਰ ਵਿਤੀਕਰਨ, ਤਕਨਾਲੋਜੀ ਸੁਧਾਰ ਲਈ ਪੂੰਜੀ ਸਬਸਿਡੀ ਨੀਤੀ, ਮੁਦਰਾ ਬੈਂਕ, ਕ੍ਰੈਡਿਟ ਗਰੰਟੀ ਸਕੀਮਾਂ, ਪ੍ਰਫੁੱਲਤਾ ਕੇਂਦਰ ਅਤੇ ਸਟਾਰਟ ਅੱਪ ਸਹੂਲਤਾਂ ਆਉਂਦੇ ਸਾਲਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

## ਮੁਕਾਬਲੇਬਾਜ਼ੀ ਤੇ ਸੁਦ੍ਰਿੜੀਕਰਨ

ਨਵੇਂ ਯੁੱਗ ਦੇ ਵਿਸ਼ੇਸ਼ ਬੈਂਕਾਂ ਦੇ ਆਗਮਨ ਨਾਲ ਭਾਰਤ ਦੇ ਬੈਂਕਿੰਗ ਧਰਾਤਲ ਉਤੇ ਇਕ ਬਦਲਾਅ ਵੇਖਣ ਨੂੰ ਮਿਲੇਗਾ। ਨਵੀਂ ਖੋਜ, ਮੁਕਾਬਲਾ ਅਤੇ ਵਪਾਰ ਵਿੱਚ ਬਣੇ ਰਹਿਣ ਦੀ ਚਾਹ ਤਾਲਮੇਲ ਵਾਲੇ ਸੁਦ੍ਰਿੜੀਕਰਨ ਦਾ ਰਾਹ ਪੱਧਰਾ ਕਰੇਗੀ। ਹੇਠ ਲਿਖੀਆਂ ਕੁਝ ਨਵੀਆਂ ਸੋਚਾਂ ਅਗਲੇ 15-20 ਸਾਲਾਂ ਦੌਰਾਨ ਇਕ ਵੱਖਰਤਾ ਵਾਲਾ ਸੱਚ ਬਣ ਸਕਦੀਆਂ ਹਨ :

- ਖਾਤਾ ਨੰਬਰ ਪੋਰਟ ਕਰਨਾ (ਮੋਬਾਈਲ ਨੰਬਰ ਦੀ ਪੋਰਟਿੰਗ ਦੇ ਤਰਜ਼ ਉਤੇ)।
- ਵੱਡੇ ਅੰਕੜੇ ਵਿਸ਼ਲੇਸ਼ਣ ਦਾ ਕੁਸ਼ਲ ਪਸਾਰ।
- ਰਿਟੇਲ ਕਰਜ਼ਿਆਂ ਦਾ ਪ੍ਰਤਿਭੂਤੀਕਰਨ।

## ਸਿੱਟਾ

ਨਿੱਜੀ ਅਤੇ ਜਨਤਕ ਖੇਤਰ ਦੇ ਬੈਂਕਾਂ ਦੇ ਅਗਾਊਂ ਪਹਿਲਕਦਮੀ ਕਰਨ ਵਾਲੇ, ਜੋ ਇਨ੍ਹਾਂ ਬਦਲਾਵਾਂ ਦਾ ਪ੍ਰਭਾਵੀ ਢੰਗ ਨਾਲ ਫੈਲਾਅ ਕਰਨਗੇ, ਲਾਹੇ ਵਿੱਚ ਰਹਿਣਗੇ ਅਤੇ ਆਪਣੇ ਸਾਥੀਆਂ ਅਤੇ ਐੱਨ ਬੀ ਐੱਫ ਸੀਜ਼ ਦੇ ਮੁਕਾਬਲੇ ਬੇਪਨਾਹ ਰਣਨੀਤਕ ਫਾਇਦੇ ਦਾ ਲਾਹਾ ਲੈਣਗੇ। ਇਨ੍ਹਾਂ ਅਨੁਮਾਨਿਤ ਬਦਲਾਵਾਂ ਉਤੇ ਮੁਕੰਮਲ ਅਮਲ ਨਾ ਕੇਵਲ ਭਾਰਤੀ ਬੈਂਕਾਂ ਨੂੰ ਦੁਨੀਆਂ ਦੇ ਮੋਢੀਆਂ ਦੀ ਕਤਾਰ ਵਿੱਚ ਖੜ੍ਹੇ ਕਰ ਦੇਵੇਗਾ, ਉਹ ਭਾਰਤ ਦੀ ਆਰਥਿਕਤਾ ਨੂੰ ਅਗਲੇ 5 ਸਾਲਾਂ ਦੌਰਾਨ ਸਰਵੋਚ 4 ਵਿੱਚ ਸ਼ਾਮਲ ਕਰਨ ਲਈ ਵੀ ਸਹਾਇਕ ਹੋਣਗੇ।

*(ਵਿਵੇਕ ਕੁਮਾਰ ਸੀਨੀਅਰ ਅਰਥਸ਼ਾਸਤਰੀ ਅਤੇ ਯੈਸ ਬੈਂਕ ਮੁੰਬਈ ਦੇ ਮੀਤ-ਪ੍ਰਧਾਨ ਹਨ।*

*ਸੰਕੇਤ ਟੰਡਨ ਯੈਸ ਬੈਂਕ ਮੁੰਬਈ ਦੇ ਵਪਾਰ ਅਰਥਸ਼ਾਸਤਰ ਬੈਂਕਿੰਗ ਵਿਭਾਗ ਦੇ ਪ੍ਰਧਾਨ ਅਤੇ ਮਾਹਿਰ ਹਨ।*

*ਸ਼ੁਭਦਾ ਰਾਓ ਯੈਸ ਬੈਂਕ ਦੀ ਸੰਗਠਨ ਪ੍ਰਧਾਨ ਅਤੇ ਮੁੱਖ ਅਰਥਸ਼ਾਸਤਰੀ ਹੈ)*

*e-mail :vivek.kumar1@yesbank.in*
*:sanket.tandon@yesbank.in*
*:shubhada.rao@yesbank.in*

# ਡੁੱਬੇ ਹੋਏ ਕਰਜ਼ੇ : ਵੰਗਾਰਾਂ ਅਤੇ ਅਗਾਂਹ ਦਾ ਰਸਤਾ

✍ ਦੀਪਕ ਨਾਰੰਗ

**ਦਿਵਾਲੀਏਪਨ ਅਤੇ ਬੈਂਕ ਦਿਵਾਲੀਏਪਨ ਕੋਡ ਦੇ ਲਾਗੂ ਹੋਣ ਤੋਂ ਬਾਅਦ ਉਧਾਰ ਲੈਣ ਅਤੇ ਭਵਿੱਖ ਵਿੱਚ ਬੈਂਕਾਂ ਵਲੋਂ ਉਧਾਰ ਦੇਣ ਦੇ ਸਭਿਆਚਾਰ ਵਿੱਚ ਵੱਡਾ ਬਦਲਾਅ ਆਵੇਗਾ। ਬੇਸ਼ੱਕ ਬੈਂਕਾਂ ਨੂੰ ਸੁੱਖ ਦਾ ਸਾਹ ਆਵੇਗਾ। ਮਿਸਾਲੀ ਬਦਲਾਅ ਲਈ ਸਰਕਾਰ ਨੂੰ ਵਧਾਈ। ਉਧਾਰ ਲੈਣ ਵਾਲਿਆਂ ਦੀ ਸੋਚ ਬੇਸ਼ੱਕ ਬਦਲੇਗੀ।**

ਬੈਂਕਾਂ ਦੁਆਰਾ ਵਿੱਤੀ ਵਿਚੋਲਗੀ ਵਿਕਾਸ ਦਾ ਇੰਜਣ ਹੈ ਕਿਉਂਕਿ ਉਹ ਉਨ੍ਹਾਂ ਵਿਅਕਤੀਆਂ ਦੇ ਜਮ੍ਹਾ ਖਾਤਿਆਂ ਵਿੱਚੋਂ ਪੈਸਾ ਉਧਾਰਾ ਲੈ ਕੇ ਆਰਥਿਕਤਾ ਵਿੱਚ ਸੰਚਾਲਿਤ ਕਰਨ ਦਾ ਕੰਮ ਕਰਦੇ ਹਨ ਜਿਨ੍ਹਾਂ ਕੋਲ ਵਾਧੂ ਪੈਸਾ ਹੁੰਦਾ ਹੈ ਅਤੇ ਅੱਗੋਂ ਇਸ ਪੈਸੇ ਨੂੰ ਨਿਵੇਸ਼ ਸਰਗਰਮੀਆਂ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦਾ ਅਰਥਚਾਰੇ ਉਤੇ ਕਈ ਗੁਣਾ ਅਸਰ ਪੈਂਦਾ ਹੈ। ਉਧਾਰ ਲੈਣ ਨਾਲ ਉਤਪਾਦਕ ਸਰੋਤਾਂ ਦੀ ਮੰਗ ਵਿੱਚ ਵਾਧਾ ਹੁੰਦਾ ਹੈ ਅਤੇ ਵਸਤਾਂ ਤੇ ਸੇਵਾਵਾਂ ਦੀ ਪੂਰਤੀ ਕਰਨ ਵਾਲਿਆਂ ਦੇ ਆਮਦਨ ਪੱਧਰ ਵਿੱਚ ਵਾਧਾ ਹੁੰਦਾ ਹੈ। ਇਕ ਵਿਅਕਤੀ ਵਲੋਂ ਕੀਤਾ ਜਾਂਦਾ ਖਰਚ ਦੂਸਰੇ ਦੀ ਆਮਦਨ ਹੈ। ਇਸ ਨਾਲ ਉੱਚ ਕੁੱਲ ਘਰੇਲੂ ਉਤਪਾਦ ਹਾਸਲ ਹੁੰਦਾ ਹੈ ਅਤੇ ਉਤਪਾਦਕ ਵਿਕਾਸ ਦੀ ਗਤੀ ਨੂੰ ਹੁਲਾਰਾ ਮਿਲਦਾ ਹੈ।

ਉਧਾਰ ਦੇਣ ਵਿੱਚ ਕਮੀ ਦਾ ਉਲਟਾ ਪ੍ਰਭਾਵ ਪੈਂਦਾ ਹੈ ਅਤੇ ਵਿਕਾਸ ਵਿੱਚ ਖੜੋਤ ਆ ਜਾਂਦੀ ਹੈ। ਕਰਜ਼ਾ ਦੇਣ/ਲੈਣ ਵਿੱਚ ਗਿਰਾਵਟ ਦਾ ਇਕ ਮੁੱਖ ਕਾਰਨ ਬੈਂਕਾਂ ਦੀਆਂ ਬੈਲੈਂਸ ਸ਼ੀਟਾਂ ਵਿੱਚ ਡੁੱਬੇ ਹੋਏ ਅਸਾਸਿਆਂ (ਐੱਨ ਪੀ ਏਜ਼) ਦਾ ਤੇਜ਼ੀ ਨਾਲ ਵਾਧਾ ਹੋਣਾ ਹੈ। ਸੂਚੀਬੱਧ ਬੈਂਕਾਂ ਦੇ ਬਕਾਇਆ ਕਰਜ਼ਿਆਂ ਵਿੱਚੋਂ 72 ਪ੍ਰਤਿਸ਼ਤ ਬਾਜ਼ਾਰ ਹਿੱਸਾ ਜਨਤਕ ਖੇਤਰ ਦੇ ਬੈਂਕਾਂ ਦਾ ਹੈ। ਦੋਹਰੀ ਬੈਲੈਂਸ ਸ਼ੀਟ ਤੋਂ ਵਾਧੂ ਲਾਭ ਲਿਆ ਜਾਂਦਾ ਹੈ ਅਤੇ ਘਾਟੇ ਵਿੱਚ ਚੱਲ ਰਹੀਆਂ ਕੰਪਨੀਆਂ ਅਤੇ ਜਨਤਕ ਖੇਤਰ ਦੇ ਬੈਂਕਾਂ ਦੇ ਡੁੱਬ ਚੁੱਕੇ ਕਰਜ਼ਿਆਂ ਨੇ ਆਰਥਿਕਤਾ ਵਿੱਚ ਨਿਵੇਸ਼ ਨੂੰ ਬੰਨ੍ਹ ਮਾਰਿਆ ਹੋਇਆ ਹੈ।

30 ਸਤੰਬਰ 2017 ਤੱਕ ਭਾਰਤ ਵਿੱਚ ਬੈਂਕਾਂ ਦੇ ਕੁੱਲ ਡੁੱਬੇ ਹੋਏ ਕਰਜ਼ੇ ਦੀ ਰਕਮ 8.40 ਲੱਖ ਕਰੋੜ ਹੈ ਜਦ ਕਿ 30 ਜੂਨ 2017 ਨੂੰ ਇਹ 8.29 ਲੱਖ ਕਰੋੜ ਸੀ। ਇਸ ਪ੍ਰਕਾਰ ਐੱਨ ਪੀ ਏਜ਼ ਵਿੱਚ 1.31 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। ਸਤੰਬਰ 2015 ਤੋਂ ਲੈ ਕੇ ਐੱਨ ਪੀ ਏਜ਼ ਵਿੱਚ ਬੇਤਹਾਸ਼ਾ ਵਾਧੇ ਦੀ ਜੜ੍ਹ ਪਿਛਲੇ ਵਰ੍ਹਿਆਂ, ਖ਼ਾਸ ਕਰਕੇ 2008 ਤੋਂ ਲੈ ਕੇ ਬੈਂਕਾਂ ਦੇ ਕਰਜ਼ੇ ਦੇਣ ਦੀ ਸ਼ਕਤੀ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਹੈ। 2008 ਤੋਂ 2014 ਦੇ ਸਮੇਂ ਦੌਰਾਨ ਜਨਤਕ ਖੇਤਰ ਦੇ ਬੈਂਕਾਂ ਵਲੋਂ ਦਿੱਤਾ ਗਿਆ ਕੁੱਲ ਕਰਜ਼ਾ 18 ਲੱਖ ਕਰੋੜ ਤੋਂ ਵਧ ਕੇ 54 ਲੱਖ ਕਰੋੜ ਹੋ ਗਿਆ ਅਤੇ ਸਤੰਬਰ 2017 ਤੱਕ ਇਹ ਅੰਕੜਾ 55.01 ਲੱਖ ਕਰੋੜ ਨੂੰ ਛੂਹ ਗਿਆ। ਇਸ ਵਿੱਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਕਿ ਡੁੱਬ ਚੁੱਕੇ ਕਰਜ਼ੇ ਵਿੱਚ ਸਰਕਾਰੀ ਮਾਲਕੀ ਵਾਲੇ ਬੈਂਕਾਂ ਦੀ ਹਿੱਸੇਦਾਰੀ ਲਗਭਗ 90 ਪ੍ਰਤਿਸ਼ਤ ਹੈ।

2017-18 ਦੀ ਦੂਜੀ ਤਿਮਾਹੀ ਦੌਰਾਨ ਜਨਤਕ ਖੇਤਰ ਦੇ ਡੁੱਬੇ ਹੋਏ ਕਰਜ਼ਿਆਂ ਦਾ ਅੰਕੜਾ ਜੂਨ 2017 ਦੀ ਪਹਿਲੀ ਤਿਮਾਹੀ ਦੇ ਮੁਕਾਬਲੇ 7.33 ਲੱਖ ਕਰੋੜ ਹੀ ਰਿਹਾ ਹੈ ਜਦ ਕਿ ਨਿੱਜੀ ਖੇਤਰ ਦੀਆਂ ਬੈਂਕਾਂ ਦਾ ਹਿੱਸਾ ਲਗਭਗ 10.5 ਪ੍ਰਤਿਸ਼ਤ ਵਧ ਕੇ 1.06 ਲੱਖ ਕਰੋੜ ਹੋ ਗਿਆ ਹੈ।

ਵੱਡੇ ਉਧਾਰ ਲੈਣ ਵਾਲਿਆਂ, ਜਿਨ੍ਹਾਂ ਦੀ ਸੀਮਾ 5 ਕਰੋੜ ਜਾਂ ਇਸ ਤੋਂ ਵੱਧ ਹੈ, ਵਲੋਂ ਸੂਚੀਬੱਧ ਵਪਾਰਕ ਬੈਂਕਾਂ ਤੋਂ ਉਧਾਰ ਲੈਣ ਦੀ ਹਿੱਸੇਦਾਰੀ ਭਾਵੇਂ 56 ਪ੍ਰਤਿਸ਼ਤ ਹੈ ਪਰ ਉਨ੍ਹਾਂ ਦੀ ਐੱਨ ਪੀ ਏਜ਼ ਦੀ ਹਿੱਸੇਦਾਰੀ 86.5 ਪ੍ਰਤਿਸ਼ਤ ਹੈ। ਐੱਨ ਪੀ ਏ ਦੇ ਖਾਤੇ ਵਿੱਚ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਖਾਤਿਆਂ ਨੇ ਕੀਤਾ ਹੈ ਜਿਨ੍ਹਾਂ ਦੀ ਬਕਾਇਆ ਰਕਮ 20 ਕਰੋੜ ਤੋਂ 50 ਕਰੋੜ ਦੇ

# ਐੱਨ ਪੀ ਏ



ਦਰਮਿਆਨ ਸੀ। ਇਸ ਤੋਂ ਬਾਅਦ 50 ਕਰੋੜ ਤੋਂ 100 ਕਰੋੜ ਦੀ ਦੇਣਦਾਰੀ ਵਾਲਿਆਂ ਨੇ ਖੇਡ ਖਰਾਬ ਕੀਤੀ ਹੈ।

ਸਰਵੋਚ 100 ਬਕਾਇਆ ਉਧਾਰ ਵਾਲਿਆਂ ਦੀ ਕੁੱਲ ਉਧਾਰ ਵਿੱਚ ਹਿੱਸੇਦਾਰੀ 15.2 ਪ੍ਰਤਿਸ਼ਤ ਹੈ ਪਰ ਸੂਚੀਬੱਧ ਬੈਂਕਾਂ ਦੇ ਕੁੱਲ ਐੱਨ ਪੀ ਏਜ਼ ਵਿੱਚ ਇਨ੍ਹਾਂ ਦੀ ਹਿੱਸੇਦਾਰੀ 25.6 ਪ੍ਰਤਿਸ਼ਤ ਹੈ।

ਉਦਯੋਗਾਂ ਦੀ ਮੁਸ਼ਕਿਲ ਵਿਚਲੀ ਉਧਾਰ ਅਨੁਪਾਤ ਮਾਰਚ 2017 ਤੱਕ ਸੂਚੀਬੱਧ ਵਪਾਰਕ ਬੈਂਕਾਂ ਦੀ ਲਗਭਗ 23 ਪ੍ਰਤਿਸ਼ਤ ਸੀ ਜਦ ਕਿ ਖੇਤੀਬਾੜੀ, ਸੇਵਾਵਾਂ ਅਤੇ ਪ੍ਰਚੂਨ ਲਈ ਇਹ ਅਨੁਪਾਤ ਕ੍ਰਮਵਾਰ 6.3 ਪ੍ਰਤਿਸ਼ਤ, 7 ਪ੍ਰਤਿਸ਼ਤ ਅਤੇ 2.1 ਪ੍ਰਤਿਸ਼ਤ ਸੀ। ਇਸ ਵਿੱਚੋਂ ਜਨਤਕ ਖੇਤਰ ਦੇ ਬੈਂਕਾਂ ਦੀ ਇਕ ਸਮੂਹ ਦੇ ਤੌਰ ਤੇ ਉਦਯੋਗਾਂ ਨੂੰ ਦਿੱਤੇ ਉਧਾਰ ਦੀ ਅਨੁਪਾਤ 28.8 ਪ੍ਰਤਿਸ਼ਤ ਸੀ ਜਦ ਕਿ ਨਿੱਜੀ ਬੈਂਕਾਂ ਅਤੇ ਵਿਦੇਸ਼ੀ ਬੈਂਕਾਂ ਦਾ ਅਨੁਪਾਤ ਕ੍ਰਮਵਾਰ 9.3 ਪ੍ਰਤਿਸ਼ਤ ਅਤੇ 7.1 ਪ੍ਰਤਿਸ਼ਤ ਸੀ। ਖਰਾਬ ਦੌਰ ਵਿੱਚੋਂ ਗੁਜ਼ਰ ਰਹੇ ਸਾਰੇ ਉਦਯੋਗਾਂ ਵਿੱਚੋਂ ਮੁੱਖ ਤੌਰ ਤੇ ਧਾਤੂ ਅਤੇ ਉਤਪਾਦ ਬਣਾਉਣ ਵਾਲੇ ਉਦਯੋਗ, ਸੀਮਿੰਟ ਅਤੇ ਉਨ੍ਹਾਂ ਦੇ ਉਤਪਾਦ, ਕੱਪੜਾ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿਚਲੇ ਉਦਯੋਗਾਂ ਦੀ ਐੱਨ ਪੀ ਏਜ਼ ਦੀ ਹਿੱਸੇਦਾਰੀ ਜ਼ਿਆਦਾ ਹੈ।


ਅਜਿਹੇ ਹਾਲਾਤ ਬਣਨ ਦਾ ਕਾਰਨ ਜਾਣਨਾ ਜ਼ਰੂਰੀ ਹੋਵੇਗਾ, ਜੋ ਹੇਠਾਂ ਦਿੱਤੇ ਜਾ ਰਹੇ ਹਨ:

- ਬੈਲੈਂਸ ਸ਼ੀਟ ਦੇ ਅਕਾਰ ਵਿੱਚ ਵਾਧਾ ਕਰਨ ਲਈ ਉਨ੍ਹਾਂ ਉਧਾਰ ਮੰਗਣ ਵਾਲਿਆਂ ਨੂੰ ਉਧਾਰ ਦੇਣਾ ਜਿਨ੍ਹਾਂ ਦਾ ਕਰਜ਼ਾ ਵਾਪਸ ਕਰਨ ਦਾ ਪਿਛਲਾ ਰਿਕਾਰਡ ਮਾੜਾ ਹੈ।
- ਇਸ ਆਸ ਨਾਲ ਕਿ ਮੰਗ ਵਧ ਜਾਵੇਗੀ, ਵਾਧੂ ਸਮਰੱਥਾਵਾਂ ਬਣਾ ਕੇ ਪੈਸਾ ਉਧਾਰ ਲਿਆ ਗਿਆ ਪਰ ਇਸ ਲਈ ਵਿਸ਼ਵ ਸਮਰੱਥਾਵਾਂ/ਮੰਗ ਪੂਰਤੀ ਦੇ ਹਾਲਾਤ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ।
- ਵੱਖ-ਵੱਖ ਕਾਰਨਾਂ ਕਰਕੇ ਪ੍ਰਜੈਕਟ ਮੁਕੰਮਲ ਹੋਣ ਵਿੱਚ ਦੇਰ ਹੋਈ।
- ਪ੍ਰਾਪਤੀਆਂ ਦੀ ਵਸੂਲੀ ਕਮਜ਼ੋਰ ਸੀ।
- ਕਾਰਪੋਰੇਟ ਖੇਤਰ ਪੂੰਜੀ ਬਾਜ਼ਾਰਾਂ ਤੋਂ ਇਕੁਇਟੀ ਰਾਹੀਂ ਜਾਂ ਦੂਸਰੇ ਕਰਜ਼ੇ ਪ੍ਰਾਪਤ ਕਰਨ ਦੀਆਂ ਵਿਧੀਆਂ ਰਾਹੀਂ ਪੈਸਾ ਜੁਟਾਉਣ ਵਿੱਚ ਨਾਕਾਮ ਰਿਹਾ ਅਤੇ ਉਧਾਰ ਲਏ ਗਏ ਪੈਸੇ ਨੂੰ ਇਕੁਇਟੀ ਵਜੋਂ ਇਸਤੇਮਾਲ ਕੀਤਾ ਗਿਆ ਜਿਸ ਨਾਲ ਦੋਹਰੀ ਮੁਨਾਫ਼ਾਖੋਰੀ ਹੋਈ। ਬੈਂਕਾਂ ਵਲੋਂ ਇਕੁਇਟੀ ਦੀ ਕਿਸਮ ਨੂੰ ਨਹੀਂ ਵੇਖਿਆ ਗਿਆ।
- ਲੋੜੋਂ ਵੱਧ ਅਨੁਮਾਨ ਲਾਉਣ ਕਰਕੇ ਕਾਰੋਬਾਰ ਵਿੱਚ ਅਸਫਲਤਾ।
- ਪਸਾਰ/ਆਧੁਨਿਕੀਕਰਨ ਲਈ ਰਾਖਵੇਂ ਪੈਸੇ ਨੂੰ ਹੋਰ ਕੰਮਾਂ ਵਿੱਚ ਲਾਉਣਾ। ਉਧਾਰ ਲਏ ਗਏ ਪੈਸੇ ਨੂੰ ਉਸ ਮੰਤਵ ਲਈ ਨਹੀਂ ਵਰਤਿਆ ਗਿਆ ਜਿਸ ਲਈ ਇਹ ਉਧਾਰ ਦਿੱਤਾ ਗਿਆ ਸੀ।
- ਜਾਣ ਬੁੱਝ ਕੇ ਪੈਸਾ ਨਾ ਮੋੜਨਾ, ਹੜੱਪ ਕਰ ਜਾਣਾ, ਧੋਖਾਧੜੀ, ਗਲਤ ਜਾਣਕਾਰੀ ਆਦਿ।
- ਬੈਂਕਾਂ ਵਲੋਂ ਫੰਡ ਦੀ ਵਰਤੋਂ ਅਤੇ ਝੂਠੀਆਂ ਕੰਪਨੀਆਂ ਦੇ ਜਾਲ ਰਾਹੀਂ ਉਧਾਰ ਲੈਣ ਵਾਲੇ ਪੈਸਾ ਇਧਰ ਉਧਰ ਕਰਨ ਦੀ ਨਿਗਰਾਨੀ ਰੱਖਣ ਲਈ ਹੁਨਰ ਦੀ ਕਮੀ।
- ਕਰਜ਼ੇ ਦੇ ਮੁੱਲਾਂਕਣ ਵਿੱਚ ਕਮੀ ਅਤੇ ਢੁੱਕਵਾਂ ਧਿਆਨ ਨਾ ਦੇਣਾ।

ਤਾਜ਼ਾ ਉਧਾਰ ਦਿੱਤੇ ਪੈਸੇ ਵਿੱਚੋਂ ਐੱਨ ਪੀ ਏਜ਼ ਦੇ ਅੰਕੜੇ ਸਾਹਮਣੇ ਆਉਣ ਨੂੰ 3 ਤੋਂ 4 ਸਾਲ ਲੱਗ ਜਾਂਦੇ ਹਨ। ਵਿਕਾਸ ਦੇ ਦੌਰ ਦੌਰਾਨ ਤਿੰਨ ਗੁਣਾ ਤੱਕ ਵਧਾਇਆ ਜਾ ਸਕਦਾ ਹੈ।

**ਉਦਯੋਗ ਦੇ ਤਹਿਤ ਵੱਖ-ਵੱਖ ਉਪ-ਖੇਤਰਾਂ ਦਾ ਅਗਾਊਂ ਅਨੁਪਾਤ**


(ਉਨ੍ਹਾਂ ਦੇ ਸੰਬੰਧ ਉਪ-ਖੇਤਰਾਂ ਨੂੰ ਅਗਾਊਂ ਪ੍ਰਤਿਸ਼ਤ ਦੇ ਰੂਪ ਵਿੱਚ)




**ਨੋਟ : ਸੰਕੇਤ ਵਾਕ ਨਾਲ ਬ੍ਰੈਕਟ ਵਿੱਚ ਦਰਸਾਏ ਅੰਕ ਉਸ ਕ੍ਰਮਵਾਰ ਉਪ ਖੇਤਰ ਦਾ ਹਿੱਸਾ ਹਨ ਜੋ ਕਿ ਸਨਅਤ ਨੂੰ ਦਿੱਤਾ ਗਿਆ ਕਰਜ਼ਾ ਹੈ**

***ਸਰੋਤ : ਵਿੱਤੀ ਸਥਿਰਤਾ ਰਿਪੋਰਟ, ਜੂਨ 2017***

|  | ਜੀ ਐੱਨ ਪੀ ਏਜ਼ ਅਨੁਪਾਤ | ਕਰਜ਼ੇ ਵਿੱਚ ਵਾਧਾ |
|---|---|---|
| 2001-02 | 11 | 23.6 |
| 2002-03 | 9.5 | 14.4 |
| 2003-04 | 7.4 | 16.2 |
| 2004-05 | 5.2 | 31 |
| 2005-06 | 3.5 | 31 |
| 2006-07 | 2.6 | 28.5 |
| 2007-08 | 2.4 | 23.1 |
| 2008-09 | 2.4 | 19.6 |
| 2009-10 | 2.5 | 17.1 |
| 2010-11 | 2.4 | 22.3 |
| 2011-12 | 2.9 | 16.9 |
| 2012-13 | 3.4 | 15.1 |
| 2013-14 | 3.8 | 10.9 |
| 2014-15 | 4.3 | 12.6 |
| 2015-16 | 7.6 | 10.7 |
| 2016-17 | 9.3 | 5.08 |




ਨਵੇਂ ਐੱਨ ਪੀ ਏਜ਼ ਦਾ ਨਿਰਮਾਣ ਉਧਾਰ ਦੇਣ ਵਿੱਚ ਵਾਧਿਆਂ ਅਤੇ ਹਰ ਪਾਸੇ ਹਰਾ ਦਿਸਣ ਨਾਲ ਲੁਕਿਆ ਰਹਿ ਜਾਂਦਾ ਹੈ। ਕੁੱਲ ਐੱਨ ਪੀ ਏ ਅਨੁਪਾਤ ਵਿੱਚ ਖ਼ਤਰੇ ਵਾਲਾ ਵਾਧਾ ਦਿਖਾਈ ਨਹੀਂ ਦਿੰਦਾ ਕਿਉਂਕਿ ਉਧਾਰ ਐੱਨ ਪੀ ਏ ਨਾਲੋਂ ਜ਼ਿਆਦਾ ਤੇਜ਼ ਗਤੀ ਨਾਲ ਵਧਦਾ ਹੈ। ਬੈਂਕਾਂ ਨੂੰ ਅਪਰਾਧ ਦੇ ਕਾਰਨਾਂ ਦੀ ਪੈਦਾ ਹੋ ਰਹੀ ਹਾਲਤ ਦੀ ਨਿਗਰਾਨੀ ਲਈ ਜ਼ਿਆਦਾ ਸੁਚੇਤ ਰਹਿਣਾ ਚਾਹੀਦਾ ਸੀ (ਕਾਰਨ ਉਪਰ ਬਿਆਨ ਕੀਤੇ ਜਾ ਚੁੱਕੇ ਹਨ) ਅਤੇ ਨਾਲ ਹੀ ਜਾਣ ਬੁੱਝ ਕੇ ਕਰਜ਼ਾ ਨਾ ਵਾਪਸ ਕਰਨ ਵਾਲਿਆਂ ਨੂੰ ਕਰਜ਼ਾ ਨਾ ਦੇਣ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਸਨ। ਉਨ੍ਹਾਂ ਨੂੰ ਰਿਜ਼ਰਵ ਬੈਂਕ ਦੇ ਗਸ਼ਤੀ ਪੱਤਰ ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਸੀ ਤਾਂ ਕਿ ਅਗਾਊਂ ਚਿਤਾਵਨੀ ਦੇ ਸੰਕੇਤਾਂ ਨੂੰ ਸਮਝਿਆ ਜਾ ਸਕਦਾ ਅਤੇ ਜਾਣ ਬੁੱਝ ਕੇ ਕਰਜ਼ਾ ਵਾਪਸ ਨਾ ਕਰਨ ਵਾਲਿਆਂ ਨੂੰ ਗ਼ੈਰ-ਸਹਿਯੋਗੀ ਜਾਂ ਡਿਫਾਲਟਰ ਐਲਾਨਿਆ ਜਾ ਸਕਦਾ।

ਹੇਠਾਂ ਦਿੱਤੇ ਅਨੁਸਾਰ ਕੰਪਨੀ ਕਾਨੂੰਨ ਦੇ ਪ੍ਰਾਵਧਾਨ ਬੈਂਕਾਂ ਨੂੰ ਕਾਰਵਾਈ ਕਰਨ ਅਤੇ ਅਜਿਹੇ ਮਾਮਲੇ ਐੱਸ ਐੱਫ ਆਈ ਓ ਨੂੰ ਭੇਜਣ ਦਾ ਪੂਰਾ ਮਸਲਾ ਪ੍ਰਦਾਨ ਕਰਦੇ ਹਨ।


ਕੰਪਨੀ ਐਕਟ 2013 ਦੇ ਸੈਕਸ਼ਨ 447 ਮੁਤਾਬਕ, ਕੰਪਨੀ ਦੇ ਮਾਮਲਿਆਂ ਸੰਬੰਧੀ ਧੋਖਾਧੜੀ ਦਾ ਇਕ ਨਵਾਂ ਜੁਰਮ ਹੇਠ ਲਿਖੇ ਅਨੁਸਾਰ ਹੈ : ਕੋਈ ਵੀ ਭੁੱਲ, ਸੱਚਾਈ ਨੂੰ ਛੁਪਾਉਣਾ ਜਾਂ ਕਿਸੇ ਵੀ ਵਿਅਕਤੀ ਵਲੋਂ ਧੋਖਾ ਦੇਣ ਜਾਂ ਕੰਪਨੀ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਆਪਣੇ ਅਹੁਦੇ ਦਾ ਦੁਰਉਪਯੋਗ ਕਰਨਾ ਜਾਂ ਇਸ ਦੇ ਸ਼ੇਅਰ ਧਾਰਕਾਂ ਜਾਂ ਕਰਜ਼ਾ ਦੇਣ ਵਾਲਿਆਂ ਦਾ ਨੁਕਸਾਨ ਕਰਨਾ ਭਾਵੇਂ ਕਿ ਕੋਈ ਗਲਤ ਫਾਇਦਾ ਜਾਂ ਨੁਕਸਾਨ ਹੋਵੇ ਜਾਂ ਨਾ, ਇਸ ਦੀ ਜਾਂਚ ਗੰਭੀਰ ਧੋਖਾਧੜੀ ਜਾਂਚ ਦਫ਼ਤਰ (ਐੱਸ ਐੱਫ ਆਈ ਓ) ਵਲੋਂ ਕੀਤੀ ਜਾ ਸਕਦੀ ਹੈ।

ਇਸ ਲਈ ਜਾਣ ਬੁੱਝ ਕੇ ਪੈਸਾ ਨਾ ਮੋੜਨ ਵਾਲਿਆਂ ਦੇ ਮਾਮਲੇ ਜਾਂਚ ਲਈ ਐੱਸ ਐੱਫ ਆਈ ਓ ਨੂੰ ਦਿੱਤੇ ਜਾ ਸਕਦੇ ਹਨ ਕਿ ਕੀ ਅਜਿਹੀ ਡਿਫਾਲਟ ਰਕਮ ਕੰਪਨੀ ਐਕਟ ਦੀ ਧਾਰਾ 447 ਅਧੀਨ ਗੰਭੀਰ ਧੋਖਾਧੜੀ ਬਣਦੀ ਹੈ। ਜਦੋਂ ਤੱਕ ਕਿ ਬੈਂਕਾਂ ਬੇਈਮਾਨੀ ਅਤੇ ਉਧਾਰ ਲੈਣ ਵਾਲਿਆਂ ਦੀਆਂ ਝੂਠੀਆਂ ਦਰਖ਼ਾਸਤਾਂ ਸਾਬਤ ਕਰਨ ਦੀ ਹਾਲਤ ਵਿੱਚ ਹੋਣ, ਉਦੋਂ ਤੱਕ ਜਾਣ ਬੁੱਝ ਕੇ ਕਰਜ਼ਾ ਨਾ ਮੋੜਨ ਵਾਲੇ ਉਧਾਰ ਲੈਣ ਵਾਲਿਆਂ ਖ਼ਿਲਾਫ਼ ਅਪਰਾਧਕ ਕਾਰਵਾਈ ਸ਼ੁਰੂ ਕਰਨਾ ਮੁਸ਼ਕਿਲ ਹੈ।

ਕੋਈ ਵੀ ਵਿਅਕਤੀ ਜਿਸ ਨੂੰ ਧੋਖਾਧੜੀ ਦਾ ਦੋਸ਼ੀ ਪਾਇਆ ਜਾਂਦਾ ਹੈ – ਨੂੰ ਸਜ਼ਾ ਸੁਣਾਈ ਜਾ ਸਕਦੀ ਹੈ ਜੋ 6 ਮਹੀਨਿਆਂ ਤੋਂ ਘੱਟ ਨਹੀਂ ਹੋਵੇਗੀ ਪਰ ਜਿਸ, ਨੂੰ 10 ਸਾਲ ਤੱਕ ਵਧਾਇਆ ਜਾ ਸਕਦਾ ਹੈ ਅਤੇ

ਜੁਰਮਾਨਾ – ਜੋ ਧੋਖਾਧੜੀ ਵਾਲੀ ਰਕਮ ਤੋਂ ਘੱਟ ਨਹੀਂ ਹੋਵੇਗਾ ਪਰ ਜਿਸ ਨੂੰ ਉਸ ਰਕਮ ਤੋਂ ਤਿੰਨ ਗੁਣਾ ਤੱਕ ਵਧਾਇਆ ਜਾ ਸਕਦਾ ਹੈ।

ਜੇ ਧੋਖਾਧੜੀ ਵਿੱਚ ਜਨਤਕ ਹਿੱਤ ਸ਼ਾਮਲ



ਹੋਣ ਤਾਂ ਸਜ਼ਾ ਦੀ ਮਿਆਦ 3 ਸਾਲ ਤੋਂ ਘੱਟ ਨਹੀਂ ਹੋਵੇਗੀ।

ਬਹੁਤ ਸਾਰੇ ਸਹਾਇਕ ਕਾਨੂੰਨ ਹਨ ਜੋ ਬੈਂਕਾਂ ਵਲੋਂ ਡੁੱਬੀ ਰਕਮ ਦੀ ਵਸੂਲੀ ਲਈ ਬਣਾਏ ਗਏ ਹਨ, ਜਿਵੇਂ ਆਰ ਡੀ ਡੀ ਬੀ ਐੱਫ ਆਈ ਐਕਟ, ਐੱਸ ਏ ਆਰ ਐੱਫ ਈ ਐੱਸ ਆਈ ਐਕਟ-02 ਅਤੇ ਦਿਵਾਲੀਏਪਨ ਸੰਬੰਧੀ ਹਾਲੀਆ ਕਾਨੂੰਨ ਅਤੇ 2016 ਦਾ ਦਿਵਾਲੀਆ ਕੋਡ।

ਐੱਸ ਏ ਆਰ ਐੱਫ ਈ ਐੱਸ ਆਈ ਐਕਟ ਬੈਂਕਾਂ ਨੂੰ ਇਸ ਕੋਲ ਗਹਿਣੇ ਪਏ ਅਸਾਸਿਆਂ ਦੀ ਨਿਲਾਮੀ ਕਰਨ ਦੀ ਆਗਿਆ ਦਿੰਦਾ ਹੈ ਜਿਸ ਵਿੱਚ ਅਦਾਲਤ ਕੋਈ ਦਖ਼ਲ ਨਹੀਂ ਦੇ ਸਕਦੀ। ਬੇਸ਼ੱਕ ਇਹ ਇਕ ਤਾਕਤਵਰ ਕਾਨੂੰਨ ਹੈ ਅਤੇ ਢੁੱਕਵੀ ਯੋਜਨਾਬੰਦੀ ਅਤੇ ਅਮਲ ਦੁਆਰਾ ਅਸਾਸਿਆਂ ਨੂੰ ਵੇਚਿਆ ਜਾ ਸਕਦਾ ਹੈ। ਡਿਫਾਲਟਰ ਬੈਂਕ ਵਲੋਂ ਅਸਾਸਿਆਂ ਦੀ ਨਿਲਾਮੀ ਨੂੰ ਰੋਕਣ ਲਈ ਹਰ ਹੀਲਾ ਵਰਤਣਗੇ। ਅਧਿਕਾਰਤ ਅਫ਼ਸਰਾਂ ਖ਼ਿਲਾਫ਼ ਝੂਠੇ ਦੋਸ਼/ਅਪਰਾਧਕ ਦਾਖ਼ਲੇ ਦੇ ਦੋਸ਼ ਲਾਏ ਜਾਂਦੇ ਹਨ ਜਦਕਿ ਕੁਝ ਇਕ ਮਾਮਲਿਆਂ ਵਿੱਚ ਬੈਂਕ ਪ੍ਰਬੰਧਨ ਅਜਿਹੇ ਅਫ਼ਸਰਾਂ ਦੀ ਪਿੱਠ ਉਤੇ ਆ ਜਾਂਦਾ ਹੈ। ਇਸ ਨਾਲ ਕਾਮਿਆਂ ਵਿੱਚ ਨਿਰਾਸ਼ਾ ਫੈਲਦੀ ਹੈ ਅਤੇ ਵਸੂਲੀ ਵੱਟੇ ਖਾਤੇ ਪੈ ਜਾਂਦੀ ਹੈ। ਦੀਪਕ ਨਾਰੰਗ ਬਨਾਮ ਹਰਿਆਣਾ ਸਰਕਾਰ ਅਤੇ ਏ ਐੱਨ ਆਰ ਦੇ ਇਕ ਫੈਸਲਾ ਹੋ ਚੁੱਕੇ ਮਾਮਲੇ ਵਿੱਚ 14 ਸਤੰਬਰ 2006 ਨੂੰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਨਾ ਕੇਵਲ ਸਹਾਇਕ ਜਨਰਲ ਮੈਨੇਜਰ (ਮਤਲਬ ਲੇਖਕ) ਅਲਾਹਾਬਾਦ ਬੈਂਕ ਦੀ ਪਿੱਠ ਉਤੇ ਆਏ, ਜੋ ਅਧਿਕਾਰਤ ਅਫ਼ਸਰ ਸੀ, ਬਲਕਿ ਐੱਫ ਆਈ ਆਰ ਦਾਖਲ ਕਰਨ ਵਾਲੇ ਮਜਿਸਟ੍ਰੇਟ ਨੂੰ ਵੀ ਨਿਸ਼ਾਨੇ ਉਤੇ ਲਿਆ ਅਤੇ ਫਰਜ਼ੀ ਤੱਥਾਂ ਉਤੇ ਅਧਾਰਤ ਸਜ਼ਾ ਦਾ ਹੁਕਮ ਵੀ ਸੁਣਾਇਆ। ਮਾਣਯੋਗ ਜੱਜ ਆਰ ਐੱਸ ਮਦਾਨ ਨੇ ਆਖਿਆ :

- ਇਹ ਇਕ ਅਜਿਹਾ ਮਾਮਲਾ ਹੈ ਜਿਸ ਵਿੱਚ ਅਰਜ਼ੀ ਦੇਣ ਵਾਲਿਆਂ ਨੂੰ ਨਾ ਸਿਰਫ ਸੀ ਪੀ ਸੀ ਦੀ ਧਾਰਾ 197 ਅਧੀਨ, ਸਗੋਂ 2002 ਦੇ ਐਕਟ ਦੀ ਧਾਰਾ 32 ਅਧੀਨ ਵੀ ਸੁਰੱਖਿਅਤ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਦੁਬਾਰਾ ਹੇਠਾਂ ਪੇਸ਼ ਕੀਤਾ ਜਾ ਰਿਹਾ ਹੈ :

- ਸਰਕਾਰੀ ਨੌਕਰ ਉਤੇ, ਕਿਸੇ ਵੀ ਤਥਾਕਥਿਤ ਜੁਰਮ ਬਦਲੇ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦੀ ਲੋੜ ਹੈ ਜੋ ਉਸ ਵਲੋਂ ਆਪਣੇ ਅਧਿਕਾਰਤ ਫਰਜ਼ ਅਦਾ ਕਰਦਿਆਂ ਕੀਤਾ ਗਿਆ ਹੋਵੇ – ਅਧਿਕਾਰਤ ਫਰਜ਼ ਕਹਿੰਦਾ ਹੈ ਕਿ ਇਹ ਕੰਮ ਸਰਕਾਰੀ ਕਰਮਚਾਰੀ ਵਲੋਂ ਆਪਣੀ ਸੇਵਾ ਦੌਰਾਨ ਕੀਤਾ ਹੋਣਾ ਚਾਹੀਦਾ ਹੈ ਅਤੇ ਅਜਿਹਾ ਕੰਮ ਜਾਂ ਮੁੱਲ ਆਪਣੀ ਡਿਊਟੀ ਦੌਰਾਨ ਕੀਤਾ ਗਿਆ ਹੋਵੇ ਜੋ ਅੱਗੋਂ ਫੇਰ ਅਧਿਕਾਰਤ ਕਿਸਮ ਦੀ ਹੋਵੇ – ਸੀ ਪੀ ਸੀ ਦੀ ਧਾਰਾ 197 ਅਜਿਹੇ ਕੰਮਾਂ ਉਤੇ ਲਾਗੂ ਹੋਵੇਗੀ ਜੋ ਡਿਊਟੀ ਦੌਰਾਨ ਕੀਤਾ ਗਿਆ ਹੋਵੇ।


- ਪ੍ਰਤੀਭੂਤੀਕਰਨ ਐਕਟ, 2002 – ਧਾਰਾ 32 – ਚੰਗੀ ਨੀਅਤ ਨਾਲ ਕੀਤੇ ਗਏ ਕੰਮ ਦੀ ਸੁਰੱਖਿਆ – ਕਿਸੇ ਵੀ ਸੁਰੱਖਿਅਤ ਕਰਜ਼ਾ ਦੇਣ ਵਾਲੇ ਜਾਂ ਉਸ ਦੇ ਕਿਸੇ ਵੀ ਅਧਿਕਾਰੀ ਜਾਂ ਪ੍ਰਬੰਧਕ ਖਿਲਾਫ਼, ਸੁਰੱਖਿਅਤ ਕਰਜ਼ ਦੇਣ ਵਾਲੇ ਜਾਂ ਉਧਾਰ ਲੈਣ ਵਾਲੇ ਦੇ ਹੱਕਾਂ ਦੀ ਵਰਤੋਂ ਕਰਦਿਆਂ ਕੋਈ ਵੀ ਮੁਕੱਦਮਾ ਜਾਂ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ, ਕਿਸੇ ਵੀ ਕੰਮ ਲਈ ਜੋ ਇਸ ਐਕਟ ਅਧੀਨ ਚੰਗੀ ਨੀਅਤ ਨਾਲ ਕੀਤਾ ਗਿਆ ਜਾਂ ਨਾ ਕੀਤਾ ਗਿਆ ਹੋਵੇ।

- ਜ਼ਾਹਰ ਹੈ, ਪ੍ਰਤਿਵਾਦੀ (ਜਵਾਬਦੇਹੀ) ਨੰਬਰ-2 ਕੋਲ ਅਪੀਲ ਕਰਤਾ ਖਿਲਾਫ਼ ਮੁਕੱਦਮਾ ਚਲਾਉਣ ਦਾ ਕੋਈ ਕਾਰਨ ਨਹੀ ਕਿਉਂਕਿ ਸੰਬੰਧਿਤ ਸਮੇਂ ਤੋਂ ਉਹ ਘਰ ਵਿੱਚ ਮੌਜੂਦ ਨਹੀਂ ਸੀ। ਇਸ ਲਈ ਮੌਜੂਦਾ ਸ਼ਿਕਾਇਤ ਡਿਫਾਲਟਰਾਂ ਵਲੋਂ ਬਦਲਾ ਲੈਣ ਦੀ ਕਾਰਵਾਈ ਹੈ, ਜੋ ਉਸ ਨੇ ਆਪਣੇ ਪੁੱਤਰ ਰਾਹੀਂ ਸ਼ਿਕਾਇਤ ਵਿੱਚ ਮਨਘੜਤ ਗੱਲਾਂ ਸ਼ਾਮਲ ਕਰਕੇ ਦਾਖਲ ਕੀਤੀ ਗਈ ਹੈ ਜੋ ਅਸਲ ਵਿੱਚ ਹੋਈਆਂ ਹੀ ਨਹੀਂ। ਇਸ ਲਈ ਮੌਜੂਦਾ ਸ਼ਿਕਾਇਤ ਅਦਾਲਤ ਦੀ ਪ੍ਰਕਿਰਿਆ ਵਿੱਚ ਵਿਘਨ ਪਾਉਣ ਦੇ ਬਰਾਬਰ ਹੈ ਜਿਸ ਨੂੰ ਅੱਗੇ ਲਿਜਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਬੈਂਕ ਦੇ ਅਧਿਕਾਰਤ ਅਧਿਕਾਰੀ ਦੇ ਹੱਕ ਵਿੱਚ ਇਸ ਐਕਟ ਨਾਲ ਸੰਬੰਧਿਤ ਵੱਖ-ਵੱਖ ਨਿਆਂਇਕ ਫੈਸਲੇ ਹੋਣ ਦੇ ਬਾਵਜੂਦ, ਇਹ ਪ੍ਰਕਿਰਿਆ ਆਪਣੀ ਉਪਯੋਗਤਾ ਗੁਆ ਬੈਠੀ ਹੈ ਅਤੇ ਇਸ ਐਕਟ ਅਧੀਨ ਵਸੂਲੀ ਕਰਨ ਲਈ ਬੈਂਕ ਏਨੇ ਅੱਖੜ ਨਹੀਂ ਹਨ।

ਇਸ ਐਕਟ ਅਧੀਨ 2015-16 ਵਰ੍ਹੇ ਦੌਰਾਨ ਬੈਂਕਾਂ ਵਲੋਂ 64,519 ਜਾਇਦਾਦਾਂ ਜਬਤ ਕੀਤੀਆਂ ਗਈਆਂ। ਜੂਨ 2017 ਤੱਕ ਇਹ ਅੰਕੜਾ 33928 ਹੈ। ਇਹ ਜ਼ਿਆਦਾ ਹੋਣਾ ਚਾਹੀਦਾ ਸੀ।

ਸਰਕਾਰ ਵਲੋਂ ਜ਼ਿਲ੍ਹਾ ਕਲੈਕਟਰ/ਜ਼ਿਲ੍ਹਾ ਮਜਿਸਟ੍ਰੇਟ ਲਈ ਜ਼ਰੂਰੀ ਬਣਾਉਣ ਖਾਤਰ ਕਾਨੂੰਨ ਵਿੱਚ ਸੋਧ ਕੀਤੀ ਗਈ ਕਿ ਅਧਿਕਾਰਤ ਅਫ਼ਸਰ ਵਲੋਂ ਦਰਖ਼ਾਸਤ ਦੇਣ ਦੀ ਸੂਰਤ ਵਿੱਚ ਉਨ੍ਹਾਂ ਜਾਇਦਾਦਾਂ ਦਾ ਕਬਜਾ ਬੈਂਕ ਨੂੰ ਦੇ ਦਿੱਤਾ ਜਾਵੇ। ਕਈ ਹੋਰ ਵੀ ਰੁਕਾਵਟਾਂ ਹਨ ਜੋ ਉਧਾਰ ਲੈਣ ਵਾਲਿਆਂ ਵਲੋਂ ਬੈਂਕਾਂ ਵਾਲਿਆਂ ਸਾਹਮਣੇ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਉਧਾਰ ਲੈਣ ਵਾਲਿਆਂ ਵਲੋਂ ਲੰਮੇ ਸਮੇਂ ਤੋਂ ਇਸ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।



ਇਕ ਬੈਂਕਰ ਦੇ ਤੌਰ ਤੇ ਇਕ ਇਮਾਨਦਾਰ ਉਧਾਰ ਲੈਣ ਵਾਲੇ ਦੀ ਸਥਿਤੀ ਸਮਝੀ ਜਾ ਸਕਦੀ ਹੈ। ਇਸ ਦਾ ਮੁੱਲਾਂਕਣ ਹੋਣਾ ਚਾਹੀਦਾ ਹੈ। ਲੁਧਿਆਣੇ ਦੇ ਇਕ ਉਦਯੋਗਪਤੀ ਸ਼੍ਰੀ ਸੰਜੇ ਲੌਂਗੋਵਾਲੀਆ ਨੇ ਦੱਸਿਆ ਕਿ ਉਸ ਵਲੋਂ ਉਨ੍ਹਾਂ ਚੀਜ਼ਾਂ ਦਾ ਹੀ ਨਿਰਮਾਣ ਕੀਤਾ ਜਾ ਰਿਹਾ ਸੀ ਜੋ ਲੁਧਿਆਣੇ ਦੇ ਦੂਸਰੇ ਉਦਯੋਗਾਂ ਵਲੋਂ ਬਣਾਈਆਂ ਜਾ ਰਹੀਆਂ ਸਨ। ਭਾਵੇਂ ਕਿ ਉਹ ਨਿਰਧਾਰਤ ਦਰ ਉਤੇ ਵਿਆਜ ਅਦਾ ਕਰ ਰਿਹਾ ਹੈ, ਸਮੇਂ ਸਿਰ ਕਿਸ਼ਤ ਭਰ ਰਿਹਾ ਹੈ, ਟੈਕਸ ਵੀ ਇਮਾਨਦਾਰੀ ਨਾਲ ਦੇ ਰਿਹਾ ਹੈ ਪਰ ਬੈਂਕਾਂ ਉਸ ਦੀ ਵਿਆਜ ਦੀ ਦਰ ਵਿੱਚ ਕਟੌਤੀ ਕਰਨ ਦੀ ਬੇਨਤੀ ਨੂੰ ਸਵੀਕਾਰ ਨਹੀਂ ਕਰ ਰਹੀਆਂ ਅਤੇ ਉਸ ਦੇ ਪਿਛਲੇ ਉੱਤਮ ਵਿਹਾਰ ਲਈ ਵੀ ਉਸ ਨੂੰ ਕੋਈ ਇਨਾਮ ਨਹੀਂ ਦਿੱਤਾ ਜਾ ਰਿਹਾ। ਉਸ ਨੇ ਗਿਲ੍ਹਾ ਕਰਦਿਆਂ ਆਖਿਆ ਕਿ ਇਕ ਬੇਈਮਾਨ ਉਧਾਰ ਲੈਣ ਵਾਲਾ ਪੈਸਾ ਦੂਸਰੀ ਥਾਂ ਵਰਤਣ ਅਤੇ ਵਪਾਰ ਚਲਾਉਣ ਦੇ ਬਾਵਜੂਦ ਵੀ, ਵੱਖ-ਵੱਖ ਪੁਨਰਗਠਨ ਸਕੀਮਾਂ ਤਹਿਤ, ਵਿਆਜ ਦਰਾਂ ਵਿੱਚ ਰਿਆਇਤਾਂ ਅਤੇ ਕਿਸ਼ਤਾਂ ਭਰਨ ਉਤੇ ਰੋਕ ਲੁਆਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਜ਼ਾਹਰ ਹੈ ਕਿ ਇਕ ਬੇਈਮਾਨ ਉਧਾਰ ਲੈਣ ਵਾਲੇ ਦੇ ਮੁਕਾਬਲੇ ਆਪਣਾ ਉਤਪਾਦ ਬਾਜ਼ਾਰ ਵਿੱਚ ਵੇਚਣ ਸਮੇਂ ਹਮੇਸ਼ਾ ਘਾਟੇ ਵਿੱਚ ਰਹਿੰਦਾ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਕੀ ਬੇਈਮਾਨੀ ਦਾ ਕੋਈ ਇਨਾਮ ਦਿੱਤਾ ਜਾਂਦਾ ਹੈ? ਕੀ ਇਮਾਨਦਾਰ ਉਧਾਰ ਲੈਣ ਵਾਲਿਆਂ ਨੂੰ ਭੁਗਤਣਾ ਹੋਵੇਗਾ? ਇਹੀ ਉਹ ਸਮਾਂ ਸੀ ਜਦੋਂ ਮਾਣਯੋਗ ਪ੍ਰਧਾਨ ਮੰਤਰੀ ਦੇ ਬੋਲ ਮੇਰੇ ਦਿਮਾਗ ਵਿੱਚ ਗੂੰਜੇ। ਇਕ ਸਾਖਿਆਤਕਾਰ ਵਿੱਚ ਉਨ੍ਹਾਂ ਆਖਿਆ ਸੀ ਕਿ ਜਾਣਬੁੱਝ ਕੇ ਕਰਜ਼ਾ ਨਾ ਮੋੜਨ ਵਾਲਿਆਂ ਨੂੰ ਉਹ ਕਾਨੂੰਨ ਦਾ ਸਵਾਦ ਜ਼ਰੂਰ ਚਖਾਉਣਗੇ। ਮੌਜੂਦਾ ਸਰਕਾਰ ਵਲੋਂ ਦਿਵਾਲੀਏਪਨ ਅਤੇ ਬੈਂਕ ਦੇ ਦਿਵਾਲੀਏਪਨ ਦੇ ਕੋਡ ਸੰਬੰਧੀ 1 ਦਸੰਬਰ 2016 ਨੂੰ ਕੀਤਾ ਗਿਆ ਸ਼ਲਾਘਾਯੋਗ ਯਤਨ ਵੱਡਾ ਬਦਲਾਅਕਾਰੀ ਸਾਬਤ ਹੋਵੇਗਾ। ਸਰਕਾਰ ਵਲੋਂ ਇਸ ਚੋਰ-ਮੋਰੀ ਨੂੰ ਬੰਦ ਕਰਨ ਲਈ ਅਤੇ ਵਸੂਲੀ ਵਾਸਤੇ ਸਖਤ ਕਾਨੂੰਨ ਬਣਾਉਣ ਲਈ ਦੋ ਵਾਰ ਆਰਡੀਨੈਂਸ ਲਿਆਂਦਾ ਗਿਆ। ਦਿਵਾਲੀਆਪਨ ਅਤੇ ਬੈਂਕ ਦਿਵਾਲੀਆਪਨ ਦਾ ਕੋਡ ਹੁਣ ਇਕ ਬ੍ਰਹਮਅਸਤਰ ਵਰਗੇ ਹਥਿਆਰ ਹਨ ਜਿਨ੍ਹਾਂ ਦੀ ਵਰਤੋਂ ਐੱਨ ਪੀ ਏਜ਼ ਦੀ ਬੁਰਾਈ ਦੇ ਖਾਤਮੇ ਲਈ ਕੀਤੀ ਜਾਵੇਗੀ। ਇਸ ਦੀ ਸਫਲਤਾ ਇੱਛਾ ਸ਼ਕਤੀ ਅਤੇ ਵਰਤੋਂਕਾਰ ਦੀ ਇਮਾਨਦਾਰ ਇੱਛਾ ਉਤੇ ਨਿਰਭਰ ਕਰੇਗੀ ਜਿਸ ਨਾਲ ਨਿਆਂਕਾਰੀ ਅਤੇ ਸਮਾਨਤਾ ਵਾਲਾ ਹੱਲ ਲੱਭਿਆ ਜਾ ਸਕੇਗਾ। ਕਾਨੂੰਨ ਦੇ ਅਸਲ ਮੰਤਵ ਨੂੰ ਹਰਾਉਣ ਵਾਲਿਆਂ ਦੇ ਬੁਰੇ ਇਰਾਦਿਆਂ ਅਤੇ ਇੱਛਾਵਾਂ ਨੂੰ ਨਸ਼ਟ ਕਰਨਾ ਬੇਹੱਦ ਜ਼ਰੂਰੀ ਹੈ। ਆਈ ਬੀ ਸੀ ਤਹਿਤ ਮਤਾ ਵਿਤਕਰੇ ਰਾਹੀਂ ਨਿਗਰਾਨੀ ਉਤੇ ਅਧਾਰਤ ਹੋਣਾ ਚਾਹੀਦਾ ਹੈ।

ਹਾਲੀਆ ਆਰਡੀਨੈਂਸ, ਜੋ ਜਾਣ ਬੁੱਝ ਕੇ ਕਰਜ਼ਾ ਨਾ ਮੋੜਨ ਵਾਲਿਆਂ ਨੂੰ ਕਰਜ਼ੇ ਦੀ ਰਕਮ ਹੋਰ ਪਾਸੇ ਵਰਤ ਕੇ ਆਪਣੀਆਂ ਕੰਪਨੀਆਂ ਦੁਬਾਰਾ ਖਰੀਦਣ ਜਾਂ ਆਪਣੇ ਖਾਤਿਆਂ ਨੂੰ ਐੱਨ ਪੀ ਏ ਬਣਾਉਣ ਤੋਂ ਰੋਕਦਾ ਹੈ, ਨੇ ਅਜਿਹੇ ਵਿਅਕਤੀਆਂ ਦੇ ਮਨਸੂਬਿਆਂ ਉਤੇ ਪਾਣੀ ਫੇਰ ਦਿੱਤਾ ਹੈ। ਸਰਕਾਰ ਨੇ ਜਿਹੜੀ ਤਤਪਰਤਾ ਦਿਖਾਈ ਹੈ, ਉਹ ਸ਼ਲਾਘਾਯੋਗ ਹੈ ਅਤੇ ਇਸ ਦੀ ਇੱਛਾ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਪ੍ਰਣਾਲੀ ਨੂੰ ਐੱਨ ਪੀ ਏ ਦੀ ਬੁਰਾਈ ਤੋਂ ਨਿਜਾਤ ਦੁਆਈ ਜਾਵੇਗੀ ਅਤੇ ਕਿਸੇ ਨੂੰ ਵੀ ਖੁੱਲ੍ਹ ਖੇਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਕੰਪਨੀ ਐਕਟ 2013 ਦੀ ਧਾਰਾ 447 ਨਾਲ ਮਿਲ ਕੇ ਇਸ ਆਰਡੀਨੈਂਸ ਨੇ ਜਾਣ ਬੁੱਝ ਕੇ ਡਿਫਾਲਟਰ ਬਣਨ ਵਾਲਿਆਂ ਦੇ ਸਾਹ ਸੁਕਾ ਛੱਡੇ ਹਨ। ਰਿਜ਼ਰਵ ਬੈਂਕ ਦੀ ਪਰਿਭਾਸ਼ਾ ਮੁਤਾਬਕ ਜਾਣ ਬੁੱਝ ਕੇ ਕਰਜ਼ਾ ਨਾ ਮੋੜਨ ਨੂੰ ਗੰਭੀਰ ਅਪਰਾਧ ਬਣਾਉਣ ਦਾ ਇਹ ਸਹੀ ਸਮਾਂ ਹੈ ਜਿਵੇਂ ਕਿ ਕੁੱਝ ਮੁਲਕਾਂ ਵਿੱਚ ਕੀਤਾ ਜਾ ਰਿਹਾ ਹੈ ਇਸ ਨਾਲ ਜਾਣ ਬੁੱਝ ਕੇ ਪੈਸਾ ਹੜੱਪਣ ਵਾਲਿਆਂ ਦੇ ਕਫ਼ਨ ਵਿੱਚ ਆਖਰੀ ਕਿੱਲ ਠੁੱਕ ਜਾਵੇਗੀ। ਇਨ੍ਹਾਂ ਕਦਮਾਂ ਦਾ ਬੈਂਕਾਂ ਤੋਂ ਕਰਜ਼ਾ ਲੈਣ ਵਾਲਿਆ ਦੇ ਵਿਵਹਾਰ ਉਤੇ ਲਾਭਕਾਰੀ ਪ੍ਰਭਾਵ ਪਵੇਗਾ ਜੋ ਕਰਜ਼ਾ ਲੈ ਕੇ ਨਾ ਮੋੜਨ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਉਧਾਰ ਵਾਪਸ ਨਾ ਮੋੜਨ ਵਾਲੇ ਬਦਮਾਸ਼ਾਂ ਲਈ ਫੈਸਲੇ ਦਾ ਸਮਾਂ ਆਖਰ ਆ ਪੁੱਜਾ ਹੈ।

ਪੈਸੇ ਦੀ ਅੰਤਮ ਵਰਤੋਂ ਬਾਰੇ ਪੱਕਾ ਕਰਨ ਲਈ ਬੈਂਕਾਂ ਨੂੰ ਫੌਰੈਂਸਿਕ ਆਡਿਟ ਕਰਵਾਉਣ ਦੀ ਲੋੜ ਹੈ। ਉਨ੍ਹਾਂ ਨੂੰ ਉਧਾਰ ਲੈਣ ਵਾਲੇ ਬਾਰੇ ਅਤੇ ਉਨ੍ਹਾਂ ਦੇ ਕਾਰੋਬਾਰ ਬਾਰੇ ਪੂਰੀ ਸੂਹ ਲੈਣ ਲਈ ਵੱਡੇ ਅੰਕੜਾ ਮੁੱਲਾਂਕਣ ਅਤੇ ਦੂਸਰੇ ਸੂਚਨਾ ਤਕਨੀਕ ਹੱਲਾਂ ਦਾ ਸਹਾਰਾ ਲੈਣਾ ਚਾਹੀਦਾ ਹੈ, ਜਿਵੇਂ ਕਿ ਫਿਨਟੈਕ ਕੰਪਨੀਆਂ ਕਰ ਰਹੀਆਂ ਹਨ। ਇਕ ਸਾਲ ਪਹਿਲੇ ਡਿਫਾਲਟਰ ਦਾ ਅਨੁਮਾਨ ਲਾਉਣ ਲਈ ਮਸਨੂਈ ਨਿਗਰਾਨੀ ਕਰਨੀ ਚਾਹੀਦੀ ਹੈ। ਨਵੀਂ ਮੁੰਬਈ ਦੀ ਡੀ2ਕੇ ਟੈਕਨਾਲੋਜੀ ਨਾਮਕ ਫਿਨਟੈਕ ਕੰਪਨੀ ਵਲੋਂ ਅਜਿਹਾ ਸਾਫਟਵੇਅਰ ਤਿਆਰ ਕੀਤਾ ਗਿਆ ਹੈ ਅਤੇ ਨਤੀਜੇ ਸ਼ਾਨਦਾਰ ਮਿਲੇ ਹਨ। ਬੈਂਕਾਂ ਨੂੰ ਆਪਣੀਆਂ ਐੱਚ ਆਰ ਨੀਤੀਆਂ ਸਾਣ ਉਤੇ ਲਾਉਣੀਆਂ ਹੋਣਗੀਆਂ ਅਤੇ ਨੌਜਵਾਨ ਕਾਮਾ ਸ਼ਕਤੀ ਨੂੰ ਸਿਖਲਾਈ ਦੇਣੀ ਹੋਵੇਗੀ ਜਿਸ ਦੀ ਇਸ ਸਮੇਂ ਕਮੀ ਸਪੱਸ਼ਟ ਨਜ਼ਰ ਆ ਰਹੀ ਹੈ।

ਸਰਕਾਰ ਵਲੋਂ ਆਪਣੇ ਤੌਰ ਤੇ ਬੈਂਕ ਦੇ ਬੋਰਡਾਂ ਵਿੱਚ ਪੇਸ਼ੇਵਰਾਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ ਜਿਨ੍ਹਾਂ ਕੋਲ ਇਸ ਖੇਤਰ ਅਤੇ ਬੈਂਕ ਦੀ ਕਾਰਜ ਪ੍ਰਣਾਲੀ ਦਾ ਵਿਸ਼ਾਲ ਤਜ਼ਰਬਾ ਹੋਵੇ। ਐੱਮ ਡੀ ਅਤੇ ਈ ਡੀ ਦੇ ਅਹੁਦੇ ਤੋਂ ਸੇਵਾਮੁਕਤ ਹੋਏ, ਸ਼ਾਨਦਾਰ ਸੇਵਾ ਵਾਲੇ ਕਰਮਚਾਰੀਆਂ ਨੂੰ ਬੈਂਕ ਦੇ ਬੋਰਡ ਵਿੱਚ ਨਿਯੁਕਤੀ ਲਈ ਵਿਚਾਰਨਾ ਲਾਹੇਵੰਦ ਹੋਵੇਗਾ। ਵਸੂਲੀ ਵਿੱਚ ਤੇਜ਼ੀ ਲਿਆਉਣ ਲਈ ਸਰਕਾਰ ਨੂੰ ਕੁੱਝ ਹੋਰ ਐੱਨ ਸੀ ਐੱਲ ਟੀਜ਼ ਅਤੇ ਵੱਡੀ ਗਿਣਤੀ ਡੀ ਆਰ ਟੀਜ਼ ਸਥਾਪਤ ਕਰਨੇ ਹੋਣਗੇ ਕਿਉਂਕਿ ਮੌਜੂਦਾ ਬੈਂਚ ਇਹ ਪ੍ਰਾਪਤੀ ਹਾਸਲ ਕਰਨ ਦੇ ਸਮਰੱਥ ਨਹੀਂ ਹਨ। ਕੰਮ ਦੇ ਵਾਧੇ ਨਾਲ ਨਿਪਟਣ ਲਈ ਜੱਜਾਂ ਦੀ ਸੰਖਿਆ ਵਧਾਈ ਜਾ ਸਕਦੀ ਹੈ। ਵਿਅਕਤੀਆਂ, ਮਾਲਕਾਂ ਅਤੇ ਸਾਂਝੇਦਾਰੀ ਫਰਮਾਂ ਦੇ ਦਿਵਾਲੀਏਪਨ ਦੀ ਸ਼ੁਰੂਆਤ ਨਾਲ ਇਹ ਲੋੜ ਹੋਰ ਜ਼ਿਆਦਾ ਵਧੇਗੀ। ਦਿਵਾਲੀਏਪਨ ਅਤੇ ਬੈਂਕ ਦਿਵਾਲੀਏਪਨ ਕੋਡ ਦੇ ਲਾਗੂ ਹੋਣ ਤੋਂ ਬਾਅਦ ਉਧਾਰ ਲੈਣ ਅਤੇ ਭਵਿੱਖ ਵਿੱਚ ਬੈਂਕਾਂ ਵਲੋਂ ਉਧਾਰ ਦੇਣ ਦੇ ਸਭਿਆਚਾਰ ਵਿੱਚ ਵੱਡਾ ਬਦਲਾਅ ਆਵੇਗਾ। ਬੇਸ਼ੱਕ ਬੈਂਕਾਂ ਨੂੰ ਸੁੱਖ ਦਾ ਸਾਹ ਆਵੇਗਾ। ਮਿਸਾਲੀ ਬਦਲਾਅ ਲਈ ਸਰਕਾਰ ਨੂੰ ਵਧਾਈ। ਉਧਾਰ ਲੈਣ ਵਾਲਿਆਂ ਦੀ ਸੋਚ ਬੇਸ਼ੱਕ ਬਦਲੇਗੀ।

*(ਲੇਖਕ ਐੱਨਆਈਬੀਐੱਮ ਪੁਣੇ ਦੇ ਵਿਜ਼ਟਿੰਗ ਪ੍ਰੋਫੈਸਰ ਹਨ ਅਤੇ ਉਨ੍ਹਾਂ ਦਾ ਬੈਂਕਿੰਗ ਵਿੱਚ 37 ਸਾਲ ਦਾ ਤਜਰਬਾ ਹੈ। ਉਹ ਯੁਨਾਈਟਡ ਬੈਂਕ ਦੇ ਐਗਜ਼ੈਕਿਟਿਵ ਡਾਇਰੈਕਟਰ ਵਜੋਂ ਰਿਟਾਇਰ ਹੋਏ ਹਨ)*

*e-mail :d.narang@nibmindia.org*

# ਬੈਂਕਾਂ ਦਾ ਮੁੜ-ਪੂੰਜੀਕਰਨ : ਪੂੰਜੀ ਅਧਾਰ ਨੂੰ ਵਧਾਉਣਾ

ਆਸ਼ੂਤੋਸ਼ ਕੁਮਾਰ

**ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਦੋਹਾਂ ਸਥਿਤੀਆਂ ਵਿੱਚ ਇਹ ਚੀਜ਼ ਬੈਂਕਾਂ ਲਈ ਲਾਹੇਵੰਦ ਹੀ ਰਹੇਗੀ ਕਿਉਂਕਿ ਇਸ ਨਾਲ ਉਨ੍ਹਾਂ ਦਾ ਪੂੰਜੀ ਆਧਾਰ ਤਾਂ ਵਧੇਗਾ ਹੀ। ਇਸ ਤੋਂ ਇਲਾਵਾ ਸਰਕਾਰ ਜੇ ਬਾਂਡਾਂ ਨੂੰ ਸੈਕੰਡਰੀ ਮਾਰਕੀਟ ਵਿੱਚ ਵੇਚਣ ਦੀ ਇਜਾਜ਼ਤ ਦੇ ਦਿੰਦੀ ਹੈ ਤਾਂ ਇਸ ਨਾਲ ਬੈਂਕਾਂ ਨੂੰ ਰਕਮ ਇਕੱਠੀ ਕਰਨ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਦੀ ਕਰਜ਼ੇ ਦੀ ਸਥਿਤੀ ਚੰਗੀ ਹੋਵੇਗੀ।**

**24** ਅਕਤੂਬਰ 2017 ਨੂੰ ਕੇਂਦਰੀ ਮੰਤਰੀ ਮੰਡਲ ਨੇ ਜਨਤਕ ਖੇਤਰ ਦੇ ਬੈਂਕਾਂ (ਪੀ ਐੱਸ ਬੀਜ਼), ਜੋ ਕਿ ਪਿਛਲੇ ਕੁਝ ਸਾਲਾਂ ਵਿੱਚ ਗ਼ੈਰ-ਕਾਰਗੁਜ਼ਾਰੀ ਵਾਲੇ ਅਸਾਸਿਆਂ (ਐੱਨ ਪੀ ਏ) ਦੇ ਭਾਰੀ ਦਬਾਅ ਦੇ ਪ੍ਰਭਾਵ ਹੇਠੋਂ ਲੰਘ ਰਹੇ ਸਨ, ਦੀ ਸਿਹਤ ਬਾਰੇ ਇਕ ਬਹੁਤ ਹੀ ਅਹਿਮ ਫੈਸਲਾ ਲਿਆ। ਇਨ੍ਹਾਂ ਬੈਂਕਾਂ ਦੀਆਂ ਬੈਲੈਂਸ ਸ਼ੀਟਾਂ ਉਤੇ ਐੱਨ ਪੀ ਏ ਦਾ ਦਬਾਅ ਉਨ੍ਹਾਂ ਦੀ ਕਰਜ਼ਾ ਦੇਣ ਦੀ ਸਮਰੱਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਸੀ ਜਿਸ ਨਾਲ ਅੱਗੋਂ ਨਿੱਜੀ ਨਿਵੇਸ਼ ਅਤੇ ਨਿੱਜੀ ਖੇਤਰ ਦੇ ਕੁੱਲ ਪੂੰਜੀ ਢਾਂਚੇ ਉੱਤੇ ਅਸਰ ਪੈ ਰਿਹਾ ਸੀ। ਜਨਤਕ ਖੇਤਰ ਦੇ ਬੈਂਕਾਂ ਵਿੱਚ ਐੱਨ ਪੀ ਏ ਵਧ ਕੇ ਜੂਨ 2017 ਵਿੱਚ 7.33 ਕਰੋੜ ਦੇ ਵਿਸ਼ਾਲ ਅੰਕੜੇ ਉਤੇ ਪੁੱਜ ਗਿਆ ਸੀ ਜਦ ਕਿ ਮਾਰਚ 2015 ਵਿੱਚ ਇਹ 2.73 ਕਰੋੜ ਰੁਪਏ ਉੱਤੇ ਸੀ। ਅਸਲ ਵਿੱਚ ਦੋ ਸਾਲ ਤੋਂ ਥੋੜ੍ਹੇ ਜਿਹੇ ਵੱਧ ਸਮੇਂ ਵਿੱਚ ਜਨਤਕ ਖੇਤਰ ਵਿੱਚ ਮਾੜਾ ਕਰਜ਼ਾ (ਬੈਡ ਲੋਨ) ਤਿੰਨ ਗੁਣਾ ਹੋ ਗਿਆ ਸੀ। ਇਕ ਹੋਰ ਅੰਕੜਾ ਜੋ ਕਿ ਬੈਂਕਿੰਗ ਖੇਤਰ ਸਾਹਮਣੇ ਖੜ੍ਹੀ ਚੁਣੌਤੀ ਨੂੰ ਦਰਸਾਉਂਦਾ ਹੈ ਉਹ ਇਹ ਸੀ ਕਿ ਘਰੇਲੂ ਬੈਂਕਾਂ ਦਾ ਐੱਨ ਪੀ ਏ ਕਰਜ਼ਿਆਂ ਦੇ 10 ਪ੍ਰਤਿਸ਼ਤ ਉੱਤੇ ਪਹੁੰਚ ਗਿਆ ਸੀ।

ਕੇਂਦਰੀ ਮੰਤਰੀ ਮੰਡਲ ਨੇ 24 ਅਕਤੂਬਰ 2017 ਨੂੰ ਦੇਸ਼ ਵਿੱਚ ਬੈਂਕਿੰਗ ਢਾਂਚੇ ਨੂੰ ਲੀਹ ਉੱਤੇ ਲਿਆਉਣ ਲਈ 2,11,000 ਕਰੋੜ ਰੁਪਏ ਦੀ ਇਕ ਯੋਜਨਾ ਨੂੰ ਅੰਤਿਮ ਰੂਪ ਦਿੱਤਾ। ਇਸ ਦੇ ਨਾਲ ਹੀ ਮਾਰਕੀਟ ਤੋਂ ਕਰਜ਼ਾ ਲੈਣ, ਬਜਟ ਤੋਂ ਸਹਾਇਤਾ ਹਾਸਿਲ ਹੋਣ ਅਤੇ ਸਭ ਤੋਂ ਅਹਿਮ ਬੈਂਕ ਦੇ ਪੁਨਰ ਪੂੰਜੀਕਰਨ ਦੇ ਬਾਂਡ ਜਾਰੀ ਕਰਨ ਦੇ ਪ੍ਰਬੰਧ ਵੀ ਕੀਤੇ ਗਏ। ਇਸ ਸਕੀਮ ਦਾ ਐਲਾਨ ਕਰਦੇ ਹੋਏ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਕਿਹਾ "ਬੈਂਕਾਂ ਨੂੰ ਮਜ਼ਬੂਤ ਕਰਨ ਨਾਲ ਵਧੇਰੇ ਨੌਕਰੀਆਂ ਪੈਦਾ ਹੋਣਗੀਆਂ, ਵਧੇਰੇ ਵਿਕਾਸ ਹੋਵੇਗਾ ਅਤੇ ਵਧੇਰੇ ਨਿਵੇਸ਼ ਵੀ ਹੋਵੇਗਾ।" ਇਸ 2,11,000 ਕਰੋੜ ਰੁਪਏ ਦੀ ਯੋਜਨਾ ਵਿੱਚੋਂ 18000 ਕਰੋੜ ਰੁਪਏ ਬਜਟ ਸਹਾਇਤਾ ਵਜੋਂ ਹਾਸਿਲ ਹੋਣਗੇ, 58,000 ਕਰੋੜ ਰੁਪਏ ਇਕਵਿਟੀ ਜਾਰੀ ਹੋਣ ਤੋਂ ਮਿਲਣਗੇ, 1,35,000 ਕਰੋੜ ਰੁਪਏ ਬੈਂਕਾਂ ਦੇ ਪੁਨਰਪੂੰਜੀਵਾਦ ਬਾਂਡ ਜਾਰੀ ਹੋਣ ਤੋਂ ਮਿਲਣਗੇ।



ਹੁਣ ਅਸੀਂ ਬਾਂਡ ਜਾਰੀ ਕਰਨ ਦਾ ਮਾਮਲਾ ਲੈਂਦੇ ਹਾਂ ਅਤੇ ਵੇਖਦੇ ਹਾਂ ਕਿ ਇਸ ਨਾਲ ਬੈਂਕਿੰਗ ਢਾਂਚੇ ਨੂੰ ਕਿਵੇਂ ਲਾਭ ਹੋਣਾ ਹੈ। ਇਸ ਵੇਲੇ ਤੱਕ ਬੈਂਕਿੰਗ ਸੇਵਾ ਵਿਭਾਗ ਵਿੱਤ ਮੰਤਰਾਲੇ ਦੇ ਆਰਥਿਕ ਮਾਮਲਿਆਂ ਦੇ ਵਿਭਾਗ ਨਾਲ ਤਾਲਮੇਲ ਕਰ ਕੇ ਬਾਂਡ ਜਾਰੀ ਕਰਨ ਬਾਰੇ ਪ੍ਰੋਗਰਾਮ ਨੂੰ ਅੰਤਿਮ ਰੂਪ ਦੇ ਰਿਹਾ ਹੈ। ਇਸ ਬਾਰੇ ਐਲਾਨ ਕਿ, ਬੈਂਕਾਂ ਨੂੰ ਇਨ੍ਹਾਂ

ਬਾਂਡਾਂ ਤੋਂ ਕਿੰਨੀ ਰਕਮ ਹਾਸਿਲ ਹੋਣੀ ਹੈ, ਹੋਣ ਹੀ ਵਾਲਾ ਹੈ। ਬਾਂਡ ਜਾਰੀ ਕਰਨ ਦੇ ਐਲਾਨ ਦੌਰਾਨ ਕਿਹਾ ਗਿਆ ਸੀ ਕਿ ਇਹ ਬਾਂਡ ਫਰੰਟ ਲੋਡਿਡ ਹੋਣਗੇ। ਇਸ ਦਾ ਭਾਵ ਹੈ ਕਿ ਇਸ 1,35,000 ਕਰੋੜ ਦੀ ਰਕਮ ਵਿੱਚੋਂ ਇਕ ਵੱਡਾ ਹਿੱਸਾ ਅਗਲੇ ਕੁਝ ਮਹੀਨਿਆਂ ਵਿੱਚ ਬੈਂਕਿੰਗ ਸਿਸਟਮ ਵਿੱਚ ਆ ਜਾਵੇਗਾ।

ਹੁਣ ਅਸੀਂ ਇਹ ਵੇਖਦੇ ਹਾਂ ਕਿ ਪੁਨਰ-ਪੂੰਜੀਵਾਦ ਬਾਂਡ ਕਿਵੇਂ ਕੰਮ ਕਰਨਗੇ ਅਤੇ ਇਨ੍ਹਾਂ ਦਾ ਆਰਥਿਕਤਾ ਉੱਤੇ ਕੀ ਪ੍ਰਭਾਵ ਪਵੇਗਾ। ਸੰਭਾਵਨਾ ਹੈ ਕਿ ਸਰਕਾਰ ਬਾਂਡ ਜਾਰੀ ਕਰੇਗੀ ਅਤੇ ਬੈਂਕ ਸਿੱਧੇ ਤੌਰ ਤੇ ਇਨ੍ਹਾਂ ਲਈ ਮੈਂਬਰ ਬਣਨਗੇ। ਅਜਿਹਾ ਕਰਕੇ ਪੈਸਾ ਬਾਹਰ ਨਹੀਂ ਜਾਵੇਗਾ ਅਤੇ ਇਹ ਸਿਰਫ ਖਾਤੇ ਦਾ ਇੰਦਰਾਜ ਹੋਵੇਗਾ। ਪੈਸਾ ਦੂਜੇ ਹੱਥਾਂ ਵਿੱਚ ਨਾ ਜਾਣ ਨਾਲ ਇਹ ਯਕੀਨੀ ਬਣ ਸਕੇਗਾ ਕਿ ਸਰਕਾਰ ਇਸ ਵਾਧੂ ਬੋਝ ਤੋਂ ਦੂਰੀ ਬਣਾ ਕੇ ਰੱਖ ਸਕੇ।

ਹੁਣ ਇਹ ਵੇਖਣਾ ਬਾਕੀ ਹੈ ਕਿ ਸਰਕਾਰ ਖਰੀਦਦਾਰਾਂ ਨੂੰ ਇਹ ਇਜਾਜ਼ਤ ਦਿੰਦੀ ਹੈ ਕਿ ਉਹ ਇਨ੍ਹਾਂ ਬਾਂਡਾਂ ਨੂੰ ਸੈਕੰਡਰੀ ਮਾਰਕੀਟ ਵਿੱਚ ਵੇਚਣ ਜਾਂ ਫੇਰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਅਜੇ ਕਿਉਂਕਿ ਇਸ ਯੋਜਨਾ ਨੂੰ ਵਿੱਤ ਮੰਤਰਾਲਾ ਵਲੋਂ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ, ਇਸ ਲਈ ਸਾਨੂੰ ਐਲਾਨ ਦੇ ਵਿਸਤ੍ਰਿਤ ਵੇਰਵਿਆਂ ਦੀ ਉਡੀਕ ਹੀ ਕਰਨੀ ਪਵੇਗੀ। ਪਰ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਦੋਹਾਂ ਸਥਿਤੀਆਂ ਵਿੱਚ ਇਹ ਚੀਜ਼ ਬੈਂਕਾਂ ਲਈ ਲਾਹੇਵੰਦ ਹੀ ਰਹੇਗੀ ਕਿਉਂਕਿ ਇਸ ਨਾਲ ਉਨ੍ਹਾਂ ਦਾ ਪੂੰਜੀ ਆਧਾਰ ਤਾਂ ਵਧੇਗਾ ਹੀ। ਇਸ ਤੋਂ ਇਲਾਵਾ ਸਰਕਾਰ ਜੇ ਬਾਂਡਾਂ ਨੂੰ ਸੈਕੰਡਰੀ ਮਾਰਕੀਟ ਵਿੱਚ ਵੇਚਣ ਦੀ ਇਜਾਜ਼ਤ ਦੇ ਦਿੰਦੀ ਹੈ ਤਾਂ ਇਸ ਨਾਲ ਬੈਂਕਾਂ ਨੂੰ ਰਕਮ ਇਕੱਠੀ ਕਰਨ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਦੀ ਕਰਜ਼ੇ ਦੀ ਸਥਿਤੀ ਚੰਗੀ ਹੋਵੇਗੀ। ਦੂਜੇ ਪਾਸੇ ਜੇ ਬੈਂਕਾਂ ਨੂੰ ਸੈਕੰਡਰੀ ਮਾਰਕੀਟ ਵਿੱਚ ਬਾਂਡ ਮੁੜ ਵੇਚਣ ਦੀ ਇਜਾਜ਼ਤ ਨਹੀਂ ਮਿਲਦੀ ਤਾਂ ਇਹ ਵਿਆਜ ਕਮਾਉਣ ਵਾਲੇ ਨਿਵੇਸ਼ ਵਜੋਂ ਕੰਮ ਕਰਨਗੇ। ਦੋਹਾਂ ਸਥਿਤੀਆਂ ਵਿੱਚ ਇਹ ਸਫਲਤਾ ਨਾਲ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪੁਨਰ ਪੂੰਜੀਵਾਦ ਦੇ ਬਾਂਡ ਬੈਂਕਿੰਗ ਢਾਂਚੇ ਲਈ ਮੁਨਾਫੇ ਵਾਲਾ ਸੌਦਾ ਹੋਣਗੇ।



ਬਾਂਡ ਜਾਰੀ ਕਰਨ ਦਾ ਮਾਮਲਾ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਇਕ ਕਦਮ ਹੈ। ਕਿਉਂਕਿ ਨੋਟਬੰਦੀ ਤੋਂ ਬਾਅਦ ਬੈਂਕਿੰਗ ਪ੍ਰਣਾਲੀ ਵਿੱਚ ਡਿਪਾਜ਼ਿਟਸ ਵਿੱਚ ਭਾਰੀ ਵਾਧਾ ਹੋਇਆ ਸੀ। ਨਹੀਂ ਤਾਂ ਬੈਂਕ ਪੂੰਜੀ ਦੀ ਕਮੀ ਕਾਰਨ ਕਰਜ਼ੇ ਦੇ ਹੀ ਨਹੀਂ ਸਕਦੇ ਸਨ। ਰਿਜ਼ਰਵ ਬੈਂਕ ਆਫ ਇੰਡੀਆ ਅਨੁਸਾਰ 500 ਅਤੇ 1000 ਰੁਪਏ ਦੇ ਬੰਦ ਕੀਤੇ ਨੋਟਾਂ ਵਿੱਚੋਂ 99 ਪ੍ਰਤਿਸ਼ਤ ਬੈਂਕਿੰਗ ਚੈਨਲ ਵਿੱਚ ਆ ਚੁੱਕੇ ਸਨ।

ਬਾਂਡ ਦੀ ਅਹਿਮੀਅਤ ਇਸ ਗੱਲ ਤੋਂ ਵੀ ਮਾਪੀ ਜਾ ਸਕਦੀ ਹੈ ਕਿ ਫਿਰ ਦੀਵਾਲੀਆਪਨ ਵਾਲਾ ਕੋਡ ਲਾਗੂ ਹੋ ਗਿਆ। ਇਹ ਕੋਡ ਜਿਸ ਦਾ ਖਰੜਾ ਪਿਛਲੇ ਸਾਲ ਤਿਆਰ ਕੀਤਾ ਗਿਆ ਸੀ, ਉਹ ਇਸ ਵੇਲੇ 300 ਖਾਤਿਆਂ ਦੇ ਹੱਲ ਲਈ ਵਰਤਿਆ ਜਾ ਰਿਹਾ ਹੈ। ਇਨ੍ਹਾਂ ਵਿੱਚੋਂ 12 ਵੱਡੇ ਖਾਤੇ ਐੱਨ ਪੀ ਏ ਵਿੱਚ ਆ ਚੁੱਕੇ ਸਨ ਜਿਨ੍ਹਾਂ ਵੱਲ 2.25 ਲੱਖ ਕਰੋੜ ਰੁਪਏ ਦੀ ਰਕਮ ਬਕਾਇਆ ਸੀ ਅਤੇ ਜਿਨ੍ਹਾਂ ਨੂੰ ਆਰ ਬੀ ਆਈ ਨੇ ਰਾਸ਼ਟਰੀ ਕੰਪਨੀ ਲਾਅ ਟ੍ਰਿਬਿਊਨਲ (ਐੱਨ ਸੀ ਐੱਲ ਟੀ) ਹਵਾਲੇ ਇਸ ਸਾਲ ਜੂਨ ਵਿੱਚ ਕੀਤਾ ਸੀ। 29 ਹੋਰ ਕੰਪਨੀਆਂ ਦੀ ਸੂਚੀ ਵੀ ਹੈ ਜੋ ਕਿ ਇਸ ਮਹੀਨੇ ਦੇ ਅਖੀਰ ਵਿੱਚ ਐੱਨ ਸੀ ਐੱਲ ਟੀ ਹਵਾਲੇ ਕੀਤੀ ਜਾਣ ਵਾਲੀ ਹੈ। ਬਹੁਤ ਸਾਰੇ ਕਾਰਪੋਰੇਟਰਾਂ ਦੇ ਕਰਜ਼ਾਈ ਹੋਣ ਕਾਰਨ ਇਸ ਮਤੇ ਅਧੀਨ ਆਉਣ ਦੀ ਸੰਭਾਵਨਾ ਕਾਰਨ ਕਦਰ ਘਟਾਈ ਦੀ ਸੰਭਾਵਨਾ ਤੋਂ ਬੈਂਕਾਂ ਵਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ ਮਾਹਿਰ 60 ਪ੍ਰਤਿਸ਼ਤ ਕਦਰ ਘਟਾਈ ਤੱਕ ਦੀ ਸੰਭਾਵਨਾ ਨੂੰ ਵੇਖ ਰਹੇ ਹਨ ਜੋ ਕਿ ਉਨ੍ਹਾਂ ਨੂੰ ਕੁੱਝ ਪ੍ਰਮੁੱਖ ਐੱਨ ਪੀ ਏ ਖਾਤਿਆਂ ਵਿੱਚ ਬਰਦਾਸ਼ਤ ਕਰਨੀ ਪੈਣੀ ਹੈ।

ਜੁਲਾਈ 2017 ਵਿੱਚ ਜਾਰੀ ਕੀਤੀ ਗਈ ਕ੍ਰਿਸਿਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੈਂਕਾਂ ਨੂੰ ਲਗਭਗ 2,40,000 ਕਰੋੜ ਰੁਪਏ ਜਾਂ 60 ਪ੍ਰਤਿਸ਼ਤ ਦੀ ਕਦਰ ਘਟਾਈ ਨੂੰ 50 ਵੱਡੇ ਖਾਤਿਆਂ ਵਿੱਚ ਬਰਦਾਸ਼ਤ ਕਰਨਾ ਪੈ ਸਕਦਾ ਹੈ। ਇਹ ਕੰਪਨੀਆਂ ਆਰਥਿਕਤਾ ਦੇ ਕਾਫੀ ਅਹਿਮ ਖੇਤਰ ਦੀ ਨੁਮਾਇੰਦਗੀ ਕਰਦੀਆਂ ਹਨ। ਇਹ ਕੰਪਨੀਆਂ ਮੈਟਲ ਸੈਕਟਰ ਨਾਲ ਸੰਬੰਧਿਤ ਹਨ, ਜਿਨ੍ਹਾਂ ਵੱਲ ਕੁੱਲ ਬਕਾਇਆ ਰਕਮ ਵਿੱਚੋਂ 30 ਪ੍ਰਤਿਸ਼ਤ ਤੱਕ ਹੈ, ਉਸਾਰੀ ਸੈਕਟਰ ਵਿੱਚੋਂ ਵੀ ਹਨ ਜਿਹੜੀਆਂ ਕੰਪਨੀਆਂ ਜਿਨ੍ਹਾਂ ਵੱਲ ਕੁੱਲ ਕਰਜ਼ੇ ਦਾ 25 ਪ੍ਰਤਿਸ਼ਤ ਬਕਾਇਆ ਹੈ ਅਤੇ ਬਿਜਲੀ ਖੇਤਰ ਦੀਆਂ ਵੀ ਹਨ ਜਿਨ੍ਹਾਂ ਵੱਲ 15 ਪ੍ਰਤਿਸ਼ਤ ਬਕਾਇਆ ਹੈ। ਆਰਥਿਕਤਾ ਵਿੱਚ ਕੁੱਲ ਐੱਨ ਪੀ ਏ ਦਾ ਤਕਰੀਬਨ ਅੱਧਾ 31 ਮਾਰਚ 2017 ਤੱਕ ਇਨ੍ਹਾਂ ਵੱਲ ਹੀ ਬਕਾਇਆ ਸੀ।

ਕ੍ਰਿਸਿਲ ਦੀ ਰਿਪੋਰਟ ਵਿੱਚ ਹੋਰ ਕਿਹਾ ਗਿਆ ਕਿ ''ਬੈਂਕਾਂ ਨੂੰ 60 ਪ੍ਰਤਿਸ਼ਤ ਤੱਕ ਕਦਰ ਘਟਾਈ, ਜੋ ਕਿ 2.4 ਲੱਖ ਕਰੋੜ ਰੁਪਏ ਤੱਕ ਦੀ ਹੋਵੇਗੀ, ਸਿਰਫ 50 ਮਾਮਲਿਆਂ ਨੂੰ ਹੱਲ ਕਰਨ ਵਿੱਚ ਬਰਦਾਸ਼ਤ ਕਰਨੀ ਪਵੇਗੀ ਕਿਉਂਕਿ ਇਨ੍ਹਾਂ

ਵੱਲ 4 ਲੱਖ ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ।"

ਏਜੰਸੀ ਨੇ ਇਸ ਕਦਰ ਘਟਾਈ ਨੂੰ 4 ਵਰਗਾਂ ਵਿੱਚ ਵੰਡਿਆ ਹੈ। ਇਹ ਵਰਗ ਹਨ ਡੂੰਘਾ (75 ਪ੍ਰਤਿਸ਼ਤ ਤੋਂ ਵੱਧ), ਹਮਲਾਵਰ (50 ਤੋਂ 75 ਪ੍ਰਤਿਸ਼ਤ), ਸਧਾਰਨ (25 ਤੋਂ 50 ਪ੍ਰਤਿਸ਼ਤ) ਅਤੇ ਸੀਮਾਂਤੀ (25 ਪ੍ਰਤਿਸ਼ਤ ਤੋਂ ਘੱਟ)। ਇਨ੍ਹਾਂ ਅੰਕੜਿਆਂ ਨੂੰ ਸਹੀ ਸੰਦਰਭ ਵਿੱਚ ਰੱਖਦੇ ਹੋਏ ਤਕਰੀਬਨ 25 ਪ੍ਰਤਿਸ਼ਤ ਕਰਜ਼ੇ ਲਈ ਸੀਮਾਂਤੀ ਜਾਂ ਸਧਾਰਨ ਕਦਰ ਘਟਾਈ ਦੀ ਲੋੜ ਹੋਵੇਗੀ, ਜਦ ਕਿ ਤੀਸਰੇ ਲਈ ਤਿੱਖੇ ਅਤੇ ਚੌਥੇ ਲਈ 40 ਪ੍ਰਤਿਸ਼ਤ ਕਦਮ ਘਟਾਈ ਦੀ ਲੋੜ ਹੋਵੇਗੀ।

ਸੈਕਟਰਾਂ ਦੇ ਸੰਦਰਭ ਵਿੱਚ ਬਿਜਲੀ ਖੇਤਰ ਲਈ ਸਧਾਰਨ, ਮੈਟਲ ਅਤੇ ਉਸਾਰੀ ਖੇਤਰਾਂ ਲਈ ਤਿੱਖੀ ਕਦਰ ਘਟਾਈ ਦੀ ਲੋੜ ਹੋਵੇਗੀ। ਵਧੇਰੇ ਕਰਜ਼ੇ ਲਈ ਡੂੰਘੀ ਕਦਰ ਘਟਾਈ ਦੀ ਲੋੜ ਹੋਵੇਗੀ। ਜਿਨ੍ਹਾਂ ਕੰਪਨੀਆਂ ਲਈ ਸਧਾਰਨ ਜਾਂ ਤਿੱਖੀ ਕਦਰ ਘਟਾਈ ਦੀ ਲੋੜ ਹੋਵੇਗੀ ਉਹ ਕਰਜ਼ਾ ਫੰਡ ਪੂੰਜੀ ਖਰਚੇ ਵਿੱਚ ਘਿਰੀਆਂ ਹੋਣਗੀਆਂ। ਪਰ ਮੰਗ ਦੀ ਕਮੀ ਕਾਰਨ ਜਾਂ ਪ੍ਰਾਜੈਕਟਾਂ ਦੇ ਰੈਗੂਲੇਟਰੀ ਮੁੱਦਿਆਂ ਵਿੱਚ ਫਸ ਜਾਣ ਕਾਰਨ ਉਹ ਘਾਟੇ ਵਿੱਚ ਗਈਆਂ।

ਇਸ ਤੋਂ ਇਲਾਵਾ, ਕ੍ਰਿਸਿਲ ਰਿਪੋਰਟ ਅਨੁਸਾਰ ਉਹ ਕੰਪਨੀਆਂ, ਜਿਨ੍ਹਾਂ ਨੂੰ ਮਾਮੂਲੀ ਕਦਮ ਘਟਾਈ ਦੀ ਲੋੜ ਹੈ, ਉਹ ਅਜਿਹੀਆਂ ਕੰਪਨੀਆਂ ਹਨ ਜੋ ਕਿ ਆਰਜ਼ੀ ਧੱਕੇ ਦਾ ਸ਼ਿਕਾਰ ਹੋਈਆਂ ਅਤੇ ਇਨ੍ਹਾਂ ਨੂੰ ਸਮੇਂ ਦੇ ਨਾਲ ਠੀਕ ਕੀਤਾ ਜਾ ਸਕਦਾ ਹੈ। ਰੇਟਿੰਗ ਏਜੰਸੀ ਨੇ ਕਿਹਾ ਹੈ, "ਇਹ ਆਰਥਿਕਤਾ ਦੇ ਵੱਡੇ ਹਿੱਤ ਵਿੱਚ ਹੋਵੇਗਾ ਕਿ ਇਹ ਕੰਪਨੀਆਂ ਕਦਰ ਘਟਾਈ ਦੀ ਕੌੜੀ ਗੋਲੀ ਨਿਗਲ ਲੈਣ ਨਹੀਂ ਤਾਂ ਉਨ੍ਹਾਂ ਨੂੰ ਸੜਕ ਉਤੇ ਸੁੱਟਿਆ ਜਾ ਸਕਦਾ ਹੈ।"

ਦੀਵਾਲੀਆਪਨ ਦੇ ਮਤੇ ਅਤੇ ਬੇਸਿਲ 3 ਅਧੀਨ ਪੂੰਜੀ ਮਿਆਰਾਂ ਦੀ ਪੂਰਤੀ ਨਾਲ ਜੋ ਕਦਰ ਘਟਾਈ ਹੋਈ ਹੈ, ਉਸ ਵਿੱਚ ਪੀ ਐੱਸ ਬੀਜ਼ ਨੂੰ ਨਿਵੇਸ਼ ਦੀ ਲੋੜ ਹੈ। ਇਹ ਪ੍ਰਦਾਨ ਕਰਨਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ ਕਿਉਂਕਿ ਉਹ ਹੀ ਵੱਡੀ ਧਿਰ ਹੈ। ਰੀਕੈਪ ਬਾਂਡ ਲਾਜ਼ਮੀ ਤੌਰ ਤੇ ਬਿੱਲ ਵਿੱਚ ਫਿੱਟ ਹੁੰਦੇ ਹਨ। ਪਰ ਇਸ ਵਿੱਚ ਵਧੇਰੇ ਸਪੱਸ਼ਟਤਾ ਉਸ ਵੇਲੇ ਆਵੇਗੀ ਜਦੋਂ ਸਰਕਾਰ ਰਕਮ ਬਾਰੇ ਸਹੀ ਐਲਾਨ ਕਰੇਗੀ ਅਤੇ ਨਾਲ ਹੀ ਇਹ ਵੀ ਦੱਸੇਗੀ ਕਿ ਇਸ ਨੂੰ ਕਿਸ ਨੇ ਜਾਰੀ ਕਰਨਾ ਹੈ, ਟਿਕਟ ਦਾ ਅਕਾਰ ਕਿੰਨਾ ਹੈ, ਕੂਪਨ ਦੀ ਦਰ ਕੀ ਹੈ ਅਤੇ ਹੋਰ ਵੇਰਵੇ ਕੀ ਹਨ।

ਇਹ ਵੇਖਣਾ ਦਿਲਚਸਪ ਹੈ ਕਿ ਬਾਂਡ ਮੁੱਦਾ ਮੈਕਰੋ ਇਕਾਨਮੀ ਨੂੰ ਅਤੇ ਵਿਸ਼ੇਸ਼ ਤੌਰ ਤੇ ਮਾਲੀ ਘਾਟੇ ਨੂੰ ਪ੍ਰਭਾਵਿਤ ਕਰਦਾ ਹੈ। ਬਾਂਡਾਂ ਦੀ ਸਾਲਾਨਾ ਵਿਆਜ ਲਾਗਤ 8000 ਕਰੋੜ ਤੋਂ 9000 ਕਰੋੜ ਰੁਪਏ ਦਰਮਿਆਨ ਰਹਿਣ ਦੀ ਆਸ ਹੈ। ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਨ ਅਨੁਸਾਰ ਬਾਂਡ ਮੁੱਦੇ ਦਾ ਕਰੰਸੀ ਪ੍ਰਸਾਰ ਉੱਤੇ ਪ੍ਰਭਾਵ ਨਹੀਂ ਪਵੇਗਾ ਜਾਂ ਇਸ ਨਾਲ ਮਾਲੀ ਘਾਟਾ ਨਹੀਂ ਵਧੇਗਾ। ਪਰ ਇਹ ਅਕਾਊਂਟਿੰਗ ਦੇ ਢੰਗ ਉੱਤੇ ਨਿਰਭਰ ਕਰਦਾ ਹੈ ਕਿ ਇਸ ਨਾਲ ਮਾਲੀ ਘਾਟਾ ਵਧੇਗਾ ਜਾਂ ਨਹੀਂ।

"1.35 ਲੱਖ ਕਰੋੜ ਦੇ ਮੁੜ ਪੂੰਜੀਕਰਨ ਬਾਂਡਾਂ ਦੀ ਵਿਆਜ ਦੀ ਲਾਗਤ ਨਾਲ ਨਾ ਤਾਂ ਕਰੰਸੀ ਪਸਾਰ ਵਧੇਗਾ ਅਤੇ ਨਾ ਹੀ ਇਸ ਨਾਲ ਆਰਥਿਕ ਸਰਗਰਮੀਆਂ ਵਧਣ ਨਾਲ ਮਾਲੀ ਘਾਟਾ ਵਧੇਗਾ ਭਾਵੇਂ ਕਿ ਇਸ ਉੱਤੇ 8000 ਕਰੋੜ ਤੋਂ 9000 ਕਰੋੜ ਦੀ ਲਾਗਤ ਆਵੇਗੀ।" ਇਹ ਟਿੱਪਣੀ ਮੁੱਖ ਆਰਥਿਕ ਸਲਾਹਕਾਰ ਸ਼੍ਰੀ ਅਰਵਿੰਦ ਸੁਬਰਾਮਨੀਅਨ ਨੇ ਦਿੱਲੀ ਯੂਨੀਵਰਸਿਟੀ ਵਿਖੇ ਇਕ ਲੈਕਚਰ ਦੌਰਾਨ ਕੀਤੀ। ਇਹ ਟਿੱਪਣੀ ਬਾਂਡ ਜਾਰੀ ਕਰਨ ਦੇ ਐਲਾਨ ਤੋਂ ਇਕ ਦਿਨ ਬਾਅਦ ਆਈ। ਭਾਸ਼ਣ ਦਿੰਦੇ ਹੋਏ ਸ਼੍ਰੀ ਸੁਬਰਾਮਨੀਅਨ ਨੇ ਕਿਹਾ ਕਿ ਭਾਰਤੀ ਅਕਾਊਂਟਿੰਗ ਸਿਸਟਮ ਅਧੀਨ ਰੀਕੈਪ ਬਾਂਡ ਜਾਰੀ ਹੋਣ ਨਾਲ ਕਰਜ਼ਾ ਵਧੇਗਾ ਜਿਸ ਨਾਲ ਮਾਲੀ ਘਾਟੇ ਵਿੱਚ ਤੇਜ਼ੀ ਆਵੇਗੀ, ਪਰ ਅਜਿਹਾ ਹੋਵੇਗਾ ਨਹੀਂ ਜੇਕਰ ਖਾਤੇ ਆਈ ਐੱਮ ਐੱਫ ਢੰਗ ਅਨੁਸਾਰ ਤਿਆਰ ਕੀਤੇ ਜਾਣ।

ਇਸ ਦੌਰਾਨ ਬਾਂਡ ਮੁੱਦਾ ਵੀ ਬੈਂਕਿੰਗ ਖੇਤਰ ਦੇ ਵੱਡੇ ਪੱਧਰ ਦੇ ਸੁਧਾਰਾਂ ਨਾਲ ਜੁੜ ਗਿਆ ਹੈ। ਇਨ੍ਹਾਂ ਬਾਰੇ ਸਰਕਾਰ ਸੰਕੇਤ ਦੇ ਚੁੱਕੀ ਹੈ ਅਤੇ ਉਹ ਇਨ੍ਹਾਂ ਨੂੰ ਲਾਗੂ ਕਰਨ ਲਈ ਵਚਨਬੱਧ ਵੀ ਹੈ। ਪੀ ਐੱਸ ਬੀ ਮੰਥਨ, ਜੋ ਕਿ 12 ਨਵੰਬਰ ਨੂੰ ਗੁਰੂਗ੍ਰਾਮ ਵਿਖੇ ਹੋਇਆ, ਵਿੱਚ ਬੈਂਕਿੰਗ ਅਤੇ ਵਿੱਤੀ ਸੇਵਾਵਾਂ ਬਾਰੇ ਸਕੱਤਰ ਰਾਜੀਵ ਕੁਮਾਰ ਨੇ ਸੰਕੇਤ ਦਿੱਤਾ ਕਿ ਪੂੰਜੀ ਅਧਾਰ ਵਿੱਚ ਵਾਧੇ ਨਾਲ ਜਵਾਬਦੇਹੀ ਵੀ ਜ਼ਰੂਰੀ ਹੈ। ਕੁਮਾਰ ਨੇ ਕਿਹਾ, "ਹਰ ਚੀਜ਼ ਬੈਂਕਿੰਗ ਸੁਧਾਰ ਨਾਲ ਜੁੜੀ ਹੋਈ ਹੈ ਅਤੇ ਹਰ ਇਕ ਬਾਰੇ ਬੈਂਕਿੰਗ ਬੋਰਡ ਥੋੜ੍ਹੇ ਜਿਹੇ ਸਮੇਂ ਵਿੱਚ ਚਰਚਾ ਕਰੇਗਾ ਕਿ ਕਿਸ ਤਰ੍ਹਾਂ ਦਾ ਵਪਾਰ ਹੈ ਅਤੇ ਉਹ ਕਿਸ ਤਰ੍ਹਾਂ ਅੱਗੇ ਵਧਣਾ ਚਾਹੁੰਦੇ ਹਨ। ਆਉਣ ਵਾਲਾ ਪੈਸਾ ਕੋਈ ਸੌਖੇ ਢੰਗ ਨਾਲ ਆਉਣ ਵਾਲਾ ਨਹੀਂ ਹੈ ਅਤੇ ਇਹੋ ਮੁੱਖ ਨੁਕਤਾ ਹੈ। ਇਸ ਤੋਂ ਬਾਅਦ ਕਈ ਹੋਰ ਸੁਧਾਰ ਹੋਣ ਵਾਲੇ ਹਨ। ਬੈਂਕਿੰਗ ਸੁਧਾਰਾਂ ਵਿੱਚ ਬੈਂਕ ਬੋਰਡਾਂ ਦਾ ਇਹ ਸਟੈਂਡ ਲੈਣਾ ਵੀ ਸ਼ਾਮਿਲ ਹੈ ਕਿ ਉਹ ਇਕਸਾਰਤਾ ਬਾਰੇ ਸਪੱਸ਼ਟ ਸਟੈਂਡ ਲੈਣ ਅਤੇ ਇਕ ਸਪੱਸ਼ਟ ਨੀਤੀ ਲੈ ਕੇ ਆਉਣ।"

ਕੁਮਾਰ ਅਨੁਸਾਰ ਪੁਨਰਪੂੰਜੀਵਾਦ ਆਪਣੇ ਆਪ ਹੀ ਨਹੀਂ ਆਉਂਦਾ ਅਤੇ ਇਸ ਤੋਂ ਬਾਅਦ ਸੁਧਾਰਾਂ ਦਾ ਇਕ ਪੂਰਾ ਸੈੱਟ ਆਉਂਦਾ ਹੈ। ਬਾਂਡਾਂ ਬਾਰੇ ਉਨ੍ਹਾਂ ਕਿਹਾ ਕਿ ਯੋਜਨਾ ਇਹ ਹੈ ਕਿ ਉਨ੍ਹਾਂ ਨੂੰ ਰੂਬਰੂ ਕੀਤਾ ਜਾਵੇ, ਜਿਸ ਦਾ ਭਾਵ ਹੈ ਕਿ ਇਸ ਦਾ ਵਧੇਰੇ ਹਿੱਸਾ ਇਸੇ ਸਾਲ ਹੀ ਆ ਜਾਵੇਗਾ।

**ਇਸ ਦੌਰਾਨ ਕਾਰਪੋਰੇਟ ਭਾਰਤ ਨੇ ਬੈਂਕ ਪੁਨਰਪੂੰਜੀਵਾਦ ਦੀ ਹਮਾਇਤ ਕੀਤੀ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੂੰ ਆਪਣੀ ਬਜਟ ਤੋਂ ਪਹਿਲਾਂ ਦੀ ਅਰਜ਼ੀ ਵਿੱਚ ਕਾਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ (ਸੀ ਆਈ ਆਈ) ਨੂੰ ਬੈਂਕਿੰਗ ਖੇਤਰ ਨੂੰ ਮਜ਼ਬੂਤ ਕਰਨ ਲਈ ਕਈ ਸੁਝਾਅ ਦਿੱਤੇ ਸਨ। ਸੀ ਆਈ ਆਈ ਨੇ ਕਿਹਾ ਸੀ "ਬੈਂਕਾਂ ਨੂੰ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਪੁਨਰਪੂੰਜੀਵਾਦ ਬਾਂਡ ਦੁਬਾਰਾ ਜਾਰੀ ਕਰਨ ਜੋ ਕਿ ਸੰਸਥਾਵਾਂ ਅਤੇ ਨਿਵੇਸ਼ਕਾਂ ਅਤੇ ਆਮ ਜਨਤਾ ਵਲੋਂ ਵੀ ਖਰੀਦੇ ਜਾਣ।"**

*(ਲੇਖਕ ਬੀ ਟੀ ਵੀ ਆਈ ਨਿਊਜ਼ ਚੈਨਲ ਦੇ ਸਹਾਇਕ ਸੰਪਾਦਕ ਹਨ ਅਤੇ ਪੱਤਰਕਾਰੀ ਵਿੱਚ ਉਨ੍ਹਾਂ ਦਾ 12 ਸਾਲ ਦਾ ਤਜਰਬਾ ਹੈ)*

*e-mail :ashu09@gmail.com*

# ਵਿੱਤੀ ਸਮਾਵੇਸ਼ ਨੂੰ ਵਧਾਉਣ ਵਿੱਚ ਬੈਂਕਾਂ ਦੀ ਭੂਮਿਕਾ

ਚਰਨ ਸਿੰਘ, ਸ਼ਿਵਾਕੁਮਾਰ ਰੈਡੀ ਕੇ.

ਵਿੱਤੀ ਸਮਾਵੇਸ਼ ਸਮਾਜ ਦੇ ਸਾਰੇ ਵਰਗਾਂ ਅਤੇ ਖ਼ਾਸ ਕਰਕੇ ਕਮਜ਼ੋਰ ਸਮੂਹਾਂ ਨੂੰ ਵਾਜਬ ਕੀਮਤ ਉੱਤੇ, ਠੀਕ ਅਤੇ ਪਾਰਦਰਸ਼ੀ ਤਰੀਕੇ ਨਾਲ, ਨਿਯਮਤ, ਮੁੱਖਧਾਰਾ ਦੇ ਸੰਸਥਾਨਾਂ ਵਲੋਂ ਢੁੱਕਵੇਂ ਵਿੱਤੀ ਉਤਪਾਦ ਅਤੇ ਸੇਵਾਵਾਂ ਤੱਕ ਪਹੁੰਚ ਯਕੀਨੀ ਬਣਾਉਣ ਦੀ ਇਕ ਪ੍ਰਕਿਰਿਆ ਹੈ (ਭਾਰਤ ਸਰਕਾਰ, 2008)। ਵਿੱਤੀ ਸਮਾਵੇਸ਼ ਦਾ ਉਦੇਸ਼ ਕਮਜ਼ੋਰ ਤੇ ਨਿਤਾਣੇ ਲੋਕਾਂ, ਖ਼ਾਸ ਕਰਕੇ ਗਰੀਬਾਂ ਨੂੰ ਬੈਂਕਿੰਗ ਵਿੱਤ ਤੱਕ ਪਹੁੰਚ ਪ੍ਰਦਾਨ ਕਰਕੇ ਅਤੇ ਉਨ੍ਹਾਂ ਨੂੰ ਲੋੜੀਂਦੀ ਆਮਦਨ ਪੈਦਾ ਕਰਨ ਦੇ ਯੋਗ ਬਣਾ ਕੇ ਉਨ੍ਹਾਂ ਦੇ ਜੀਵਨ ਵਿੱਚ ਬਦਲਾਅ ਲਿਆਉਣਾ ਹੈ (ਰੈਡੀ, 2017)।

ਅਸਲ ਵਿੱਚ ਆਮ ਮਾਨਤਾ ਤੋਂ ਉਲਟ, ਇਤਿਹਾਸਕ ਤੌਰ ਤੇ ਭਾਰਤ ਵਿੱਤੀ ਸਮਾਵੇਸ਼ ਦਾ ਮੋਢੀ ਹੈ। ਕੋਆਪਰੇਟਿਵ ਕ੍ਰੈਡਿਟ ਸੋਸਾਇਟੀਜ਼ ਐਕਟ, 1904 ਨੇ ਭਾਰਤ ਵਿੱਚ ਸਹਿਕਾਰਤਾ ਅੰਦੋਲਨ ਨੂੰ ਇਕ ਜਬਰਦਸਤ ਹੁਲਾਰਾ ਦਿੱਤਾ (ਰੌਇ, 2011)। ਸਹਿਕਾਰੀ ਬੈਂਕਾਂ ਦਾ ਮੰਤਵ ਸ਼ਾਹੂਕਾਰਾਂ ਦੇ ਮੁਕਾਬਲੇ ਅਸਾਨ ਸ਼ਰਤਾਂ ਉਤੇ ਬੈਂਕਿੰਗ ਸੇਵਾਵਾਂ, ਮੁੱਖ ਤੌਰ ਤੇ ਕਰਜ਼ਾ ਮੁਹੱਈਆ ਕਰਵਾਉਣਾ ਸੀ। ਭਾਰਤ ਵਿੱਚ ਵਿੱਤੀ ਸਮਾਵੇਸ਼ ਦਾ ਕਾਰਜ ਸਪੱਸ਼ਟ ਤੌਰ ਤੇ 1955 ਵਿੱਚ ਭਾਰਤੀ ਸਟੇਟ ਬੈਂਕ ਦੇ ਕੌਮੀਕਰਨ ਨਾਲ ਅਰੰਭ ਹੋਇਆ। 1967 ਵਿੱਚ ਸਮਾਜਿਕ ਬੈਂਕਿੰਗ ਬਾਰੇ ਇਕ ਬਹਿਸ ਛਿੜੀ ਅਤੇ ਸਿੱਟੇ ਵਜੋਂ 1969 ਵਿੱਚ ਬੈਂਕਾਂ ਤੋਂ ਸੱਖਣੇ ਲੋਕਾਂ ਲਈ 14 ਨਿੱਜੀ ਖੇਤਰ ਦੇ ਬੈਂਕਾਂ ਦਾ ਕੌਮੀਕਰਨ ਕਰ ਦਿੱਤਾ ਗਿਆ। 1974 ਤੱਕ ਤਰਜੀਹੀ ਖੇਤਰ ਦੇ ਉਧਾਰ ਦਾ ਸੰਕਲਪ ਅਹਿਮ ਹੋ ਗਿਆ ਜਿਸ ਵਿੱਚ ਬੈਂਕਾਂ ਤੋਂ ਸੱਖਣੇ ਖੇਤਰ ਨੂੰ ਉਧਾਰ ਦੇਣਾ ਜ਼ਰੂਰੀ ਕੀਤਾ ਗਿਆ। 1980 ਵਿੱਚ ਦਿਹਾਤੀ ਖੇਤਰਾਂ ਤੱਕ ਬੈਂਕਾਂ ਦਾ ਪਸਾਰ ਕਰਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਅੱਠ ਹੋਰ ਨਿੱਜੀ ਬੈਂਕਾਂ ਦਾ ਕੌਮੀਕਰਨ ਕਰ ਦਿੱਤਾ ਗਿਆ। ਉਦੋਂ ਤੋਂ ਲੈ ਕੇ ਵਿਕਾਸ ਦੀ ਪ੍ਰਕਿਰਿਆ ਨੂੰ ਗਤੀ ਦੇਣ ਲਈ ਬੈਂਕਾਂ ਵਲੋਂ ਕਰਜ਼ੇ ਦੇਣ ਦਾ ਕਾਫੀ ਪੁਨਰਗਠਨ ਹੋਇਆ, ਖ਼ਾਸ ਕਰਕੇ ਆਰਥਿਕਤਾ ਦੇ ਤਰਜੀਹੀ ਖੇਤਰ ਦਾ ਜਿਸ ਵੱਲ ਪਹਿਲਾਂ ਬਹੁਤਾ ਧਿਆਨ ਨਹੀਂ ਸੀ ਦਿੱਤਾ ਗਿਆ।

ਭਾਰਤ ਦਾ ਰਿਜ਼ਰਵ ਬੈਂਕ ਅਤੇ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਬਾਰਡ) ਦੇਸ਼ ਭਰ ਵਿੱਚ ਬੈਂਕਾਂ ਦੇ ਪਸਾਰ ਲਈ ਸਿਰਤੋੜ ਯਤਨ ਕਰ ਰਹੇ ਹਨ ਜਿਸ ਤਹਿਤ ਮਾਈਕ੍ਰੋ ਫਾਇਨਾਂਸ ਪਹਿਲਕਦਮੀਆਂ ਦੀਆਂ ਸਕੀਮਾਂ ਅਤੇ ਵਪਾਰਕ ਸੰਵਾਦਾਤਾਵਾਂ (ਬੀ ਸੀਜ਼) ਦੀ ਸ਼ੁਰੂਆਤ ਕੀਤੀ ਗਈ। ਦੂਸਰੀਆਂ ਪਹਿਲਕਦਮੀਆਂ ਵਿੱਚ ਖੇਤਰੀ ਦਿਹਾਤੀ ਬੈਂਕ ਸਥਾਪਤ ਕਰਨਾ (1975), ਸੇਵਾ ਖੇਤਰ ਪਹੁੰਚ ਅਪਨਾਉਣਾ (1989) ਅਤੇ ਸਵੈ-ਸਹਾਇਤਾ ਸਮੂਹ - ਬੈਂਕ ਸੰਪਰਕ ਪ੍ਰੋਗਰਾਮ (1989, 1990) ਆਦਿ ਸ਼ਾਮਲ ਸਨ।

ਪਿਛਲੇ ਵਰ੍ਹਿਆਂ ਵਿੱਚ, ਖ਼ਾਸ ਕਰਕੇ ਨਵੰਬਰ 2005 ਤੋਂ ਰਿਜ਼ਰਵ ਬੈਂਕ ਵਲੋਂ ਵਿੱਤੀ ਸਮਾਵੇਸ਼ ਯਕੀਨੀ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਗਏ ਜਿਸ ਲਈ 'ਆਪਣੇ ਗਾਹਕ ਨੂੰ ਜਾਣੋਂ' ਨਿਯਮ ਦੀਆਂ ਲੋੜਾਂ ਨੂੰ ਸਰਲ ਕੀਤਾ ਗਿਆ ਅਤੇ ਜ਼ੀਰੋ ਬੈਲੈਂਸ ਖਾਤਿਆਂ ਦੀ ਸ਼ੁਰੂਆਤ ਕੀਤੀ ਗਈ। ਰਿਜ਼ਰਵ ਬੈਂਕ ਦੀ ਵਿੱਤੀ ਸਮਾਵੇਸ਼ ਬਾਰੇ ਸੋਧੀ ਹੋਈ ਨੀਤੀ ਦਾ ਉਦੇਸ਼ ਨਿਰਪੱਖਤਾ ਅਤੇ ਕੁਸ਼ਲਤਾ ਦਰਮਿਆਨ ਸੰਤੁਲਨ ਯਕੀਨੀ ਬਣਾਉਣਾ ਅਤੇ ਬੈਂਕਾਂ ਵਲੋਂ ਉਧਾਰ ਦੇਣ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀ ਵਿੱਤੀ ਸਿਹਤ ਯਕੀਨੀ ਬਣਾਉਣਾ ਸੀ ਰਿਜ਼ਰਵ ਬੈਂਕ ਵਲੋਂ ਬੈਂਕ ਮੁਖੀ ਪਹੁੰਚ ਅਪਣਾਈ ਗਈ ਅਤੇ ਤਕਨਾਲੋਜੀ

**.... ਵਪਾਰਕ ਬੈਂਕਾਂ, ਖ਼ਾਸ ਕਰਕੇ ਜਨਤਕ ਖੇਤਰ ਦੇ ਬੈਂਕਾਂ ਵਲੋਂ ਦੇਸ਼ ਵਿੱਚ ਵਿੱਤੀ ਸਮਾਵੇਸ਼ ਦਾ ਪਸਾਰ ਕਰਨ ਲਈ ਅਹਿਮ ਭੂਮਿਕਾ ਨਿਭਾਈ ਗਈ ਹੈ, ਖ਼ਾਸ ਕਰਕੇ ਦਿਹਾਤੀ ਤੇ ਅਰਧ ਸ਼ਹਿਰੀ ਖੇਤਰਾਂ ਵਿੱਚ। ਬੈਂਕਾਂ ਦੇ ਸਫਲ ਪਸਾਰ ਦੀ ਵਰਤੋਂ ਹੁਣ ਦੂਜੇ ਵਿੱਤੀ ਉਤਪਾਦਾਂ ਜਿਵੇਂ ਬੀਮਾ ਉਤਪਾਦਾਂ ਅਤੇ ਪੈਨਸ਼ਨ ਫੰਡ ਦੇ ਬੁਨਿਆਦੀ ਢਾਂਚੇ ਦਾ ਦਾਇਰਾ ਵਧਾਉਣ ਲਈ ਕੀਤੀ ਜਾ ਰਹੀ ਹੈ।**

ਨਵੀਨਤਾ ਦੀ ਹੌਸਲਾ ਅਫਜ਼ਾਈ ਕੀਤੀ ਗਈ, ਜਿਵੇਂ ਹੱਥ ਵਿੱਚ ਫੜਨ ਵਾਲੇ ਉਪਕਰਣ ਜਿਨ੍ਹਾਂ ਦੀ ਵਰਤੋਂ ਬੈਂਕ ਵਾਲਿਆਂ ਵਲੋਂ ਦੂਰ ਦੁਰਾਡੇ ਥਾਵਾਂ ਉਤੇ ਕੀਤੀ ਜਾਂਦੀ ਹੈ। ਬੈਂਕਿੰਗ ਦਾ ਦਾਇਰਾ ਸੀਮਤ ਸੀ – ਵਿੱਤੀ ਸਮਾਵੇਸ਼ ਦੀਆਂ ਵੱਖ-ਵੱਖ ਪਹਿਲਕਦਮੀਆਂ ਦੇ ਬਾਵਜੂਦ ਬੈਂਕਾਂ ਦੀ ਪਹੁੰਚ ਸੀਮਤ ਸੀ। ਵਿੱਤੀ ਸਮਾਵੇਸ਼ ਨੇ ਭਾਰਤ ਦੇ ਬਦਲਦੇ ਆਰਥਿਕ ਦ੍ਰਿਸ਼ ਵਿੱਚ ਯੋਗਦਾਨ ਪਾਇਆ। ਹਾਲੇ ਵੀ ਕਈ ਮਹੱਤਵਪੂਰਨ ਪੱਖ ਸਨ ਜਿਵੇਂ ਗਰੀਬੀ, ਘੱਟ ਆਮਦਨ ਪੱਧਰ ਅਤੇ ਬੈਂਕ ਸ਼ਾਖਾਵਾਂ ਤੋਂ ਦੂਰੀ ਜੋ ਕਮਜ਼ੋਰ ਵਰਗਾਂ ਨੂੰ ਰਸਮੀ ਬੈਂਕਿੰਗ ਪ੍ਰਣਾਲੀ ਤੱਕ ਪਹੁੰਚ ਕਰਨ ਦੇ ਰਾਹ ਦੀ ਰੁਕਾਵਟ ਸੀ। 2011 ਦੀ ਮਰਦਮਸ਼ੁਮਾਰੀ ਮੁਤਾਬਕ, ਭਾਰਤ ਦੇ ਕੁੱਲ ਪਰਿਵਾਰਾਂ ਦੇ ਸਿਰਫ 58.7 ਪ੍ਰਤਿਸ਼ਤ ਅਤੇ ਦਿਹਾਤੀ ਖੇਤਰਾਂ ਦੇ ਸਿਰਫ 54.4 ਪ੍ਰਤਿਸ਼ਤ ਪਰਿਵਾਰਾਂ ਦੀ ਹੀ ਰਸਮੀ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਸੀ (ਤਾਲਿਕਾ-1)।


ਭਾਰਤ ਵਿੱਚ ਬੈਂਕਿੰਗ ਦਾ ਪਸਾਰ ਅਤੇ ਸ਼ਾਹੂਕਾਰ ਦੀ ਭੂਮਿਕਾ – ਸਰਕਾਰ ਅਤੇ ਰਿਜ਼ਰਵ ਬੈਂਕ ਦੇ ਯਤਨਾਂ ਦਾ ਸਿੱਟਾ ਸ਼ਾਖਾਵਾਂ ਦੇ ਪਸਾਰ ਵਿੱਚ ਨਿਕਲਿਆ ਪਰ ਸ਼ਾਹੂਕਾਰਾਂ ਦੀ ਭੂਮਿਕਾ ਹਾਲੇ ਵੀ ਮਹੱਤਵਪੂਰਨ ਬਣੀ ਹੋਈ ਹੈ। 1935 ਵਿੱਚ ਰਿਜ਼ਰਵ ਬੈਂਕ ਦੀ ਸਥਾਪਨਾ ਸਮੇਂ ਭਾਰਤ ਵਿੱਚ ਬੈਂਕਿੰਗ ਦਫ਼ਤਰਾਂ ਦੀ ਸੰਖਿਆ 946 ਸੀ। ਮਾਰਚ 1969 ਵਿੱਚ ਜਦੋਂ ਬੈਂਕਾਂ ਦਾ ਕੌਮੀਕਰਨ ਹੋਇਆ ਤਾਂ 8,262 ਸ਼ਾਖਾਵਾਂ ਵਿੱਚੋਂ 1833 ਦਿਹਾਤੀ ਅਤੇ 3,342 ਅਰਧ ਸ਼ਹਿਰੀ ਬੈਂਕ ਦਫ਼ਤਰ ਸਨ। ਇਨ੍ਹਾਂ ਵਿੱਚੋਂ 160 ਸ਼ਾਖਾਵਾਂ ਇੰਪੀਰੀਅਲ ਬੈਂਕ ਦੀਆਂ, 98 ਵਟਾਂਦਰਾ ਬੈਂਕਾਂ ਅਤੇ 688 ਭਾਰਤੀ ਸਾਂਝਾ ਸਟਾਕ ਬੈਂਕਾਂ ਦੀਆਂ ਸਨ। ਇਸ ਦਾ ਮਤਲਬ ਹੈ 3 ਲੱਖ ਜਨਸੰਖਿਆ ਪਿੱਛੇ ਇਕ ਬੈਂਕ ਸ਼ਾਖਾ/ਅਜਿਹੀ ਸਥਿਤੀ ਵਿੱਚ ਸ਼ਾਹੂਕਾਰ ਭਰਵਾਂ ਕਾਰੋਬਾਰ ਕਰ ਰਹੇ ਸਨ ਅਤੇ ਦਿਹਾਤੀ ਖੇਤਰਾਂ ਵਿੱਚ ਇਨ੍ਹਾਂ ਦੀ ਭੂਮਿਕਾ ਅਹਿਮ ਬਣੀ ਹੋਈ ਸੀ, ਕੌਮੀਕਰਨ ਤੋਂ ਬਾਅਦ ਵੀ, ਕਿਉਂਕਿ ਬੈਂਕਾਂ ਦੀਆਂ ਸ਼ਾਖਾਵਾਂ ਘੱਟ ਸਨ ਅਤੇ ਦੂਰ-ਦੂਰ ਸਥਿਤ ਸਨ। ਸ਼ਾਖਾਵਾਂ ਦਾ ਨੈੱਟਵਰਕ ਤੇਜ਼ੀ ਨਾਲ ਫੈਲ ਰਿਹਾ ਸੀ ਪਰ ਸਰਕਾਰ ਦੇ ਯਤਨਾਂ ਦੇ ਬਾਵਜੂਦ ਵੀ ਬੈਂਕਾਂ ਦੀ ਗਹਿਰਾਈ ਵਧਾਉਣ ਅਤੇ ਕਰਜ਼ਾ ਦੇਣ ਲਈ 1991 ਤੋਂ ਬਾਅਦ ਦਿਹਾਤੀ ਕਰਜ਼ੇ ਵਿੱਚ ਸ਼ਾਹੂਕਾਰਾਂ ਦੀ ਹਿੱਸੇਦਾਰੀ ਵਧਣੀ ਸ਼ੁਰੂ ਹੋ ਗਈ (ਚਿੱਤਰ-1)।

ਤਾਲਿਕਾ-1 : ਬੈਂਕਿੰਗ ਸੇਵਾਵਾਂ ਦਾ ਲਾਭ ਲੈ ਰਹੇ ਪਰਿਵਾਰਾਂ ਦਾ ਪ੍ਰਤਿਸ਼ਤ (ਪਰਿਵਾਰ ਕਰੋੜ ਵਿੱਚ)

| | 2001 ਦੀ ਮਰਦਮਸ਼ੁਮਾਰੀ ਮੁਤਾਬਕ | | | 2011 ਦੀ ਮਰਦਮਸ਼ੁਮਾਰੀ ਮੁਤਾਬਕ | | |
|---|---|---|---|---|---|---|
| ਪਰਿਵਾਰ | ਕੁੱਲ ਪਰਿਵਾਰ | ਬੈਂਕਿੰਗ ਸੇਵਾਵਾਂ ਲੈਣ ਵਾਲੇ ਪਰਿਵਾਰਾਂ ਦੀ ਸੰਖਿਆ | ਪ੍ਰਤਿਸ਼ਤ | ਕੁੱਲ ਪਰਿਵਾਰ | ਬੈਂਕਿੰਗ ਸੇਵਾਵਾਂ ਲੈਣ ਵਾਲੇ ਪਰਿਵਾਰਾਂ ਦੀ ਸੰਖਿਆ | ਪ੍ਰਤਿਸ਼ਤ |
| ਦਿਹਾਤੀ | 13.8 | 4.2 | 30.1 | 16.8 | 9.1 | 54.4 |
| ਸ਼ਹਿਰੀ | 5.4 | 2.7 | 49.5 | 7.9 | 5.3 | 67.8 |
| ਕੁੱਲ | 19.2 | 6.8 | 35.5 | 24.7 | 14.5 | 58.7 |

*ਸਰੋਤ : ਭਾਰਤ ਸਰਕਾਰ*

**ਚਿੱਤਰ-1 : ਸੰਸਥਾਗਤ ਅਤੇ ਗ਼ੈਰ-ਸੰਸਥਾਗਤ ਦਿਹਾਤੀ ਕਰਜਾ**




ਨੋਟ : ਗ਼ੈਰ ਰਸਮੀ ਸਰੋਤ : ਸ਼ਾਹੂਕਾਰ ਰਸਮੀ ਸਰੋਤ : ਇਸ ਵਿੱਚ ਸਿਰਫ ਸਹਿਕਾਰੀ ਸਭਾਵਾਂ/ਬੈਂਕਾਂ ਅਤੇ ਵਪਾਰਕ ਬੈਂਕਾਂ ਆਉਂਦੀਆਂ ਹਨ ਜਿਸ ਵਿੱਚ ਆਰ ਬੀ ਆਈ ਵੀ ਸ਼ਾਮਲ ਹਨ।
*ਸਰੋਤ : ਆਲ ਇੰਡੀਆ ਡੈਟ ਐਂਡ ਇਨਵੈਸਟਮੈਂਟ ਸਰਵੇ, ਵੱਖ-ਵੱਖ ਮੁੱਦੇ, ਐੱਨ ਐੱਸ ਐੱਸ ਓ*

ਸਰਕਾਰ ਵਲੋਂ ਵਿਸ਼ੇਸ਼ ਯਤਨ : ਹਰੇਕ ਪਰਿਵਾਰ ਵਿੱਚ ਬੈਂਕ ਖਾਤਾ ਯਕੀਨੀ ਬਣਾਉਣ ਲਈ ਅਹੁਦਾ ਸੰਭਾਲਣ ਸਮੇਂ ਪ੍ਰਧਾਨ ਮੰਤਰੀ ਨੇ 15 ਅਗਸਤ 2014 ਨੂੰ ਲਾਲ ਕਿਲੇ ਤੋਂ ਆਪਣੇ ਪਲੇਠੇ ਭਾਸ਼ਣ ਸਮੇਂ ਨਿਰੰਤਰ ਯਤਨਾਂ ਦੀ ਲੋੜ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਜਨ ਧਨ ਯੋਜਨਾ (ਪੀ ਐੱਮ ਜੇ ਡੀ ਵਾਈ) ਜਿਸ ਵਿੱਚ ਹਰੇਕ ਪਰਿਵਾਰ ਲਈ ਬੈਂਕਿੰਗ ਸਹੂਲਤਾਂ ਦੇਣ ਖਾਤਰ ਘੱਟੋ-ਘੱਟ ਇਕ ਬੈਂਕ ਖਾਤਾ ਖੋਲ੍ਹਣ ਦੀ ਕਲਪਨਾ ਕੀਤੀ ਗਈ ਹੈ, ਸਰਕਾਰ ਵਲੋਂ ਬੈਂਕਿੰਗ



ਸੇਵਾਵਾਂ ਹਾਸਲ ਕਰਨ ਵਾਲੇ ਪਰਿਵਾਰਾਂ ਦੀ ਸੰਖਿਆ ਵਿੱਚ ਵਾਧਾ ਕਰਨ ਦੇ ਯਤਨਾਂ ਨੂੰ ਦ੍ਰਿੜ੍ਹ ਕਰਦੀ ਹੈ। 6 ਦਸੰਬਰ 2017 ਤੱਕ ਇਸ ਯੋਜਨਾ ਅਧੀਨ ਕੁੱਲ 30.7 ਕਰੋੜ ਖਾਤੇ ਖੋਲ੍ਹੇ ਜਾ ਚੁੱਕੇ ਹਨ ਜਿਸ ਵਿੱਚੋਂ 18.1 ਕਰੋੜ ਪੇਂਡੂ ਅਤੇ 12.7 ਕਰੋੜ ਸ਼ਹਿਰੀ ਖੇਤਰਾਂ ਵਿੱਚ ਹਨ। ਰੁਪੈ ਕਾਰਡਾਂ ਦੀ ਸੰਖਿਆ ਵੀ ਵਧ ਕੇ 23.1 ਕਰੋੜ ਹੋ ਗਈ ਹੈ। ਇਹ ਵੇਖਦਿਆਂ ਕਿ 6 ਦਸੰਬਰ 2017 ਤੱਕ ਵਪਾਰਕ ਬੈਂਕਾਂ ਵਿੱਚ ਕੁੱਲ ਜਮ੍ਹਾਂ ਰਾਸ਼ੀ 69,841.2 ਕਰੋੜ ਰੁਪਏ ਸੀ, ਇਹ ਤਰੱਕੀ ਸ਼ਾਨਦਾਰ ਹੈ (ਤਾਲਿਕਾ-2)।

ਪੇਂਡੂ ਖੇਤਰਾਂ ਵਿੱਚ ਸ਼ਾਖਾਵਾਂ ਦੇ ਨੈੱਟਵਰਕ ਦਾ ਅਕਾਰ ਤੇਜ਼ੀ ਨਾਲ ਵਧਿਆ ਭਾਵੇਂ ਕਿ ਵਿਕਾਸ ਦਰ ਸ਼ਹਿਰਾਂ ਅਤੇ ਮਹਾਂਨਗਰੀ ਇਲਾਕਿਆਂ ਵਿੱਚ ਜ਼ਿਆਦਾ ਸੀ (ਤਾਲਿਕਾ-3)। 2015 ਵਿੱਚ ਕੌਮੀਕ੍ਰਿਤ ਬੈਂਕਾਂ, ਸਟੇਟ ਬੈਂਕ ਆਫ ਇੰਡੀਆ ਅਤੇ ਇਸ ਦੇ ਸਹਿਯੋਗੀਆਂ ਦੀ ਦਿਹਾਤੀ ਖੇਤਰਾਂ ਵਿੱਚ ਮੌਜੂਦਗੀ ਜ਼ਿਆਦਾ ਸੀ (ਤਾਲਿਕਾ-4)।

ਜਨਤਕ ਖੇਤਰ ਦੇ ਬੈਂਕ, ਜੋ ਰਵਾਇਤੀ ਤੌਰ ਤੇ ਸਮਾਜਿਕ ਬੈਂਕਿੰਗ ਵਿੱਚ ਸ਼ਾਮਲ ਹੁੰਦੇ ਹਨ,ਦੀ ਬੈਂਕ ਤੋਂ ਸਖਣੇ ਖੇਤਰਾਂ ਵਿੱਚ ਬੈਂਕਿੰਗ ਸੇਵਾ ਦਾ ਪਸਾਰ ਕਰਨ ਦੇ ਖੇਤਰ ਵਿੱਚ ਅਹਿਮ ਭੂਮਿਕਾ ਬਣੀ ਹੋਈ ਹੈ ਪਰ ਪਿਛਲੇ ਦਹਾਕੇ ਵਿੱਚ ਖਾਤਿਆਂ ਦੀ ਸੰਖਿਆ ਅਤੇ ਬਕਾਇਆ ਰਕਮ ਦੇ ਮਾਮਲੇ ਵਿੱਚ ਨਿੱਜੀ ਬੈਂਕਾਂ ਦੀ ਹਿੱਸੇਦਾਰੀ ਕਾਫੀ ਵਧੀ ਹੈ (ਤਾਲਿਕਾ-5)। ਕੁੱਝ ਬੈਂਕਾਂ ਨੂੰ ਸੰਸਥਾਗਤ

ਤਾਲਿਕਾ-2 : ਪ੍ਰਧਾਨ ਮੰਤਰੀ ਜਨ ਧਨ ਯੋਜਨਾ ਦੀ ਸਥਿਤੀ (6 ਦਸੰਬਰ 2017 ਤੱਕ)

ਕਰੋੜ ਰੁਪਏ

| ਬੈਂਕ ਦਾ ਨਾਮ/ਕਿਸਮ | ਲਾਭਪਾਤਰੀਆਂ ਦੀ ਸੰਖਿਆ | | | ਖਾਤਿਆਂ ਵਿੱਚ ਜਮ੍ਹਾਂ ਰਕਮ (ਕਰੋੜ ਰੁਪਏ) | ਲਾਭਪਾਤਰੀਆਂ ਨੂੰ ਜਾਰੀ ਕੀਤੇ ਰੁਪੈ ਡੈਬਿਟ ਕਾਰਡਾਂ ਦੀ ਸੰਖਿਆ |
|---|---|---|---|---|---|
| | ਪੇਂਡੂ | ਸ਼ਹਿਰੀ | ਕੁੱਲ | | |
| ਜਨਤਕ ਖੇਤਰ ਦੇ ਬੈਂਕ | 13.3 | 11.5 | 24.8 | 55646.6 | 18.6 |
| ਖੇਤਰੀ ਦਿਹਾਤੀ ਬੈਂਕ | 4.2 | 0.8 | 4.9 | 12033.9 | 3.6 |
| ਨਿੱਜੀ ਖੇਤਰ ਦੇ ਬੈਂਕ | 0.6 | 0.4 | 1.0 | 2160.6 | 0.9 |
| ਕੁੱਲ ਜੋੜ | 18.1 | 12.7 | 30.7 | 69841.2 | 23.1 |

*ਸਰੋਤ : ਭਾਰਤ ਸਰਕਾਰ* – https://pmjdy.gov.in/account

ਤਾਲਿਕਾ-3 : ਜਨਸੰਖਿਆ ਸਮੂਹ ਮੁਤਾਬਕ ਬੈਂਕ ਸ਼ਾਖਾਵਾਂ ਦੀ ਸੰਖਿਆ

| ਸਾਲ | ਪੇਂਡੂ | ਅਰਧ ਸ਼ਹਿਰੀ | ਸ਼ਹਿਰੀ | ਮਹਾਂਨਗਰੀ | ਕੁੱਲ |
|---|---|---|---|---|---|
| 1969 | 1833 | 3342 | 1584 | 1503 | 8262 |
| 1979 | 13337 | 7889 | 5037 | 3939 | 30202 |
| 1989 | 33014 | 11166 | 7524 | 5995 | 57699 |
| 1999 | 32857 | 14168 | 9898 | 8016 | 64939 |
| 2009 | 30943 | 19282 | 15356 | 14288 | 79869 |
| 2017 | 48806 | 38201 | 24574 | 26478 | 138059 |

ਨੋਟ : ਇਨ੍ਹਾਂ ਅੰਕੜਿਆਂ ਵਿੱਚ 'ਪ੍ਰਸ਼ਾਸਕ ਦਫ਼ਤਰ' ਸ਼ਾਮਿਲ ਨਹੀਂ ਹਨ।

*ਸਰੋਤ : ਰਿਜ਼ਰਵ ਬੈਂਕ, ਭਾਰਤੀ ਆਰਥਿਕਤਾ ਬਾਰੇ ਅੰਕੜਿਆਂ ਦੀ ਕਿਤਾਬ*

ਯਾਦਾਸ਼ਤ ਤੋਂ ਲਾਭ ਹੋਇਆ ਕਿਉਂਕਿ ਉਨ੍ਹਾਂ ਵਲੋਂ ਪਹਿਲੋਂ ਛੋਟੇ, ਹਨੀ ਡਿਪਾਜ਼ਿਟ ਜਾਂ ਜੀਵਨ ਨਿਧੀ ਸਕੀਮਾਂ ਚਲਾਈਆਂ ਜਾ ਰਹੀਆਂ ਸਨ ਜੋ ਹਾਲੀਆ ਵਰ੍ਹਿਆਂ ਵਿੱਚ ਜ਼ੀਰੋ ਬੈਲੈਂਸ ਜਾਂ ਮੁਢਲੇ ਜਮ੍ਹਾ ਖਾਤਿਆਂ ਵਿੱਚ ਤਬਦੀਲ ਹੋ ਗਏ।

ਉੱਤਰੀ ਖਿੱਤੇ ਵਿੱਚ ਕਰਜ਼ੇ ਦੇਣ ਲਈ ਵਪਾਰਕ ਬੈਂਕਾਂ ਨੇ ਅਹਿਮ ਭੂਮਿਕਾ ਨਿਭਾਈ ਹੈ, ਖ਼ਾਸ ਕਰਕੇ ਪੇਂਡੂ ਅਤੇ ਅਰਧ ਸ਼ਹਿਰੀ ਖੇਤਰਾਂ ਵਿੱਚ (ਤਾਲਿਕਾ-6)। ਪੂਰਬੀ ਅਤੇ ਉੱਤਰ ਪੂਰਬੀ ਖਿੱਤਿਆਂ ਦੇ ਸ਼ਹਿਰੀ ਖੇਤਰਾਂ ਵਿੱਚ ਕਰਜ਼ਾ ਦੇਣ ਵਿੱਚ ਵੀ ਕਾਫੀ ਵਾਧਾ ਹੋਇਆ ਹੈ।



ਖੇਤੀ ਖੇਤਰ ਨੂੰ ਕਰਜ਼ਾ ਦੇਣ ਵਿੱਚ ਵਪਾਰਕ ਬੈਂਕਾਂ ਖੇਤਰੀ ਦਿਹਾਤੀ ਬੈਂਕਾਂ ਜਾਂ ਸਹਿਕਾਰੀ ਬੈਂਕਾਂ ਨਾਲੋਂ ਜ਼ਿਆਦਾ ਸਫਲ ਰਹੀਆਂ ਹਨ (ਤਾਲਿਕਾ-7)।

***ਕਰਜ਼ਾ ਦੇਣ ਵਿੱਚ ਨਵੀਨਤਾ :*** ਬੈਂਕਾਂ ਤੋਂ ਸੱਖਣੀ ਜਨਸੰਖਿਆ ਤੱਕ ਸੇਵਾਵਾਂ ਪਹੁੰਚਾਉਣ ਲਈ ਵਪਾਰਕ ਬੈਂਕਾਂ ਵਲੋਂ ਮੋਬਾਈਲ ਵੈਨਾਂ, ਬੈਂਕਿੰਗ ਕਿਊਸਕ ਅਤੇ ਬੈਂਕਿੰਗ ਸੰਵਾਦਦਾਤਾਵਾਂ ਵਰਗੇ ਵਿਕਲਪ ਖੋਜਣੇ ਸ਼ੁਰੂ ਕੀਤੇ ਗਏ। ਜ਼ਿਆਦਾਤਰ ਬੈਂਕਿੰਗ ਤੋਂ ਸੱਖਣੇ ਗਾਹਕ ਉਹ ਹਨ ਜੋ ਕਦੇ ਕਿਸੇ ਬੈਂਕ ਸ਼ਾਖਾ ਵਿੱਚ ਨਹੀਂ ਗਏ। ਬੈਂਕਿੰਗ ਸੰਵਾਦਦਾਤਾ ਦੇ ਚੈਨਲ ਨੇ ਉਨ੍ਹਾਂ ਨੂੰ ਬੈਂਕਿੰਗ ਸਭਿਆਚਾਰ ਤੋਂ ਜਾਣੂ ਕਰਵਾਇਆ। ਬੀ ਸੀਜ਼ ਨਾਲ ਬੈਂਕਿੰਗ ਕਰਨ ਨਾਲ ਨਾ ਕੇਵਲ ਗਾਹਕਾਂ ਨੂੰ ਉਨ੍ਹਾਂ ਦੇ ਕੰਮ ਵਾਲੇ ਥਾਂ ਜਾਂ ਘਰ ਨੇੜੇ ਬੈਂਕ ਦੀ ਸਹੂਤਲ ਪ੍ਰਾਪਤ ਹੋਈ ਸਗੋਂ

| ਤਾਲਿਕਾ-4 : ਬੈਂਕ ਸਮੂਹ-2015 ਮੁਤਾਬਕ ਬੈਂਕ ਸ਼ਾਖਾਵਾਂ ਦੀ ਸੰਖਿਆ | | | | | |
|---|---|---|---|---|---|
| ਬੈਂਕ ਦੀ ਕਿਸਮ | ਪੇਂਡੂ | ਅਰਧ ਸ਼ਹਿਰੀ | ਸ਼ਹਿਰੀ | ਮਹਾਂਨਗਰੀ | ਕੁੱਲ |
| ਐੱਸ ਬੀ ਆਈ ਅਤੇ ਸਹਿਯੋਗੀ | 8029 | 6593 | 4304 | 3622 | 22548 |
| ਕੌਮੀਕ੍ਰਿਤ ਬੈਂਕ | 21605 | 16956 | 13083 | 11703 | 63347 |
| ਖੇਤਰੀ ਦਿਹਾਤੀ ਬੈਂਕ | 14613 | 3748 | 1071 | 228 | 19660 |
| ਨਿੱਜੀ ਖੇਤਰ ਦੇ ਬੈਂਕ | 4302 | 6457 | 4521 | 4698 | 19978 |
| ਵਿਦੇਸ਼ੀ ਬੈਂਕ | 8 | 12 | 57 | 247 | 324 |
| ਸਰਬ ਭਾਰਤ | 48557 | 33766 | 23036 | 20498 | 125857 |

*ਸਰੋਤ : ਭਾਰਤ ਸਰਕਾਰ*

| ਤਾਲਿਕਾ-5 : ਸੂਚੀਬੱਧ ਵਪਾਰਕ ਬੈਂਕਾਂ ਦਾ ਸਮੂਹ ਵਾਰ ਬਕਾਇਆ ਕਰਜ਼ਾ (ਖਾਤੇ ਮਿਲੀਅਨ ਵਿੱਚ ਅਤੇ ਰਕਮ ਬਿਲੀਅਨ ਵਿੱਚ) | | | | |
|---|---|---|---|---|
| | 1996 ਮਾਰਚ | | 2016 ਮਾਰਚ | |
| | ਖਾਤਿਆਂ ਦੀ ਸੰਖਿਆ | ਬਕਾਇਆ ਰਕਮਾਂ | ਖਾਤਿਆਂ ਦੀ ਸੰਖਿਆ | ਬਕਾਇਆ ਰਕਮਾਂ |
| ਐੱਸ ਬੀ ਆਈ ਤੇ ਸਹਿਯੋਗੀ | 14.2 | 742 | 26.8 | 16113 |
| ਕੌਮੀਕ੍ਰਿਤ ਬੈਂਕ | 25.7 | 1300 | 56.4 | 35146 |
| ਖੇਤਰੀ ਦਿਹਾਤੀ ਬੈਂਕ | 13.1 | 73 | 23.4 | 2068 |
| ਨਿੱਜੀ ਖੇਤਰ ਦੇ ਬੈਂਕ* | 2.4 | 202 | 50.3 | 18129 |
| ਵਿਦੇਸ਼ੀ ਬੈਂਕ | 1.2 | 229 | 5.5 | 3770 |
| ਸਾਰੇ ਬੈਂਕ | 56.7 | 2547 | 162.4 | 75226 |


* 1996 ਵਿੱਚ ਦੂਸਰੇ ਸੂਚੀਬੱਧ ਵਪਾਰਕ ਬੈਂਕ

*ਸਰੋਤ : ਰਿਜ਼ਰਵ ਬੈਂਕ, ਭਾਰਤ ਵਿੱਚ ਸੂਚੀਬੱਧ ਵਪਾਰਕ ਬੈਂਕਾਂ ਦੀਆਂ ਮੁੱਢਲੀਆਂ ਅੰਕੜਾ ਰਿਟਰਨਾਂ*

ਬੈਂਕਿੰਗ ਲੈਣ-ਦੇਣ ਵਿੱਚ ਵੀ ਉਨ੍ਹਾਂ ਨੂੰ ਕਾਫੀ ਬੱਚਤਾਂ ਪੇਸ਼ ਕੀਤੀਆਂ ਗਈਆਂ। ਗਾਹਕਾਂ ਦਾ ਆਉਣ ਜਾਣ ਦਾ ਖਰਚਾ ਅਤੇ ਸਮਾਂ/ਉਜਰਤ ਦੀ ਬਚਤ ਹੋ ਗਈ ਜੋ ਬੈਂਕ ਵਿੱਚ ਜਾ ਕੇ ਲੈਣ-ਦੇਣ ਕਰਨ ਵਿੱਚ ਜਾਇਆ ਹੋ ਜਾਂਦਾ ਸੀ। ਪੇਂਡੂ ਇਲਾਕਿਆਂ ਵਿੱਚ ਬਚਤ ਹੋਰ ਵੀ ਜ਼ਿਆਦਾ ਹੁੰਦੀ ਹੈ ਕਿਉਂਕਿ ਲੈਣ-ਦੇਣ ਪੂਰਾ ਕਰਨ ਲਈ ਬੈਂਕ ਸ਼ਾਖਾ ਵਿੱਚ ਜਾਣ ਲਈ 2-6 ਘੰਟੇ ਦਾ ਸਮਾਂ ਲੱਗ ਜਾਂਦਾ ਹੈ, ਜਿਸ ਦਾ ਮਤਲਬ ਨਿਯਮਤ ਗਤੀਵਿਧੀ ਤੋਂ ਗ਼ੈਰ-ਹਾਜ਼ਰੀ। ਬੈਂਕਿੰਗ ਸੰਵਾਦਾਤਾਵਾਂ ਵਾਲੇ ਆਊਟਲੈਟ ਹੁਣ ਦੂਰ ਦੁਰਾਡੇ ਖੇਤਰਾਂ ਜਾਂ ਝੁੱਗੀਆਂ ਵਿੱਚ ਵੀ ਸਥਾਪਤ ਕਰ ਦਿੱਤੇ ਗਏ ਹਨ ਜਿਥੇ ਪਹਿਲਾਂ ਬੈਂਕਾਂ ਦੀ ਮੌਜੂਦਗੀ ਘੱਟ ਜਾਂ ਨਾ ਦੇ ਬਰਾਬਰ ਸੀ। ਇਸੇ ਅਨੁਸਾਰ ਵਪਾਰਕ ਬੈਂਕਾਂ, ਮੁੱਖ ਤੌਰ ਤੇ ਬੀ ਸੀਜ਼ ਰਾਹੀਂ 6 ਲੱਖ ਪਿੰਡਾਂ ਤੱਕ ਬੈਂਕਿੰਗ ਸੇਵਾਵਾਂ ਪਹੁੰਚਾਉਣ ਵਿੱਚ ਸਫਲ ਰਹੀਆਂ ਹਨ। ਬੈਂਕਿੰਗ ਆਊਟਲੈਟਸ ਨਾਲ ਵਿੱਤੀ ਸਮਾਵੇਸ਼ ਦੀ ਤਰੱਕੀ ਵਿਆਪਕ ਰਹੀ ਹੈ। ਮਾਰਚ 2010 ਵਿੱਚ ਇਨ੍ਹਾਂ ਦੀ ਸੰਖਿਆ 33,378 ਸੀ ਜੋ ਮਾਰਚ 2017 ਵਿੱਚ ਵਧ ਕੇ 50,860 ਹੋ ਗਈ ਜਦ ਕਿ ਬੀ ਸੀਜ਼ ਵਾਲੇ ਆਊਟਲੈਟਸ ਦੀ ਗਿਣਤੀ 34,316 ਤੋਂ ਵਧ ਕੇ 547,233 ਉਤੇ ਪੁੱਜ ਗਈ। ਕੀਤਾ ਗਿਆ ਕਾਰੋਬਾਰ ਅਤੇ ਖਾਤਿਆਂ ਦੀ ਸੰਖਿਆ ਵੀ ਪਿਛਲੇ ਸੱਤ ਸਾਲਾਂ ਦੌਰਾਨ ਕਈ ਗੁਣਾ ਵਧੀ ਹੈ (ਤਾਲਿਕਾ-8)। ਬੀ ਸੀਜ਼ ਰਾਹੀਂ ਮੁਢਲੇ ਬਚਤ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਰਕਮ 26 ਗੁਣਾ ਵਧ ਗਈ ਜਦ ਕਿ ਇਸੇ ਸਮੇਂ ਦੌਰਾਨ ਸ਼ਾਖਾਵਾਂ ਰਾਹੀਂ ਇਹ ਵਾਧਾ 15 ਗੁਣਾ ਦਰਜ ਕੀਤਾ ਗਿਆ। ਇਸ ਸਮੇਂ ਦੌਰਾਨ ਸੂਚਨਾ ਤਕਨੀਕ ਤਕਨਾਲੋਜੀ ਦੀ ਵਰਤੋਂ ਕਰਕੇ ਲੈਣ-ਦੇਣ ਕੀਤੀ ਗਈ ਰਕਮ ਵਿੱਚ ਸਭ ਤੋਂ ਵੱਡਾ ਵਾਧਾ ਦਰਜ ਕੀਤਾ ਗਿਆ। ਆਖਰ ਨੂੰ, ਪੀ ਐੱਮ ਜੇ ਡੀ ਵਾਈ ਦੇ ਹੌਸਲਾ ਵਧਾਊ ਨਤੀਜੇ ਨਜ਼ਰ ਆ ਰਹੇ ਹਨ - 2014 ਤੋਂ ਬਾਅਦ ਮੁਢਲੇ ਬਚਤ ਖਾਤਿਆਂ ਵਿਚਲੀ ਰਕਮ ਅਤੇ ਤਕਨਾਲੋਜੀ ਦੀ ਵਰਤੋਂ ਰਾਹੀਂ ਲੈਣ-ਦੇਣ ਵਿੱਚ ਵੱਡਾ ਵਾਧਾ ਹੋਇਆ ਹੈ।

***ਚੋਣਵੇਂ ਮੁੱਦੇ ਅਤੇ ਸੁਝਾਅ :*** ਵਿੱਤੀ ਸਮਾਵੇਸ਼ ਹਾਸਲ ਕਰਨ ਲਈ ਕੁੱਝ ਉੱਭਰਦੇ ਪਾੜਿਆਂ ਦਾ ਮੁਲਾਂਕਣ ਕਰਨ ਦੀ ਲੋੜ ਹੈ। ਪਹਿਲਾ, ਵਿੱਤੀ ਸਮਾਵੇਸ਼ ਅੰਗਹੀਣਾਂ ਤੱਕ ਪਹੁੰਚਾਉਣ ਦੀ ਜ਼ਰੂਰਤ ਹੈ ਜਿਨ੍ਹਾਂ ਵਿੱਚ ਵਡੇਰੀ ਉਮਰ ਵਾਲੇ ਵੀ ਸ਼ਾਮਲ ਹਨ ਅਤੇ ਜਿਥੇ ਮੋਟਰ ਨਾਲ ਚੱਲਣ ਵਾਲੇ ਵਾਹਨ ਦੀ ਵਰਤੋਂ ਕਰਨ ਵਾਲੇ, ਨਜ਼ਰ ਜਾਂ ਸੁਣਨ ਤੋਂ ਸੱਖਣੇ ਅੰਗਹੀਣ ਵੀ ਸ਼ਾਮਲ ਹਨ। ਬੈਂਕਾਂ ਨੂੰ ਰਿਜ਼ਰਵ ਬੈਂਕ ਵਲੋਂ ਦਿੱਤੇ ਗਏ ਨਿਰਦੇਸ਼ ਜੋ ਹਰ ਪ੍ਰਕਾਰ ਦੇ ਅੰਗਹੀਣਾਂ ਤੱਕ ਪਹੁੰਚਣੇ ਚਾਹੀਦੇ ਸਨ, ਵਿੱਚ ਕੋਈ ਖ਼ਾਸ ਪ੍ਰਗਤੀ ਨਹੀਂ ਵੇਖੀ ਗਈ। ਬਹੁਤ ਥੋੜ੍ਹੇ ਏ ਟੀ ਐੱਮ ਅਤੇ ਬੈਂਕ ਸ਼ਾਖਾਵਾਂ ਹੀ ਅੰਗਹੀਣਾਂ ਲਈ ਢੁੱਕਵੇਂ ਹਨ।

ਵਿੱਤੀ ਸਮਾਵੇਸ਼ ਦੇ ਹੋਰ ਪਸਾਰ ਦੀਆਂ ਸੰਭਾਵਨਾਵਾਂ ਮੌਜੂਦ ਹਨ ਪਰ ਤਕਨਾਲੋਜੀ ਦੇ ਮੁੱਦੇ ਜਿਵੇਂ ਬਾਰ-ਬਾਰ ਮਸ਼ੀਨ ਖਰਾਬ ਹੋਣਾ ਅਤੇ ਸੰਚਾਰ ਦੀ ਕਮੀ ਰਸਮੀ ਬੈਂਕਿੰਗ ਪ੍ਰਤਿ ਗਾਹਕਾਂ



| ਤਾਲਿਕਾ-6 :ਵਪਾਰਕ ਬੈਂਕਾਂ ਦਾ ਬਕਾਇਆ ਕਰਜ਼ਾ (ਬਿਲੀਅਨ ਰੁਪਏ) | | | | | | | | |
|---|---|---|---|---|---|---|---|---|
| | 1996 | | | | 2016 | | | |
| | ਪੇਂਡੂ | ਅਰਧ ਸ਼ਹਿਰੀ | ਸ਼ਹਿਰੀ | ਮਹਾਂਨਗਰੀ | ਪੇਂਡੂ | ਅਰਧ ਸ਼ਹਿਰੀ | ਸ਼ਹਿਰੀ | ਮਹਾਂਨਗਰੀ |
| ਉੱਤਰੀ ਖੇਤਰ | 77 | 53 | 85 | 261 | 1774 | 1990 | 2964 | 10502 |
| ਉੱਤਰ ਪੂਰਬੀ ਖੇਤਰ | 12 | 8 | 8 | – | 181 | 252 | 220 | – |
| ਪੂਰਬੀ ਖੇਤਰ | 59 | 37 | 46 | 116 | 866 | 714 | 1351 | 2837 |
| ਕੇਂਦਰੀ ਖੇਤਰ | 66 | 58 | 71 | 47 | 1352 | 1226 | 2231 | 1708 |
| ਪੱਛਮੀ ਖੇਤਰ | 64 | 57 | 60 | 646 | 913 | 1368 | 1414 | 20703 |
| ਦੱਖਣੀ ਖੇਤਰ | 109 | 155 | 172 | 278 | 2270 | 3813 | 4784 | 9789 |
| ਸਾਰਾ ਭਾਰਤ | 386 | 369 | 444 | 1348 | 7358 | 9363 | 12966 | 45540 |

*ਸਰੋਤ : ਰਿਜ਼ਰਵ ਬੈਂਕ, ਭਾਰਤ ਵਿੱਚ ਸੂਚੀਬੱਧ ਵਪਾਰਕ ਬੈਂਕਾਂ ਦੀਆਂ ਮੁਢਲੀਆਂ ਅੰਕੜਾ ਰਿਟਰਨਾਂ*

| ਤਾਲਿਕਾ-7 : ਖੇਤੀ ਕਰਜ਼ੇ ਦੇ ਟੀਚੇ ਅਤੇ ਪ੍ਰਾਪਤੀਆਂ (ਬਿਲੀਅਨ ਰੁਪਏ) | | | | | | | | |
|---|---|---|---|---|---|---|---|---|
| | ਵਪਾਰਕ ਬੈਂਕਾਂ | | ਸਹਿਕਾਰੀ ਬੈਂਕ | | ਖੇਤਰੀ ਦਿਹਾਤੀ ਬੈਂਕ | | ਕੁੱਲ | |
| ਸਾਲ | ਟੀਚਾ | ਪ੍ਰਾਪਤੀਆਂ | ਟੀਚਾ | ਪ੍ਰਾਪਤੀਆਂ | ਟੀਚਾ | ਪ੍ਰਾਪਤੀਆਂ | ਟੀਚਾ | ਪ੍ਰਾਪਤੀਆਂ |
| 2013-14 | 4,750 | 5,090 | 1,250 | 1,199 | 1,000 | 827 | 7,000 | 7,116 |
| 2016-17* | 6,250 | 7,998 | 1,500 | 1,428 | 1,250 | 1,232 | 9,000 | 10,658 |

*ਸ਼ੁਰੂਆਤੀ

*ਸਰੋਤ : ਰਿਜ਼ਰਵ ਬੈਂਕ ਦੀ ਸਾਲਾਨਾ ਰਿਪੋਰਟ*

ਦੇ ਭਰੋਸੇ ਉਤੇ ਨਾਂਹ-ਪੱਖੀ ਪ੍ਰਭਾਵ ਪਾਉਂਦੇ ਹਨ। ਹੱਥ ਵਿੱਚ ਫੜਨ ਵਾਲੇ ਉਪਕਰਣਾਂ ਦੀਆਂ ਸਮੱਸਿਆਵਾਂ ਵਿੱਤੀ ਸਮਾਵੇਸ਼ ਦੇ ਰਾਹ ਦਾ ਰੋੜਾਂ ਹਨ। ਬਾਇਓਮੈਟਿਰਿਕ ਹੱਥ ਵਿੱਚ ਫੜਨ ਵਾਲੇ ਉਪਕਰਣਾਂ ਅਤੇ ਬਹੁਭਾਸ਼ਾਵੀ ਹੱਥ ਵਿੱਚ ਫੜਨ ਵਾਲੇ ਉਪਕਰਣਾਂ ਵਰਗੀਆਂ ਸਹੂਲਤਾਂ ਦੀ ਜ਼ਰੂਰਤ ਹੈ ਜੋ ਦਿਹਾਤੀ ਜਨਤਾ ਵਿੱਚ ਭਰੋਸੇ ਦਾ ਸੰਚਾਰ ਕਰ ਸਕਦੇ ਹਨ।

**ਤਕਨਾਲੋਜੀ ਨਵੀਨਤਾਵਾਂ, ਜਿਵੇਂ ਏਕੀਕ੍ਰਿਤ ਮਸ਼ੀਨਾਂ ਜਿਨ੍ਹਾਂ ਵਿੱਚ ਨਕਦੀ ਕਢਵਾਈ ਅਤੇ ਜਮ੍ਹਾਂ ਕੀਤੀ ਜਾ ਸਕਦੀ ਹੈ, ਨਵੇਂ ਖਾਤੇ ਖੋਲ੍ਹਣ ਲਈ ਦਸਤਾਵੇਜ਼ਾਂ ਨੂੰ ਸਕੈਨ ਕਰਨ ਦੀ ਸਹੂਲਤ ਅਤੇ ਕਰਜ਼ੇ ਦੀ ਵੰਡ, ਅਤੇ ਆਵਾਜ਼ ਦੀ ਕਮਾਂਡ ਅਤੇ ਬੋਲ ਕੇ ਦੱਸਣ ਵਾਲੀਆਂ ਸਹੂਲਤਾਂ ਬੈਂਕਿੰਗ ਦੀ ਗਹਿਰਾਈ ਵਧਾਉਣ ਵਿੱਚ ਸਹਾਈ ਹੋ ਸਕਦੀਆਂ ਹਨ।**

ਵਿੱਤੀ ਸਮਾਵੇਸ਼ ਤਹਿਤ ਪੇਸ਼ ਕੀਤੇ ਜਾ ਰਹੇ ਸਾਧਨਾਂ ਉਤੇ ਵੀ ਵਿਚਾਰ ਕਰਨ ਦੀ ਲੋੜ ਹੈ। ਪੇਂਡੂ ਭਾਰਤ ਵਿੱਚ ਰਹਿ ਰਹੇ ਲੋਕਾਂ ਦੀ ਸਮਾਜਿਕ-ਆਰਥਿਕ ਪਿੱਠ ਭੂਮੀ ਵਿੱਚ ਵੀ ਵੱਡਾ ਅੰਤਰ ਹੈ ਇਸ ਲਈ ਵਿੱਤੀ ਯੋਜਨਾਵਾਂ ਵਿੱਚ ਵੀ ਲਚਕੀਲਾਪਨ ਲਿਆਉਣ ਦੀ ਲੋੜ ਹੈ ਜੋ ਬੈਂਕਾਂ ਤੋਂ ਸੱਖਣੀ ਜਨਸੰਖਿਆ ਦੇ ਵੱਖ-ਵੱਖ ਵਰਗਾਂ ਲਈ ਤਿਆਰ ਕੀਤੀਆਂ ਜਾਂਦੀਆਂ ਹਨ। ਮਿਸਾਲ ਦੇ ਲਈ, ਆਮ ਸੇਵਾਵਾਂ ਜੋ ਵਪਾਰਕ ਬੈਂਕਾਂ ਵਲੋਂ ਦਿੱਤੀਆਂ ਜਾਂਦੀਆਂ ਹਨ, ਉਹ ਸਮਾਜ ਦੇ ਤਨਖ਼ਾਹਦਾਰ ਵਰਗਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀਆਂ ਗਈਆਂ ਹੁੰਦੀਆਂ ਹਨ ਜਿਵੇਂ ਕਿ ਆਵਰਤੀ ਜਮ੍ਹਾਂ ਸਕੀਮਾਂ - ਇਹ ਪੇਂਡੂ ਖੇਤਰਾਂ ਵਿੱਚ ਵੱਖ-ਵੱਖ ਹੋਣੀਆਂ ਚਾਹੀਦੀਆਂ ਹਨ ਜਿਸ ਦਾ ਅਧਾਰ ਖੇਤੀ ਉਤਪਾਦਨ ਚੱਕਰ ਦੇ ਅਧਾਰ ਉਤੇ ਆਮਦਨ ਦੀ ਪੱਧਤੀ ਹੋਣੀ ਚਾਹੀਦੀ ਹੈ।

ਵਿੱਤੀ ਸੇਵਾਵਾਂ ਸੰਬੰਧਿਤ ਘਟਨਾਵਾਂ ਦੀ ਨਿਗਰਾਨੀ ਲਈ ਜ਼ਿੰਮੇਵਾਰੀ ਇਕ ਸਮਰਪਿਤ ਵਿੱਤੀ ਸੰਸਥਾਨ ਨੂੰ ਦਿੱਤੇ ਜਾਣ ਦੀ ਲੋੜ ਹੈ। ਸ਼ਾਇਦ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ, ਪੇਂਡੂ ਖੇਤਰਾਂ ਵਿੱਚ ਵਿੱਤੀ ਸਮਾਵੇਸ਼ ਦੀ ਤਰੱਕੀ ਉਤੇ ਨਜ਼ਰ ਰੱਖਣ ਲਈ ਢੁੱਕਵਾਂ ਸੰਸਥਾਨ ਹੈ, ਕਿਉਂਕਿ ਇਸ ਦੀ ਜਾਣਕਾਰੀ ਦਾ ਵੱਡਾ ਅਧਾਰ ਮੌਜੂਦਾ ਹੈ।

ਵਿੱਤੀ ਸਾਖਰਤਾ ਇਕ ਨਿਰੰਤਰ ਚੁਣੌਤੀ ਹੈ ਇਸ ਲਈ ਬੈਂਕਾਂ ਵਾਲੇ ਸਮਾਜ ਦੇ ਵੱਡੇ ਵਰਗਾਂ ਤੱਕ ਪੁੱਜਣ ਲਈ ਵੱਖ-ਵੱਖ ਰਣਨੀਤੀਆਂ ਅਪਣਾ ਰਹੇ ਹਨ, ਖ਼ਾਸ ਕਰਕੇ ਪਿੰਡਾਂ ਵਿੱਚ। ਗਾਹਕਾਂ ਨਾਲ, ਖ਼ਾਸ ਕਰਕੇ ਪਿੰਡਾਂ ਵਿੱਚ ਰਿਸ਼ਤਾ ਬਣਾਉਣਾ ਮਹੱਤਵਪੂਰਨ ਹੈ, ਇਸ ਤੋਂ ਪਹਿਲਾਂ ਕਿ ਉਹ ਆਪਣਾ ਪੈਸਾ ਜਮ੍ਹਾਂ ਕਰਾਉਣ।

**ਵਿੱਤੀ ਸਾਖਰਤਾ ਵਧਾਉਣ ਲਈ ਕਈ ਬੈਂਕਾਂ ਵਲੋਂ ਅਨੇਕ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਜਿਵੇਂ ਕਿ ਕਾਲਜ ਪੱਧਰ ਉਤੇ ਕੁਇਜ਼ ਮੁਕਾਬਲੇ ਕਰਵਾਉਣੇ, ਕਾਰਟੂਨ ਵਾਲੀਆਂ ਕਿਤਾਬਾਂ ਤਿਆਰ ਕਰਨੀਆਂ, ਜਾਦੂ ਮੇਲੇ ਆਯੋਜਿਤ ਕਰਨੇ ਆਦਿ। ਸਾਹਿਤ/ਸਮੱਗਰੀ ਦਾ ਮਿਆਰੀਕਰਨ ਕਰਨ ਦੀ ਲੋੜ ਹੈ ਤਾਂ ਜੋ ਬੈਂਕਿੰਗ ਤੋਂ ਸੱਖਣੇ ਲੋਕਾਂ ਤੱਕ ਵਿੱਤੀ ਸਾਖਰਤਾ ਦਾ ਪਸਾਰ ਕੀਤਾ ਜਾ ਸਕੇ।**

## ਸਿੱਟਾ

ਗੱਲ ਖਤਮ ਕਰਨ ਲਈ ਆਖੀਏ ਤਾਂ ਵਪਾਰਕ ਬੈਂਕਾਂ, ਖ਼ਾਸ ਕਰਕੇ ਜਨਤਕ ਖੇਤਰ ਦੇ ਬੈਂਕਾਂ ਵਲੋਂ ਦੇਸ਼ ਵਿੱਚ ਵਿੱਤੀ ਸਮਾਵੇਸ਼ ਦਾ ਪਸਾਰ ਕਰਨ ਲਈ ਅਹਿਮ ਭੂਮਿਕਾ ਨਿਭਾਈ ਗਈ ਹੈ, ਖ਼ਾਸ ਕਰਕੇ ਦਿਹਾਤੀ ਤੇ ਅਰਧ ਸ਼ਹਿਰੀ ਖੇਤਰਾਂ ਵਿੱਚ। ਬੈਂਕਾਂ ਦੇ ਸਫਲ ਪਸਾਰ ਦੀ ਵਰਤੋਂ ਹੁਣ ਦੂਜੇ ਵਿੱਤੀ ਉਤਪਾਦਾਂ ਜਿਵੇਂ ਬੀਮਾ ਉਤਪਾਦਾਂ ਅਤੇ ਪੈਨਸ਼ਨ ਫੰਡ ਦੇ ਬੁਨਿਆਦੀ ਢਾਂਚੇ ਦਾ ਦਾਇਰਾ ਵਧਾਉਣ ਲਈ ਕੀਤੀ ਜਾ ਰਹੀ ਹੈ।

*(ਲੇਖਕ ਚਰਨ ਸਿੰਘ, ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ, ਬੰਗਲੌਰ ਦੇ ਕੁੱਲਵਕਤੀ ਵਿਜ਼ਟਿੰਗ ਅਧਿਆਪਕ, ਰਿਜ਼ਰਵ ਬੈਂਕ ਆਫ ਇੰਡੀਆ ਦੇ ਸਾਬਕਾ ਖੋਜ ਡਾਇਰੈਕਟਰ, ਆਈ ਐੱਮ ਐਫ ਵਾਸ਼ਿੰਗਟਨ ਡੀ ਸੀ ਦੇ ਸਾਬਕਾ ਸੀਨੀਅਰ ਅਰਥਸ਼ਾਸਤਰੀ ਹਨ।*

*ਸ਼ਿਵਾਕੁਮਾਰ ਰੈੱਡੀ ਕੇ. ਆਈ ਆਈ ਐੱਮ, ਬੈਂਗਲੁਰੂ ਵਿਖੇ ਖੋਜ ਵਿਸ਼ਲੇਸ਼ਕ ਹਨ)*

*e-mail :charansingh@iimb.ca.in*

*:shivakumara.reddy@iimb.ac.in*

# ਬੈਂਕਰਾਂ ਤੋਂ ਬੈਂਕਾਂ ਤੱਕ

ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਦੀ ਸਥਾਪਨਾ 1 ਅਪ੍ਰੈਲ 1935 ਨੂੰ ਰਿਜ਼ਰਵ ਬੈਂਕ ਆਫ ਇੰਡੀਆ ਕਾਨੂੰਨ, 1934 ਦੀਆਂ ਧਾਰਾਵਾਂ ਅਨੁਸਾਰ ਕੀਤੀ ਗਈ ਸੀ। ਰਿਜ਼ਰਵ ਬੈਂਕ ਆਫ ਇੰਡੀਆ ਦੇ ਕੇਂਦਰੀ ਦਫ਼ਤਰ ਦੀ ਸ਼ੁਰੂ ਵਿੱਚ ਸਥਾਪਨਾ ਕਲੱਕਤਾ ਵਿੱਚ ਹੋਈ ਸੀ ਪਰ 1937 ਵਿੱਚ ਇਸ ਨੂੰ ਪੱਕੇ ਤੌਰ ਤੇ ਮੁੰਬਈ ਵਿੱਚ ਤਬਦੀਲ ਕਰ ਦਿੱਤਾ ਗਿਆ। ਭਾਵੇਂ ਸ਼ੁਰੂ ਵਿੱਚ ਇਹ ਨਿੱਜੀ ਮਲਕੀਅਤ ਸੀ, ਪਰ 1949 ਵਿੱਚ ਹੋਏ ਰਾਸ਼ਟਰੀਕਰਨ ਤੋਂ ਬਾਅਦ ਇਹ ਬੈਂਕ ਪੂਰੀ ਤਰ੍ਹਾਂ ਭਾਰਤ ਸਰਕਾਰ ਦੀ ਮਲਕੀਅਤ ਬਣ ਗਿਆ।

ਰਿਜ਼ਰਵ ਬੈਂਕ ਆਫ ਇੰਡੀਆ ਦੀ ਪਰਿਭਾਸ਼ਾ ਅਨੁਸਾਰ ਰਿਜ਼ਰਵ ਬੈਂਕ ਦੇ ਮੁਢਲੇ ਕੰਮ ਹੇਠ ਲਿਖੇ ਹੋਣਗੇ :



- ਬੈਂਕ ਨੋਟਾਂ ਦੇ ਮਾਮਲੇ ਨੂੰ ਰੈਗੂਲੇਟ ਕਰਨਾ ਅਤੇ ਭੰਡਾਰਾਂ ਦੀ ਸਾਂਭ-ਸੰਭਾਲ ਕਰਨਾ ਤਾਂ ਕਿ ਭਾਰਤ ਵਿੱਚ ਮਾਲੀ ਸਥਿਰਤਾ ਕਾਇਮ ਰਹਿ ਸਕੇ ਅਤੇ ਆਮ ਤੌਰ ਤੇ ਕਰੰਸੀ ਅਤੇ ਕਰਜ਼ਾ ਸਿਸਟਮ ਨੂੰ ਦੇਸ਼ ਦੇ ਲਾਭ ਲਈ ਆਪ੍ਰੇਟ ਕਰਨਾ, ਆਧੁਨਿਕ ਵਿੱਤੀ ਢਾਂਚਾ ਕਾਇਮ ਰੱਖਣਾ ਤਾਂ ਕਿ ਦਿਨੋ-ਦਿਨ ਗੁੰਝਲਦਾਰ ਹੋ ਰਹੀ ਆਰਥਿਕਤਾ ਦੀਆਂ ਚੁਣੌਤੀਆਂ ਦਾ ਮੁਕਾਬਲਾ ਕੀਤਾ ਜਾ ਸਕੇ, ਕੀਮਤ ਸਥਿਰਤਾ ਕਾਇਮ ਰੱਖਣ ਅਤੇ ਵਿਕਾਸ ਦੇ ਟੀਚੇ ਨੂੰ ਧਿਆਨ ਵਿੱਚ ਰੱਖਣਾ।
- ਰਿਜ਼ਰਵ ਬੈਂਕ ਦਾ ਕੰਮਕਾਜ ਡਾਇਰੈਕਟਰਾਂ ਦੇ ਕੇਂਦਰੀ ਬੋਰਡ ਵਲੋਂ ਕੀਤਾ ਜਾਂਦਾ ਹੈ। ਬੋਰਡ ਦੀ ਨਿਯੁਕਤੀ ਭਾਰਤ ਸਰਕਾਰ ਵਲੋਂ ਰਿਜ਼ਰਵ ਬੈਂਕ ਆਫ ਇੰਡੀਆ ਕਾਨੂੰਨ ਅਨੁਸਾਰ ਕੀਤੀ ਜਾਂਦੀ ਹੈ।

### ਆਰ ਬੀ ਆਈ ਦੀ ਵਿੱਤੀ ਨੀਤੀ

- ਵਿੱਤੀ ਨੀਤੀ ਦਾ ਭਾਵ ਇਸ ਕੇਂਦਰੀ ਬੈਂਕ ਦੀ ਆਪਣੇ ਨਿਯੰਤ੍ਰਣ ਅਧੀਨ ਚੱਲ ਰਹੇ ਵਿੱਤੀ ਯੰਤਰਾਂ ਦੀ ਵਰਤੋਂ ਤੋਂ ਹੈ ਤਾਂ ਕਿ ਕਾਨੂੰਨ ਵਿੱਚ ਵਰਣਿਤ ਟੀਚੇ ਹਾਸਿਲ ਕੀਤੇ ਜਾ ਸਕਣ। ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੂੰ ਮਾਲੀ ਨੀਤੀ ਉੱਤੇ ਅਮਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਹ ਜ਼ਿੰਮੇਵਾਰੀ ਬੈਂਕ ਆਫ ਇੰਡੀਆ ਕਾਨੂੰਨ, 1934 ਅਧੀਨ ਪ੍ਰਦਾਨ ਕੀਤੀ ਗਈ ਹੈ।

ਮਾਲੀ ਨੀਤੀ ਦਾ ਮੁੱਢਲਾ ਉਦੇਸ਼ ਕੀਮਤ ਸਥਿਰਤਾ ਨੂੰ ਕਾਇਮ ਰੱਖਣਾ ਅਤੇ ਦਿਮਾਗ ਵਿੱਚ ਵਿਕਾਸ ਦੇ ਟੀਚੇ ਨੂੰ ਲੈ ਕੇ ਚੱਲਣਾ ਹੈ। ਨਿਰੰਤਰ ਵਿਕਾਸ ਲਈ ਕੀਮਤ ਸਥਿਰਤਾ ਇਕ ਲੋੜੀਂਦੀ ਮੁਢਲੀ ਸ਼ਰਤ ਹੈ।

### ਤਾਜ਼ਾ ਪਹਿਲਕਦਮੀਆਂ

ਮਈ, 2016 ਵਿੱਚ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਕਾਨੂੰਨ, 1934 ਵਿੱਚ ਸੋਧ ਕੀਤੀ ਗਈ ਤਾਂ ਕਿ ਲਚਕਦਾਰ ਕਰੰਸੀ ਪਸਾਰ ਢਾਂਚਾ ਟੀਚਿਆਂ ਨੂੰ ਲਾਗੂ ਕਰਨ ਲਈ ਕਾਨੂੰਨੀ ਆਧਾਰ ਮੁਹੱਈਆ ਕਰਵਾਇਆ ਜਾ ਸਕੇ।




- ਸੋਧੇ ਹੋਏ ਆਰ ਬੀ ਆਈ ਕਾਨੂੰਨ ਦਾ ਉਦੇਸ਼ ਭਾਰਤ ਸਰਕਾਰ ਵਲੋਂ ਰਿਜ਼ਰਵ ਬੈਂਕ ਨਾਲ ਸਲਾਹ ਮਸ਼ਵਰਾ ਕਰਕੇ ਪਸਾਰ ਦੇ ਟੀਚਿਆਂ ਦੀ ਸਥਾਪਨਾ ਕਰਨਾ ਹੈ। ਇਹ ਕੰਮ ਹਰ 5 ਸਾਲ ਵਿੱਚ ਇਕ ਵਾਰੀ ਕੀਤਾ ਜਾਂਦਾ ਸੀ। ਇਸ ਸੋਧ ਤੋਂ ਪਹਿਲਾਂ ਲਚਕਦਾਰ ਪਸਾਰ ਟੀਚਾਬੰਦੀ ਢਾਂਚੇ ਨੂੰ ਸਰਕਾਰ ਦੀ ਮਾਲੀ ਨੀਤੀ ਢਾਂਚੇ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਦੇ 20 ਫ਼ਰਵਰੀ, 2015 ਦੇ ਕਾਨੂੰਨ ਅਨੁਸਾਰ ਕੀਤਾ ਜਾਂਦਾ ਸੀ।

ਭਾਰਤ ਸਰਕਾਰ ਦੇ ਨਾਲ ਆਰ ਬੀ ਆਈ ਵੀ ਦੇਸ਼ ਦੀ ਕਰੰਸੀ ਦਾ ਡਿਜ਼ਾਈਨ ਤਿਆਰ ਕਰਨ, ਇਸ ਦਾ ਉਤਪਾਦਨ ਕਰਨ ਅਤੇ

ਸਮੁੱਚੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ ਅਤੇ ਇਸ ਦਾ ਉਦੇਸ਼ ਸਾਫ ਅਤੇ ਵਾਜਬ ਨੋਟਾਂ ਦੀ ਕਾਫੀ ਸਪਲਾਈ ਯਕੀਨੀ ਬਣਾਉਣਾ ਹੈ।

ਭਾਰਤ ਸਰਕਾਰ ਨੂੰ ਰਿਜ਼ਰਵ ਬੈਂਕ ਦੀ ਮੰਗ ਅਨੁਸਾਰ ਸਿੱਕੇ ਜਾਰੀ ਕਰਨ ਅਤੇ ਸਪਲਾਈ ਕਰਨ ਦਾ ਅਧਿਕਾਰ ਹੈ। ਰਿਜ਼ਰਵ ਬੈਂਕ ਭਾਰਤ ਸਰਕਾਰ ਦੀ ਤਰਫੋਂ ਹੀ ਸਿੱਕੇ ਜਾਰੀ ਕਰਦਾ ਹੈ।

ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਰਿਜ਼ਰਵ ਬੈਂਕ ਕਰੰਸੀ ਵਿੱਚ ਭਰੋਸਾ ਕਾਇਮ ਰੱਖਦਾ ਹੈ ਅਤੇ ਬੈਂਕ ਨੋਟਾਂ ਦੀ ਲਗਾਤਾਰ ਨਿਗਰਾਨੀ ਰੱਖਦਾ ਹੈ ਅਤੇ ਇਸ ਦੇ ਲਈ ਨਵੇਂ ਡਿਜ਼ਾਈਨ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਵਾਲੇ ਨੋਟ ਵੀ ਜਾਰੀ ਕਰਦਾ ਹੈ।

## ਆਰ ਬੀ ਆਈ ਇਕ ਰੈਗੂਲੇਟਰ ਵਜੋਂ

***ਫਤਵਾ/ਟੀਚੇ :*** ਰੈਗੂਲੇਸ਼ਨ ਦਾ ਉਦੇਸ਼ ਡਿਪਾਜ਼ਿਟਰਾਂ ਦੇ ਹਿੱਤਾਂ ਦੀ ਰਾਖੀ ਕਰਨਾ, ਬੈਂਕਿੰਗ ਕੰਮਕਾਜ ਨੂੰ ਸਹੀ ਢੰਗ ਨਾਲ ਚਲਾਉਣਾ ਅਤੇ ਬੈਂਕਿੰਗ ਢਾਂਚੇ ਦੀ ਸਮੁੱਚੀ ਸਿਹਤ ਅਤੇ ਵਿੱਤੀ ਸਥਿਰਤਾ ਦਾ ਧਿਆਨ ਰੱਖਣਾ ਹੈ।

***ਦਾਇਰਾ:*** ਵਪਾਰਕ ਬੈਂਕ (91), ਸਰਬ ਭਾਰਤੀ ਵਿੱਤੀ ਸੰਸਥਾਵਾਂ (05), ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ (04), ਖੇਤਰੀ ਦਿਹਾਤੀ ਬੈਂਕ (56) ਅਤੇ ਲੋਕਲ ਏਰੀਆ ਬੈਂਕਸ (04)।

***ਵਿਕਾਸ :*** ਇੰਡੀਅਨ ਬੈਂਕਿੰਗ ਸਿਸਟਮ ਦੇ ਵਿਕਾਸ ਅਤੇ ਕੌਮਾਂਤਰੀ ਸਮਝਦਾਰੀ ਭਰੇ ਵਧੀਆ ਤੌਰ ਤਰੀਕਿਆਂ ਨਾਲ ਰੈਗੂਲੇਟਰੀ ਕੰਮਕਾਜ ਵਿਕਸਿਤ ਹੋਏ।

## ਵਿਸ਼ਵਵਿਆਪੀ ਬੈਂਕ ਲਾਇਸੈਂਸਿੰਗ ਨੀਤੀ

ਸਿਧਾਂਤਕ ਤੌਰ ਤੇ ਦੋ ਨਵੇਂ ਅਰਜ਼ੀਕਾਰਾਂ, ਜਿਵੇਂ ਕਿ ਆਈ ਡੀ ਐਫ ਸੀ ਲਿਮਟਿਡ ਅਤੇ ਬੰਧਨ ਫਾਇਨਾਂਸ਼ਿਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨੂੰ 2 ਅਪ੍ਰੈਲ, 2014 ਨੂੰ 22 ਫ਼ਰਵਰੀ, 2013 ਦੀ ਨੀਤੀ ਅਧੀਨ ਨਿੱਜੀ ਖੇਤਰ ਵਿੱਚ ਨਵੇਂ ਬੈਂਕ ਸਥਾਪਿਤ ਕਰਨ ਲਈ ਲਾਇਸੈਂਸ ਜਾਰੀ ਹੋਏ। ਰਿਜ਼ਰਵ ਬੈਂਕ ਇਸ ਲਾਇਸੈਂਸਿੰਗ ਕਾਰਵਾਈ ਤੋਂ ਸਬਕ ਸਿੱਖਣਾ ਚਾਹੁੰਦਾ ਸੀ ਤਾਂ ਕਿ ਦਿਸ਼ਾ ਨਿਰਦੇਸ਼ਾਂ ਨੂੰ ਸਹੀ ਢੰਗ ਨਾਲ ਸੋਧਿਆ ਜਾ ਸਕੇ ਅਤੇ ਹੋਰ ਵਧੇਰੇ ਲਾਇਸੈਂਸ ਬਕਾਇਦਾ ਤੌਰ ਤੇ ਜਾਰੀ ਕੀਤੇ ਜਾ ਸਕਣ। ਰਿਜ਼ਰਵ ਬੈਂਕ ਯੂਨੀਵਰਸਲ ਬੈਂਕ ਕਾਇਮ ਕਰਨ ਲਈ ਅਧਿਕਾਰਿਤ ਦਿਸ਼ਾ ਨਿਰਦੇਸ਼ ਜਾਰੀ ਕਰਨ ਲਈ ਲਗਾਤਾਰ ਪ੍ਰਬੰਧ ਕਰ ਰਿਹਾ ਹੈ।

## ਦਬਾਅ ਅਧੀਨ ਅਸਾਸਿਆਂ ਦਾ ਪ੍ਰਬੰਧਨ

ਦਬਾਅ ਅਧੀਨ ਆਏ ਅਸਾਸਿਆਂ ਦੇ ਪ੍ਰਭਾਵੀ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ, ਬੈਂਕਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਇਸ ਲੋੜ ਦਾ ਵੀ ਜ਼ਿਕਰ ਕੀਤਾ ਗਿਆ ਕਿ ਬੈਂਕਿੰਗ ਪ੍ਰਣਾਲੀ ਵਿੱਤੀ ਦਬਾਅ ਦੀ ਸਥਿਤੀ ਜਲਦੀ ਪਛਾਣ ਕੇ ਉਸ ਦੇ ਹੱਲ ਲਈ ਕਦਮ ਚੁੱਕੇ।

## ਭਾਰਤ ਵਿੱਚ ਬੈਂਕਾਂ ਦੇ ਪ੍ਰਬੰਧਨ ਬੋਰਡ ਦਾ ਜਾਇਜ਼ਾ ਲੈਣਾ

ਰਿਜ਼ਰਵ ਬੈਂਕ ਇਸ ਵੇਲੇ ਬੈਂਕ ਦੇ ਪ੍ਰਬੰਧਨ ਦੇ ਬੋਰਡਾਂ ਦੀ ਸਥਿਤੀ ਦਾ ਜਾਇਜ਼ਾ ਲੈ ਰਿਹਾ ਹੈ।

## ਸਹਿਕਾਰੀ ਬੈਂਕਾਂ ਨੂੰ ਨਿਯਮਬੱਧ ਕਰਨਾ

ਭਾਰਤ ਵਿੱਚ ਦਿਹਾਤੀ ਕਰਜ਼ਾ ਪ੍ਰਣਾਲੀ ਇਹ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਗਈ ਸੀ ਤਾਂ ਕਿ ਖੇਤੀ ਖੇਤਰ ਨੂੰ ਕਰਜ਼ੇ ਦਾ ਪ੍ਰਵਾਹ

## ਪਿਛਾਂਹ ਵੱਲ ਝਾਤ

ਰਿਜ਼ਰਵ ਬੈਂਕ ਦੀ ਸਥਾਪਨਾ ਬੈਂਕ ਨੋਟਾਂ ਦੇ ਮਾਮਲੇ ਨੂੰ ਰੈਗੂਲੇਟ ਕਰਨ, ਮਾਲੀ ਸਥਿਰਤਾ ਕਾਇਮ ਰੱਖਣ ਲਈ ਲੋੜੀਂਦਾ ਭੰਡਾਰ ਰੱਖਣਾ ਅਤੇ ਦੇਸ਼ ਦੇ ਲਾਭ ਲਈ ਇਸ ਦੇ ਕਰਜ਼ਿਆਂ ਅਤੇ ਕਰੰਸੀ ਸਿਸਟਮ ਨੂੰ ਚਲਾਉਣ ਲਈ ਕੀਤੀ ਗਈ ਸੀ। ਬੈਂਕ ਨੇ ਸਰਕਾਰ ਤੋਂ ਉਹ ਕੰਮਕਾਜ ਆਪਣੇ ਹੱਥ ਵਿੱਚ ਲੈ ਕੇ ਸ਼ੁਰੂ ਕੀਤੇ ਜੋ ਕਿ ਤਦ ਤੱਕ ਇੰਪੀਰੀਅਲ ਬੈਂਕ ਆਫ ਇੰਡੀਆ ਅਤੇ ਕੰਟਰੋਲਰ ਆਫ ਕਰੰਸੀ ਵਲੋਂ ਕੀਤੇ ਜਾਂਦੇ ਸਨ। ਇਨ੍ਹਾਂ ਕੰਮਾਂ ਵਿੱਚ ਸਰਕਾਰੀ ਖਾਤਿਆਂ ਅਤੇ ਜਨਤਕ ਕਰਜ਼ੇ ਦਾ ਪ੍ਰਬੰਧਨ ਸ਼ਾਮਿਲ ਸੀ। ਇਸ ਦੇ ਉਸ ਵੇਲੇ ਕਰੰਸੀ ਦਫ਼ਤਰ ਕੋਲਕਾਤਾ, ਮੁੰਬਈ,ਚੇਨਈ, ਰੰਗੂਨ (ਮਿਆਂਮਾਰ), ਕਰਾਚੀ (ਲਾਹੌਰ) ਅਤੇ ਕਾਨ੍ਹਪੁਰ ਵਿੱਚ ਸਨ ਅਤੇ ਉਹ ਸਾਰੇ ਇਸ ਦੀਆਂ ਬਰਾਂਚਾਂ ਬਣ ਗਏ। ਬੈਂਕਿੰਗ ਵਿਭਾਗ ਦੇ ਦਫ਼ਤਰ ਕੋਲਕਾਤਾ, ਬੰਬਈ, ਮਦਰਾਸ, ਦਿੱਲੀ ਅਤੇ ਰੰਗੂਨ ਵਿੱਚ ਖੋਲ੍ਹੇ ਗਏ। ਬਰਮਾ (ਮਿਆਂਮਾਰ) 1937 ਵਿੱਚ ਭਾਰਤ ਤੋਂ ਵੱਖ ਹੋਇਆ ਪਰ ਰਿਜ਼ਰਵ ਬੈਂਕ ਤਦ ਤੱਕ ਬਰਮਾ ਦੇ ਕੇਂਦਰੀ ਬੈਂਕ ਵਜੋਂ ਕੰਮ ਕਰਦਾ ਰਿਹਾ ਜਦੋਂ ਤੱਕ ਜਾਪਾਨ ਨੇ ਬਰਮਾ ਉੱਤੇ ਕਬਜ਼ਾ ਨਹੀਂ ਕਰ ਲਿਆ ਅਤੇ ਫਿਰ 1947 ਤੱਕ ਵੀ ਉਸ ਦੇ ਕੇਂਦਰੀ ਬੈਂਕ ਵਜੋਂ ਕੰਮ ਕਰਦਾ ਰਿਹਾ। ਭਾਰਤ ਦੀ ਵੰਡ ਤੋਂ ਬਾਅਦ ਰਿਜ਼ਰਵ ਬੈਂਕ ਜੂਨ, 1948 ਤੱਕ ਪਾਕਿਸਤਾਨ ਦੇ ਕੇਂਦਰੀ ਬੈਂਕ ਵਜੋਂ ਵੀ ਕੰਮ ਕਰਦਾ ਰਿਹਾ। ਉਸ ਤੋਂ ਬਾਅਦ ਸਟੇਟ ਬੈਂਕ ਆਫ ਪਾਕਿਸਤਾਨ ਨੇ ਉਥੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਰਿਜ਼ਰਵ ਬੈਂਕ ਦੀ ਸ਼ੁਰੂਆਤ ਇਕ ਸ਼ੇਅਰ ਹੋਲਡਰ ਬੈਂਕ ਵਜੋਂ ਹੋਈ ਅਤੇ 1949 ਵਿੱਚ ਇਸ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ।

ਰਿਜ਼ਰਵ ਬੈਂਕ ਆਫ ਇੰਡੀਆ ਦੀ ਇਕ ਦਿਲਚਸਪ ਗੱਲ ਇਹ ਹੈ ਕਿ ਇਹ ਸ਼ੁਰੂਆਤ ਤੋਂ ਹੀ ਬੈਂਕ ਵਿਕਾਸ, ਖ਼ਾਸ ਤੌਰ ਤੇ ਖੇਤੀ ਦੇ ਵਿਕਾਸ ਵਿੱਚ ਇਕ ਅਹਿਮ ਭੂਮਿਕਾ ਨਿਭਾ ਰਿਹਾ ਹੈ। ਜਦੋਂ ਭਾਰਤ ਨੇ ਵਿਕਾਸ ਦੀ ਆਪਣੀ ਯੋਜਨਾਬੰਦੀ ਕੀਤੀ ਤਾਂ ਬੈਂਕ ਦੀ ਵਿਕਾਸ ਵਾਲੀ ਭੂਮਿਕਾ ਕੇਂਦਰ ਵਿੱਚ ਆਈ, ਵਿਸ਼ੇਸ਼ ਤੌਰ ਤੇ 60ਵੇਂ ਦਹਾਕੇ ਵਿੱਚ ਜਦੋਂ ਰਿਜ਼ਰਵ ਬੈਂਕ ਨੇ ਵਿਕਾਸ ਦੇ ਏਜੰਟ ਵਜੋਂ ਕਈ ਤਰ੍ਹਾਂ ਨਾਲ ਵਿੱਤ ਦੀ ਧਾਰਨਾ ਵਿੱਚ ਆਪਣੇ ਆਪ ਨੂੰ ਮੋਹਰੀ ਬਣਾ ਲਿਆ। ਬੈਂਕ ਨੇ ਸੰਸਥਾਗਤ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਡਿਪਾਜ਼ਿਟ ਇੰਸ਼ੋਰੈਂਸ ਐਂਡ ਕ੍ਰੈਡਿਟ ਗਾਰੰਟੀ ਕਾਰਪੋਰੇਸ਼ਨ ਆਫ ਇੰਡੀਆ, ਯੂਨਿਟ ਟਰਸਟ ਆਫ ਇੰਡੀਆ, ਇੰਡਸਟਰੀਅਲ ਡਿਵੈਲਪਮੈਂਟ ਬੈਂਕ ਆਫ ਇੰਡੀਆ, ਨੈਸ਼ਨਲ ਬੈਂਕ ਆਫ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ, ਡਿਸਕਾਊਂਟ ਐਂਡ ਫਾਈਨੈਂਸ ਹਾਊਸ ਆਫ ਇੰਡੀਆ ਵਗੈਰਾ ਸੰਸਥਾਵਾਂ ਕਾਇਮ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਖੁੱਲ੍ਹੇਪਨ ਦੇ ਆਉਣ ਨਾਲ ਬੈਂਕ ਨੇ ਆਪਣਾ ਧਿਆਨ ਮੁੜ ਕੋਰ ਬੈਂਕਿੰਗ ਕੰਮਾਂ ਜਿਵੇਂ ਕਿ ਵਿੱਤੀ ਨੀਤੀ, ਬੈਂਕ ਦੀ ਨਿਗਰਾਨੀ ਅਤੇ ਰੈਗੂਲੇਸ਼ਨ ਅਤੇ ਭੁਗਤਾਨ ਸਿਸਟਮ ਉੱਤੇ ਨਜ਼ਰ ਰੱਖਣ ਅਤੇ ਵਿੱਤੀ ਮਾਰਕੀਟਾਂ ਦੇ ਵਿਕਾਸ ਵੱਲ ਕੇਂਦਰਿਤ ਕਰ ਲਿਆ।



ਬਣਿਆ ਰਹੇ। ਇਸ ਵਿੱਚ ਥੋੜ੍ਹੀ ਮਿਆਦ ਦੇ, ਲੰਬੀ ਮਿਆਦ ਦੇ ਸਹਿਕਾਰੀ ਕਰਜ਼ਾ ਢਾਂਚੇ ਸਨ। ਥੋੜ੍ਹੀ ਮਿਆਦ ਦਾ ਕਰਜ਼ਾ ਦੇਣ ਵਾਲਾ ਢਾਂਚਾ ਤਿੰਨ ਪੜਾਵੀ ਹੈ - ਪ੍ਰਾਇਮਰੀ ਐਗਰੀਕਲਚਰ ਕ੍ਰੈਡਿਟ ਸੁਸਾਇਟੀਜ਼ (ਪੀ ਏ ਸੀ ਐੱਸ), ਜੋ ਕਿ ਪਿੰਡ ਪੱਧਰ ਉੱਤੇ ਹੈ, ਸੈਂਟਰਲ ਕੋਆਪ੍ਰੇਟਿਵ ਬੈਂਕ (ਸੀ ਸੀ ਬੀਜ਼), ਜੋ ਕਿ ਜ਼ਿਲ੍ਹਾ ਪੱਧਰ ਉੱਤੇ ਹਨ ਅਤੇ ਸਟੇਟ ਕੋਆਪ੍ਰੇਟਿਵ ਬੈਂਕ ਜੋ ਕਿ ਸੂਬਾ ਪੱਧਰ ਉੱਤੇ ਹਨ। ਪੀ ਏ ਸੀਜ਼ ਬੈਂਕਿੰਗ ਰੈਗੂਲੇਸ਼ਨ ਕਾਨੂੰਨ 1949 ਦੇ ਦਾਇਰੇ ਤੋਂ ਬਾਹਰ ਹਨ ਇਸ ਲਈ ਇਨ੍ਹਾਂ ਨੂੰ ਰਿਜ਼ਰਵ ਬੈਂਕ ਵਲੋਂ ਰੈਗੂਲੇਟ ਨਹੀਂ ਕੀਤਾ ਜਾਂਦਾ। ਪ੍ਰਾਇਮਰੀ ਕੋਆਪ੍ਰੇਟਿਵ ਬੈਂਕ (ਪੀ ਸੀ ਬੀਜ਼) ਜਿਨ੍ਹਾਂ ਨੂੰ ਅਰਬਨ ਕੋਆਪ੍ਰੇਟਿਵ ਬੈਂਕ (ਯੂ ਸੀ ਬੀ) ਵੀ ਕਿਹਾ ਜਾਂਦਾ ਹੈ, ਉਹ ਸ਼ਹਿਰੀ ਅਤੇ ਨੀਮ ਸ਼ਹਿਰੀ ਖੇਤਰਾਂ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਦੇ ਹਨ।

ਰਿਜ਼ਰਵ ਬੈਂਕ ਹੋਰ ਰੈਗੂਲੇਟਰਾਂ ਜਿਵੇਂ ਕਿ ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀਜ਼ ਅਤੇ ਸੈਂਟਰਲ ਰਜਿਸਟਰਾਰ ਆਫ ਕੋਆਪ੍ਰੇਟਿਵ ਸੁਸਾਇਟੀਜ਼ ਦੇ ਨਜ਼ਦੀਕੀ ਤਾਲਮੇਲ ਨਾਲ ਕੰਮ ਕਰਦਾ ਹੈ।


## ਗੈਰ ਬੈਂਕਿੰਗ ਵਿੱਤੀ ਸੰਸਥਾਵਾਂ ਨੂੰ ਨਿਯਮਤ ਕਰਨਾ

ਭਾਰਤ ਵਿੱਚ ਅਜਿਹੀਆਂ ਵਿੱਤੀ ਸੰਸਥਾਵਾਂ ਵੀ ਹਨ, ਜੋ ਬੈਂਕ ਨਹੀਂ ਹਨ ਪਰ ਜੋ ਲੋਕਾਂ ਤੋਂ ਪੈਸਾ ਲੈਂਦੀਆਂ ਹਨ ਅਤੇ ਉਨ੍ਹਾਂ ਨੂੰ ਬੈਂਕਾਂ ਵਾਂਗ ਕਰਜ਼ਾ ਵੀ ਦਿੰਦੀਆਂ ਹਨ। ਇਨ੍ਹਾਂ ਨੂੰ ਭਾਰਤ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ (ਐੱਨ ਬੀ ਐੱਫ ਸੀਜ਼) ਕਿਹਾ ਜਾਂਦਾ ਹੈ।

ਰਿਜ਼ਰਵ ਬੈਂਕ ਦੀ ਇਹ ਲਗਾਤਾਰ ਕੋਸ਼ਿਸ਼ ਰਹਿੰਦੀ ਹੈ ਕਿ ਇਸ ਖੇਤਰ ਦਾ ਵਿਕਾਸ ਹੁੰਦਾ ਰਹੇ। ਅਜਿਹਾ ਕਈ ਟੀਚਿਆਂ, ਜਿਵੇਂ ਕਿ ਵਿੱਤੀ ਸਥਿਰਤਾ, ਖਪਤਕਾਰ ਅਤੇ ਡਿਪਾਜ਼ਿਟਰਾਂ ਦੀ ਸੁਰੱਖਿਆ ਅਤੇ ਵਿੱਤੀ ਮਾਰਕੀਟ ਵਿੱਚ ਵਧੇਰੇ ਲੋਕਾਂ ਦੀ ਮੌਜੂਦਗੀ ਦੀ ਲੋੜ ਨੂੰ ਮਹਿਸੂਸ ਕਰਕੇ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰੈਗੂਲੇਟਰੀ ਵਿਚੋਲਗੀ ਚਿੰਤਾਵਾਂ ਨੂੰ ਧਿਆਨ ਵਿੱਚ ਰੱਖ ਕੇ ਯੂ ਐੱਨ ਬੀ ਸੀ ਖੇਤਰ ਦੇ ਅਨੋਖੇਪਨ ਨੂੰ ਵੇਖ ਕੇ ਕੀਤਾ ਜਾਂਦਾ ਹੈ। ਰਿਜ਼ਰਵ ਬੈਂਕ ਇਸ ਵੇਲੇ ਐੱਨ ਬੀ ਐੱਸ ਸੀਜ਼ ਦੇ ਰੈਗੂਲੇਟਰੀ ਢਾਂਚੇ ਦਾ ਜਾਇਜ਼ਾ ਲੈ ਰਿਹਾ ਹੈ।

## ਖਪਤਕਾਰ ਸੁਰੱਖਿਆ ਅਤੇ ਸਿੱਖਿਆ

ਰਿਜ਼ਰਵ ਬੈਂਕ ਦੀਆਂ ਖਪਤਕਾਰ ਸੁਰੱਖਿਆ ਪਹਿਲਕਦਮੀਆਂ ਵਿੱਚ ਇਕ ਖਪਤਕਾਰ ਸ਼ਿਕਾਇਤ ਸੈੱਲ ਕਾਇਮ ਕਰਨਾ, ਇਕ ਗਾਹਕ ਸੇਵਾ ਵਿਭਾਗ ਦੀ ਕਾਇਮੀ ਕਰਨਾ ਸ਼ਾਮਿਲ ਹੈ, ਜਿਸ ਨੂੰ ਬੀਤੇ ਦਿਨੀਂ ਖਪਤਕਾਰ ਵਿੱਦਿਆ ਅਤੇ ਸੁਰੱਖਿਆ ਵਿਭਾਗ ਦਾ ਨਾਂ ਦਿੱਤਾ ਗਿਆ। ਝਗੜੇ ਦੀ ਸਥਿਤੀ ਵਿੱਚ ਸੰਸਥਾਗਤ ਢਾਂਚੇ ਨੂੰ ਮਜ਼ਬੂਤ ਕਰਨ ਲਈ ਰਿਜ਼ਰਵ ਬੈਂਕ ਨੇ ਇਕ ਓਮਬਡਸਮੈਨ (ਬੀ ਓ) ਸਕੀਮ ਲਾਗੂ ਕੀਤੀ। ਬੀ ਓ ਇਕ ਬਦਲਵੀਂ ਝਗੜਾ ਨਿਪਟਾਰਾ ਮਸ਼ੀਨਰੀ ਹੈ ਜੋ ਕਿ ਬੈਂਕ ਅਤੇ ਗਾਹਕਾਂ ਦਰਮਿਆਨ ਦੇ ਝਗੜਿਆਂ ਨੂੰ ਨਿਪਟਾਉਂਦੀ ਹੈ। ਦੇਸ਼ ਵਿੱਚ ਇਸ ਵੇਲੇ 20 ਬੈਂਕਿੰਗ ਓਮਬਡਸਮੈਨ ਦੇ ਦਫ਼ਤਰ ਹਨ। ਇਸ ਸਕੀਮ




### ਗਾਹਕਾਂ ਦੀ ਸੇਵਾ ਵਿੱਚ ਸੁਧਾਰ ਲਈ ਪਹਿਲਕਦਮੀਆਂ

ਕਟੇ ਫਟੇ ਨੋਟਾਂ ਜਾਂ ਮਿੱਟੀ ਨਾਲ ਖਰਾਬ ਹੋਏ ਨੋਟਾਂ ਨੂੰ ਇਕੱਠਾ ਕਰਨ ਲਈ ਲਾਭ ਦੇਣਾ।

- ਬੈਂਕ ਬਰਾਂਚਾਂ ਨੂੰ ਕਰੰਸੀ ਵਟਾਂਦਰੇ ਦੀ ਸਹੂਲਤ ਦੇਣਾ।
- ਬੈਂਕਾਂ ਨੂੰ ਵਪਾਰਕ ਕਾਰਸਪੋਂਡੈਂਟਸ ਅਤੇ ਨੋਟਾਂ ਅਤੇ ਸਿੱਕਿਆਂ ਦੀ ਵੰਡ ਲਈ ਕੈਸ਼ ਇਨ ਟਰਾਂਸਿਟ ਕੰਪਨੀਆਂ ਦੀਆਂ ਸੇਵਾਵਾਂ ਲੈਣ ਦੀ ਇਜਾਜ਼ਤ ਦੇਣਾ।
- ਪੁਰਾਣੀ ਸੀਰੀਜ਼ ਦੇ ਬੈਂਕ ਨੋਟਾਂ (2005 ਤੋਂ ਪਹਿਲਾਂ ਜਾਰੀ ਹੋਏ) ਨੂੰ ਕੌਮਾਂਤਰੀ ਮਿਆਰਾਂ ਅਨੁਸਾਰ ਵਾਪਸ ਲੈਣਾ।
- 'ਪੈਸਾ ਬੋਲਤਾ ਹੈ' ਨਾਂ ਦੀ ਇਕ ਵਿੱਦਿਅਕ ਮਾਈਕ੍ਰੋ ਸਾਈਟ ਕਾਇਮ ਕਰਨਾ।
- ਬੈਂਕ ਨੋਟਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਫ਼ਿਲਮ ਬਣਾਉਣਾ।

## ਵਿਦੇਸ਼ੀ ਕਰੰਸੀ ਦੀ ਮੈਨੇਜਮੈਂਟ

ਕਾਫੀ ਲੰਬੇ ਸਮੇਂ ਤੋਂ ਵਿਦੇਸ਼ੀ ਕਰੰਸੀ ਨੂੰ ਭਾਰਤ ਵਿੱਚ ਇਕ ਕੰਟਰੋਲਡ ਵਸਤੂ ਵਜੋਂ ਜਾਣਿਆ ਜਾਂਦਾ ਸੀ, ਕਿਉਂਕਿ ਇਹ ਮੁਹੱਈਆ ਘੱਟ ਹੀ ਹੁੰਦੀ ਸੀ। ਵਿਦੇਸ਼ੀ ਕਰੰਸੀ ਮੈਨੇਜਮੈਂਟ ਦੀਆਂ ਸ਼ੁਰੂਆਤੀ ਸਟੇਜਾਂ ਵਿੱਚ ਵਿਦੇਸ਼ੀ ਕਰੰਸੀ ਕੰਟਰੋਲ ਉੱਤੇ ਧਿਆਨ ਕੇਂਦਰਿਤ ਹੁੰਦਾ ਸੀ। ਕਿਉਂਕਿ ਸਪਲਾਈ ਸੀਮਤ ਹੋਣ ਕਾਰਨ ਇਸ ਨੂੰ ਰੈਗੂਲੇਟ ਕਰਨਾ ਪੈਂਦਾ ਸੀ। 3 ਸਤੰਬਰ 1939 ਦੇ ਡਿਫੈਂਸ ਆਫ ਇੰਡੀਆ ਰੂਲਜ਼ ਅਧੀਨ ਇਸ ਉੱਤੇ ਐਕਸਚੇਂਜ ਕੰਟਰੋਲ ਲਾਗੂ ਕੀਤਾ ਗਿਆ। ਐਕਸਚੇਂਜ ਕੰਟਰੋਲ ਦੀਆਂ ਕਾਨੂੰਨੀ ਸ਼ਕਤੀਆਂ ਫਾਰਨ ਐਕਸਚੇਂਜ ਰੈਗੂਲੇਸ਼ਨ ਐਕਟ (ਫੇਰਾ) 1947 ਅਧੀਨ ਪ੍ਰਦਾਨ ਕੀਤੀਆਂ ਗਈਆਂ। ਬਾਅਦ ਵਿੱਚ ਇਸ ਕਾਨੂੰਨ ਦੀ ਥਾਂ ਵਧੇਰੇ ਵਿਸਤ੍ਰਿਤ ਫਾਰਨ ਐਕਸਚੇਂਜ ਐਕਟ ਨੇ ਲੈ ਲਈ। ਇਸ ਕਾਨੂੰਨ ਅਧੀਨ ਰਿਜ਼ਰਵ ਬੈਂਕ ਅਤੇ ਕੁਝ ਮਾਮਲਿਆਂ ਵਿੱਚ ਕੇਂਦਰ ਸਰਕਾਰ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਭਾਰਤ ਤੋਂ ਬਾਹਰ ਵਿਦੇਸ਼ੀ ਕਰੰਸੀ ਦੇ ਲੈਣ-ਦੇਣ, ਕਰੰਸੀ ਨੋਟਾਂ ਦੀ ਬਰਾਮਦ ਅਤੇ ਦਰਾਮਦ ਨੂੰ ਕੰਟਰੋਲ ਅਤੇ ਰੈਗੂਲੇਟ ਕਰੇ ਅਤੇ ਭਾਰਤ ਵਿੱਚ ਰਹਿੰਦੇ ਲੋਕਾਂ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਲੋਕਾਂ ਵਿੱਚ ਸਕਿਉਰਿਟੀਜ਼ ਦਾ ਤਬਾਦਲਾ ਕਰੇ ਅਤੇ ਭਾਰਤ ਦੇ ਅੰਦਰ ਅਤੇ ਬਾਹਰ ਅਚੱਲ ਜਾਇਦਾਦਾਂ ਨੂੰ ਹਾਸਿਲ ਕਰੇ।


ਵਿਦੇਸ਼ੀ ਕਰੰਸੀ ਦੇ ਪ੍ਰਬੰਧਨ ਲਈ ਨਿਯਮਾਂ ਵਿੱਚ ਵਿਸਤ੍ਰਿਤ ਛੋਟ ਪ੍ਰਦਾਨ ਕੀਤੀ ਗਈ। ਅਜਿਹਾ 1991 ਵਿੱਚ ਖੁੱਲ੍ਹਦਿਲੀ ਵਾਲੇ ਨਿਯਮ ਲਾਗੂ ਕਰਨ ਨਾਲ ਹੋਇਆ ਅਤੇ ਕਾਨੂੰਨ ਵਿੱਚ ਵੀ ਸੋਧ ਕਰਕੇ ਇਸ ਨੂੰ ਵਿਦੇਸ਼ੀ ਕਰੰਸੀ ਰੈਗੂਲੇਸ਼ਨ ਸੋਧ ਕਾਨੂੰਨ, 1993 ਦਾ ਨਾਂ ਦਿੱਤਾ ਗਿਆ। ਬਦਲੇ ਹੋਏ ਮਾਹੌਲ ਨੂੰ ਧਿਆਨ ਵਿੱਚ ਰੱਖਦੇ ਹੋਏ ਬਾਹਰਲੇ ਖੇਤਰ ਵਿੱਚ ਕਈ ਅਹਿਮ ਸਥਿਤੀਆਂ ਬਦਲੀਆਂ ਜਿਵੇਂ ਕਿ ਵਿਦੇਸ਼ੀ ਕਰੰਸੀ ਭੰਡਾਰ ਵਿੱਚ ਭਾਰੀ ਵਾਧਾ ਹੋਇਆ, ਵਿਦੇਸ਼ੀ ਵਪਾਰ ਵਿੱਚ ਭਾਰੀ ਤੇਜ਼ੀ ਆਈ, ਦਰਾਂ ਨੂੰ ਦਲੀਲਪੂਰਨ ਬਣਾਇਆ ਗਿਆ। ਵਿਦੇਸ਼ਾਂ ਵਿੱਚ ਭਾਰਤੀ ਨਿਵੇਸ਼ ਨੂੰ ਸੁਖਾਲਾ ਬਣਾਇਆ ਗਿਆ, ਵਿਦੇਸ਼ੀ ਕਰੰਸੀ ਐਕਸਚੇਂਜ ਮੈਨੇਜਮੈਂਟ ਕਾਨੂੰਨ (ਫੇਮਾ) 1999 ਵਿੱਚ ਫੇਰਾ ਦੀ ਥਾਂ ਉਤੇ ਲਿਆਂਦਾ ਗਿਆ। ਇਹ ਕਾਨੂੰਨ 1 ਜੂਨ 2000 ਤੋਂ ਲਾਗੂ ਹੋਇਆ। ਫੇਮਾ ਦਾ ਉਦੇਸ਼ ਵਿਦੇਸ਼ੀ ਵਪਾਰ ਅਤੇ ਭੁਗਤਾਨ ਨੂੰ ਸੁਖਾਲਾ ਬਣਾਉਣਾ ਅਤੇ ਵਿਦੇਸ਼ ਅਤੇ ਭਾਰਤ ਵਿੱਚ ਵਿਦੇਸ਼ੀ ਕਰੰਸੀ ਮਾਰਕੀਟਾਂ ਦਾ ਸਹੀ ਢੰਗ ਨਾਲ ਵਿਕਾਸ ਅਤੇ ਸਾਂਭ ਸੰਭਾਲ ਕਰਨਾ ਹੈ। ਫੋਕਸ ਵਿੱਚ ਆਈ ਤਬਦੀਲੀ ਉੱਤੇ ਜ਼ੋਰ ਦਿੰਦੇ ਹੋਏ ਰਿਜ਼ਰਵ ਬੈਂਕ ਨੇ ਇਸ ਸਮੇਂ ਦੌਰਾਨ 31 ਜਨਵਰੀ, 2004 ਨੂੰ ਵਿਭਾਗ ਦਾ ਨਾਂ ਬਦਲ ਕੇ ਵਿਦੇਸ਼ੀ ਕਰੰਸੀ ਕੰਟਰੋਲ ਤੋਂ ਵਿਦੇਸ਼ੀ ਕਰੰਸੀ ਵਿਭਾਗ ਕਰ ਦਿੱਤਾ ਹੈ।

ਵਿੱਚ ਵਪਾਰਕ ਬੈਂਕਾਂ, ਸ਼ਡਿਊਲਡ ਪ੍ਰਾਇਮਰੀ ਕੋਆਪ੍ਰੇਟਿਵ ਬੈਂਕਾਂ ਅਤੇ ਖੇਤਰੀ ਦਿਹਾਤੀ ਬੈਂਕਾਂ ਦੇ ਗਾਹਕਾਂ ਦੀਆਂ ਸ਼ਿਕਾਇਤਾਂ ਨੂੰ ਲਿਆ ਜਾਂਦਾ ਹੈ। 2006 ਵਿੱਚ ਰਿਜ਼ਰਵ ਬੈਂਕ ਨੇ ਬੀ ਓ ਸਕੀਮ ਵਿੱਚ ਸੋਧ ਕੀਤੀ। ਇਸ ਸੋਧੀ ਹੋਈ ਸਕੀਮ ਅਧੀਨ ਬੀ ਓ ਅਤੇ ਬੀ ਓ ਦਫ਼ਤਰਾਂ ਦੇ ਸਟਾਫ ਨੂੰ ਰਿਜ਼ਰਵ ਬੈਂਕ ਦੇ ਸਟਾਫ ਵਿੱਚੋਂ ਹੀ ਲਿਆ ਜਾਂਦਾ ਹੈ।

ਖਪਤਕਾਰ ਵਿੱਦਿਆ ਅਤੇ ਸੁਰੱਖਿਆ ਲਈ ਰਿਜ਼ਰਵ ਬੈਂਕ ਵਲੋਂ ਹੁਣੇ ਜਿਹੇ ਕੀਤੀਆਂ ਗਈਆਂ ਪਹਿਲਕਦਮੀਆਂ ਇਸ ਤਰ੍ਹਾਂ ਹਨ :

ਆਰ ਬੀ ਆਈ ਨੇ ਵਿਸ਼ਵ ਦੀਆਂ ਸਭ ਤੋਂ ਵਧੀਆ ਰਵਾਇਤਾਂ ਦੇ ਅਧਾਰ ਉੱਤੇ ''ਗਾਹਕਾਂ ਦੇ ਅਧਿਕਾਰਾਂ ਦਾ ਇਕ ਚਾਰਟਰ" ਬੈਂਕਾਂ ਲਈ ਤਿਆਰ ਕੀਤਾ ਹੈ। ਇਸ ਚਾਰਟਰ ਵਿੱਚ ਮੋਟੇ ਤੌਰ ਤੇ ਗਾਹਕਾਂ ਦੇ ਪੰਜ ਮੁਢਲੇ ਅਧਿਕਾਰਾਂ ਦਾ ਵਰਣਨ ਹੈ। :

1. ਸਹੀ ਵਤੀਰੇ ਦਾ ਅਧਿਕਾਰ
2. ਪਾਰਦਰਸ਼ਤਾ, ਸਹੀ ਅਤੇ ਇਮਾਨਦਾਰ ਢੰਗ ਨਾਲ ਨਜਿੱਠਣ ਦਾ ਅਧਿਕਾਰ।
3. ਢੁੱਕਵੇਂਪਨ ਦਾ ਅਧਿਕਾਰ।
4. ਨਿੱਜਤਾ ਦਾ ਅਧਿਕਾਰ।
5. ਸ਼ਿਕਾਇਤ ਦੇ ਨਿਪਟਾਰੇ ਦਾ ਅਧਿਕਾਰ ਅਤੇ ਮੁਆਵਜ਼ੇ ਦੇ ਨਿਪਟਾਰੇ ਦਾ ਅਧਿਕਾਰ।



*ਅਮਰ ਬਿਲਡਿੰਗ, ਗਰਾਊਂਡ ਫਲੋਰ, ਸਰ ਫ਼ਿਰੋਜ਼ਸ਼ਾਹ ਮਹਿਤਾ ਰੋਡ, ਮੁੰਬਈ ਵਿਖੇ ਆਰ ਬੀ ਆਈ ਮੋਨੇਟਰੀ*

### ਬੈਂਕਰ ਤੇ ਸਰਕਾਰ ਦੇ ਕਰਜ਼ਾ ਮੈਨੇਜਰ ਵਜੋਂ ਆਰ ਬੀ ਆਈ ਦੀ ਭੂਮਿਕਾ

ਇਸ ਦੀ ਸਥਾਪਨਾ ਦੇ ਸਮੇਂ ਤੋਂ ਹੀ ਰਿਜ਼ਰਵ ਬੈਂਕ ਆਫ ਇੰਡੀਆ ਨੇ ਰਵਾਇਤੀ ਕੇਂਦਰੀ ਬੈਂਕਿੰਗ ਦੇ ਕਮਕਾਜ ਨੂੰ ਨਿਭਾਇਆ ਹੈ। ਰਿਜਜ਼ਰਵ ਬੈਂਕ ਆਫ ਇੰਡੀਆ ਕਾਨੂੰਨ 1934 ਵਿੱਚ ਇਹ ਪ੍ਰਬੰਧ ਹੈ ਕਿ ਕੇਂਦਰ ਸਰਕਾਰ ਰਿਜ਼ਰਵ ਬੈਂਕ ਨੂੰ ਆਪਣੇ ਸਾਰੇ ਪੈਸੇ, ਦੇਣਦਾਰੀਆਂ, ਵਟਾਂਦਰਾ ਅਤੇ ਬੈਂਕਿੰਗ ਲੈਣ-ਦੇਣ ਦਾ ਕੰਮ ਸੌਂਪ ਦੇਵੇ ਅਤੇ ਨਾਲ ਹੀ ਜਨਤਕ ਕਰਜ਼ੇ ਦੇ ਪ੍ਰਬੰਧਨ ਦਾ ਕੰਮ ਵੀ ਦੇ ਦੇਵੇ। ਸਰਕਾਰ ਆਪਣਾ ਸਾਰਾ ਨਕਦੀ ਬੈਲੈਂਸ ਵੀ ਇਸ ਬੈਂਕ ਵਿੱਚ ਜਮ੍ਹਾਂ ਕਰਵਾਉਂਦੀ ਹੈ। ਰਿਜ਼ਰਵ ਬੈਂਕ ਇਕ ਸਮਝੌਤੇ ਅਧੀਨ ਸੂਬਾ ਸਰਕਾਰਾਂ ਦੇ ਬੈਂਕਰ ਅਤੇ ਕਰਜ਼ਾ ਮੈਨੇਜਰਾਂ ਵਜੋਂ ਵੀ ਕੰਮ ਕਰ ਸਕਦਾ ਹੈ। ਇਸ ਵੇਲੇ ਰਿਜ਼ਰਵ ਬੈਂਕ ਸਾਰੀਆਂ ਸੂਬਾ ਸਰਕਾਰਾਂ (ਕੇਂਦਰ ਸ਼ਾਸਤ ਪ੍ਰਦੇਸ਼ਾਂ ਸਮੇਤ) ਦੇ ਬੈਂਕਰ ਵਜੋਂ

ਕੰਮ ਕਰ ਰਿਹਾ ਹੈ। ਇਨ੍ਹਾਂ ਵਿੱਚ ਸਿੱਕਮ ਸ਼ਾਮਿਲ ਨਹੀਂ ਹੈ। ਸਿੱਕਮ ਦੇ ਮਾਮਲੇ ਵਿੱਚ ਇਸ ਨੇ ਇਸ ਦੇ ਜਨਤਕ ਕਰਜ਼ਿਆਂ ਦੇ ਪ੍ਰਬੰਧਨ ਦਾ ਕੰਮ ਸੰਭਾਲਿਆ ਹੋਇਆ ਹੈ।

ਰਿਜ਼ਰਵ ਬੈਂਕ ਦੀਆਂ ਬਿਲਕੁਲ ਸਪੱਸ਼ਟ ਜ਼ਿੰਮੇਵਾਰੀਆਂ ਹਨ ਅਤੇ ਇਹ ਸਰਕਾਰ ਨੂੰ ਕਈ ਬੈਂਕਿੰਗ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਸਰਕਾਰ ਦੇ ਬੈਂਕਰ ਵਜੋਂ ਰਿਜ਼ਰਵ ਬੈਂਕ ਵੱਖ-ਵੱਖ ਸਰਕਾਰੀ ਵਿਭਾਗਾਂ ਦੀ ਤਰਫੋਂ ਪੈਸਾ ਵਸੂਲਦਾ ਅਤੇ ਅਦਾ ਕਰਦਾ ਹੈ। ਰਿਜ਼ਰਵ ਬੈਂਕ ਕਰਜ਼ੇ ਜਾਰੀ ਕਰਦਾ ਹੈ ਅਤੇ ਉਨ੍ਹਾਂ ਦਾ ਸਰਕਾਰ ਦੀ ਤਰਫੋਂ ਪ੍ਰਬੰਧਨ ਕਰਦਾ ਹੈ। ਇਹ ਵੇਜ਼ ਐਂਡ ਮੀਨਜ਼ ਐਡਵਾਂਸਿਜ਼ ਜੋ ਕਿ ਛੋਟੀ ਮਿਆਦ ਦੇ ਵਿਆਜ ਵਾਲੇ ਕਰਜ਼ੇ ਹੁੰਦੇ ਹਨ, ਸਰਕਾਰ ਨੂੰ ਪ੍ਰਦਾਨ ਕਰਦਾ ਹੈ ਤਾਂ ਕਿ ਪ੍ਰਾਪਤੀਆਂ ਅਤੇ ਭੁਗਤਾਨ ਵਿੱਚ ਜੋ ਆਰਜ਼ੀ ਅੰਤਰ ਹੈ ਉਸ ਨੂੰ ਦੂਰ ਕੀਤਾ ਜਾ ਸਕੇ। ਇਸ ਨੂੰ ਸਰਕਾਰ ਦੇ ਵਾਧੂ ਨਕਦੀ ਬੈਲੈਂਸ ਨੂੰ ਨਿਵੇਸ਼ ਕਰਨ ਦਾ ਪ੍ਰਬੰਧ ਕਰਨਾ ਪੈਂਦਾ ਹੈ। ਰਿਜ਼ਰਵ ਬੈਂਕ ਸਰਕਾਰ ਦੇ ਸਲਾਹਕਾਰ ਵਜੋਂ ਕੰਮ ਕਰਦਾ ਹੈ, ਜਿਥੇ ਇਸ ਨੂੰ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ। ਅਜਿਹਾ ਵਿੱਤ ਅਤੇ ਬੈਂਕਿੰਗ ਨਾਲ ਸੰਬੰਧਿਤ ਮਾਮਲਿਆਂ ਵਿੱਚ ਹੁੰਦਾ ਹੈ।

ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ, ਕੰਸੋਲੀਡੇਟਿਡ ਫੰਡ, ਅਚਨਚੇਤੀ ਫੰਡ ਅਤੇ ਜਨਤਕ ਖਾਤੇ ਵਿੱਚੋਂ ਪ੍ਰਾਪਤੀਆਂ, ਪੈਸੇ ਦੀ ਸੰਭਾਲ ਅਤੇ ਵੰਡ ਬਾਰੇ ਨਿਯਮ ਬਣਾ ਸਕਦੀਆਂ ਹਨ। ਇਹ ਨਿਯਮ ਰਿਜ਼ਰਵ ਬੈਂਕ ਲਈ ਲਾਜ਼ਮੀ ਤੌਰ ਤੇ ਮੰਨਣਯੋਗ ਹੋਣਗੇ ਕਿਉਂਕਿ ਇਨ੍ਹਾਂ ਫੰਡਾਂ ਦਾ ਕੰਟਰੋਲ ਰਿਜ਼ਰਵ ਬੈਂਕ ਕੋਲ ਹੀ ਹੈ।

## ਜਨਤਕ ਕਰਜ਼ੇ ਦਾ ਪ੍ਰਬੰਧਨ

ਕੇਂਦਰੀ ਬਜਟ ਵਿੱਚ ਕੇਂਦਰ ਸਰਕਾਰ ਦੀਆਂ ਕਰਜ਼ੇ ਦੀਆਂ ਸਾਲਾਨਾ ਲੋੜਾਂ ਦਾ ਫੈਸਲਾ ਕੀਤਾ ਜਾਂਦਾ ਹੈ। ਵਿਆਜ ਦੀ ਦਰ ਵਿੱਚ ਸਮੇਂ ਅਤੇ ਕਰਜ਼ਾ ਲੈਣ ਦੇ ਢੰਗਾਂ ਉੱਤੇ ਮਾਰਕੀਟ ਦੀਆਂ ਉਮੀਦਾਂ ਅਨੁਸਾਰ ਫਰਕ ਪੈ ਸਕਦਾ ਹੈ। ਰਿਜ਼ਰਵ ਬੈਂਕ ਦੀ ਕਰਜ਼ਾ ਪ੍ਰਬੰਧਨ ਨੀਤੀ ਕਰਜ਼ੇ ਦੀ ਲਾਗਤ ਨੂੰ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਰੋਲ ਓਵਰ ਤੇ ਹੋਰ ਖ਼ਤਰਿਆਂ ਨੂੰ ਘਟਾਉਂਦੀ ਹੈ, ਕਰਜ਼ੇ ਦੇ ਪੁੱਗਣ ਦੀ ਮਿਆਦ ਨੂੰ ਪੱਧਰਾ ਰੱਖਦੀ ਹੈ ਅਤੇ ਸਰਕਾਰੀ ਸਕਿਊਰਿਟੀ ਮਾਰਕੀਟਾਂ ਵਿੱਚ ਡੂੰਘਾਈ ਨਾਲ ਸੁਧਾਰ ਕਰਦੀ ਹੈ।

## ਰਿਜ਼ਰਵ ਬੈਂਕ ਦੀ ਸਰਕਾਰੀ ਬੈਂਕਰ ਤੋਂ ਕਰਜ਼ਾ ਮੈਨੇਜਰ ਤੱਕ ਦੀ ਭੂਮਿਕਾ

ਰਿਜ਼ਰਵ ਬੈਂਕ ਲਗਾਤਾਰ ਇਨ੍ਹਾਂ ਖਾਤਿਆਂ ਉੱਤੇ ਨਿਗਰਾਨੀ ਰੱਖਦਾ ਹੈ ਤਾਂ ਕਿ ਇਹ ਯਕੀਨੀ ਬਣ ਸਕੇ ਕਿ ਕੋਈ ਹੇਰਾ ਫੇਰੀ ਨਾ ਹੋ ਸਕੇ। ਹੋਰ ਧਾਰਾਵਾਂ ਤੋਂ ਇਲਾਵਾ ਰਿਜ਼ਰਵ ਬੈਂਕ ਦੂਜੇ ਬੈਂਕਾਂ ਤੋਂ ਖਾਤਿਆਂ ਵਿੱਚ ਘੱਟੋ-ਘੱਟ ਬੈਲੈਂਸ ਰੱਖਣ ਦੀ ਸ਼ਰਤ ਮਨਵਾਉਂਦਾ ਹੈ। ਬੈਂਕਾਂ ਨੇ ਕਿਉਂਕਿ ਭਾਰਤ ਵਿੱਚ ਇਕ ਦੂਜੇ ਨਾਲ ਲੈਣ-ਦੇਣ ਦਾ ਹਿਸਾਬ ਨਿਪਟਾਉਣਾ ਹੁੰਦਾ ਹੈ ਇਸ ਲਈ ਉਨ੍ਹਾਂ ਨੂੰ ਰਿਜ਼ਰਵ ਬੈਂਕ ਦੇ ਵੱਖ-ਵੱਖ ਖੇਤਰੀ ਦਫ਼ਤਰਾਂ ਵਿੱਚ ਖਾਤੇ ਰੱਖਣ ਦੀ ਖੁੱਲ੍ਹ ਹੁੰਦੀ ਹੈ। ਰਿਜ਼ਰਵ ਬੈਂਕ ਦੇ ਸਰਪਲਸ ਖਾਤੇ ਵਿੱਚੋਂ ਇਕ ਥਾਂ ਉੱਤੇ ਭੁਗਤਾਨ ਕਰਨ ਅਤੇ ਦੂਜੀ ਥਾਂ ਉੱਤੇ ਘਾਟੇ ਵਾਲੇ ਖਾਤੇ ਚਲਾਉਣ ਦੀ ਖੁੱਲ੍ਹ ਦਿੰਦਾ ਹੈ। ਅਜਿਹੇ ਤਬਾਦਲੇ ਇਕ ਕੰਪਿਊਟਰਾਈਜ਼ਡ ਸਿਸਟਮ ਜਿਸ ਨੂੰ ਈ-ਕੁਬੇਰ ਕਹਿੰਦੇ ਹਨ, ਰਾਹੀਂ ਕੀਤੇ ਜਾਂਦੇ ਹਨ। ਰਿਜ਼ਰਵ ਬੈਂਕ ਵਿਖੇ ਖਾਤਿਆਂ ਦੇ ਕੰਪਿਊਟਰੀਕਰਨ ਨਾਲ ਬੈਂਕਾਂ ਨੂੰ ਆਪਣੇ ਵੱਖ-ਵੱਖ ਥਾਂਵਾਂ ਉਤੇ ਚੱਲ ਰਹੇ ਖਾਤਿਆਂ ਵਿੱਚ ਫੰਡਾਂ ਦੀ ਸਥਿਤੀ ਉੱਤੇ ਨਜ਼ਰ ਰੱਖਣ ਵਿੱਚ ਸੌਖ ਰਹਿੰਦੀ ਹੈ।

## ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ

ਭੁਗਤਾਨਾਂ ਅਤੇ ਨਿਪਟਾਰਾ ਪ੍ਰਣਾਲੀ ਉੱਤੇ ਨਜ਼ਰ ਕੇਂਦਰੀ ਬੈਂਕ ਦਾ ਇਕ ਕੰਮ ਹੈ ਜਦ ਕਿ ਸੁਰੱਖਿਆ ਅਤੇ ਨਿਪੁੰਨਤਾ ਦੇ ਟੀਚੇ ਮੌਜੂਦਾ ਅਤੇ ਯੋਜਨਾਬੱਧ ਸਿਸਟਮਾਂ ਨੂੰ ਉਤਸ਼ਾਹਿਤ ਕਰਕੇ, ਇਨ੍ਹਾਂ ਟੀਚਿਆਂ ਅਧੀਨ ਜਾਇਜ਼ਾ ਲੈ ਕੇ ਅਤੇ ਜਿਥੇ ਲੋੜ ਹੋਵੇ ਤਬਦੀਲੀ ਕਰਕੇ ਹਾਸਿਲ ਕੀਤੇ ਜਾਂਦੇ ਹਨ।

**ਭੁਗਤਾਨ ਅਤੇ ਨਿਪਟਾਰਾ ਸਿਸਟਮ ਉੱਤੇ ਨਜ਼ਰ ਰੱਖਣ ਨਾਲ ਕੇਂਦਰੀ ਬੈਂਕ ਨਿਯਮਬੱਧ ਸਥਿਰਤਾ ਕਾਇਮ ਰੱਖਦਾ ਹੈ ਅਤੇ ਸਿਸਟਮ ਦੇ ਖ਼ਤਰੇ ਨੂੰ ਘਟਾਉਂਦਾ ਹੈ ਅਤੇ ਇਸ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਕਾਇਮ ਰੱਖਦਾ ਹੈ। ਪੇਮੈਂਟ ਐਂਡ ਸੈਟਲਮੈਂਟ ਸਿਸਟਮ ਐਕਟ, 2007 ਅਤੇ ਪੇਮੈਂਟ ਐਂਡ ਸੈਟਲਮੈਂਟ ਸਿਸਟਮ ਰੈਗੂਲੇਸ਼ਨਜ਼, 2008 ਤਿਆਰ ਕੀਤੇ ਗਏ ਜੋ ਕਿ ਰਿਜ਼ਰਵ ਬੈਂਕ ਆਫ ਇੰਡੀਆ ਨੂੰ ਦੇਸ਼ ਵਿੱਚ ਇਸ ਉੱਤੇ ਨਜ਼ਰ ਰੱਖਣ ਲਈ ਲੋੜੀਂਦਾ ਸਮਰਥਨ ਪ੍ਰਦਾਨ ਕਰਦਾ ਹੈ।**

*ਸਰੋਤ : ਆਰ ਬੀ ਆਈ ਦੀ ਸਰਕਾਰੀ ਵੈੱਬਸਾਈਟ*


**ਯੋਜਨਾ (ਪੰਜਾਬੀ)**

**ਦਾ**

**ਅਗਲਾ**

**ਅੰਕ**

- **ਜਨਵਰੀ 2018 – ਇਹ ਅੰਕ *ਜਨਤਕ ਸ਼ਿਕਾਇਤ ਨਿਵਾਰਨ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730email-pdjucir@gmail.com***

# ਦੀਵਾਲੀਏਪਨ ਨੂੰ ਹੱਲ ਕਰਨਾ

ਇੰਦੀਵਜਲ ਧਸਮਾਨਾ

**ਕੋਡ ਨਾਲ ਦੀਵਾਲੀਏਪਨ ਬਾਰੇ ਮਤਿਆਂ ਨੂੰ ਇਕ ਮਿੱਥੇ ਸਮੇਂ ਵਿੱਚ ਲਾਗੂ ਕਰਨ ਵਿੱਚ ਮਦਦ ਮਿਲੇਗੀ। ਜੇ ਦੇਣਦਾਰੀ ਇਕ ਲੱਖ ਰੁਪਏ ਤੋਂ ਵੱਧ ਦੀ ਹੋਵੇਗੀ, ਤਾਂ ਲੈਣਦਾਰ ਦੀਵਾਲੀਏਪਨ ਬਾਰੇ ਕਾਨੂੰਨ ਅਧੀਨ ਕਾਰਵਾਈ ਸ਼ੁਰੂ ਕਰ ਸਕੇਗਾ ਅਤੇ ਐੱਨ ਸੀ ਐੱਲ ਟੀ ਕੋਲ ਜਾ ਸਕੇਗਾ। ਕੋਡ ਪੁਰਾਣੇ ਸਭ ਮਤਾ ਢਾਂਚਿਆਂ ਨਾਲੋਂ ਬਿਲਕੁਲ ਵੱਖਰਾ ਹੈ ਕਿਉਂਕਿ ਇਸ ਵਿੱਚ ਜ਼ਿੰਮੇਵਾਰੀ ਲੈਣਦਾਰ ਉੱਤੇ ਪਾ ਦਿੱਤੀ ਗਈ ਹੈ ਕਿ ਉਹ ਦੀਵਾਲੀਏਪਨ ਬਾਰੇ ਮਤਾ ਪਾਸ ਕਰਵਾ ਸਕਦਾ ਹੈ। ਪੁਰਾਣੇ ਢਾਂਚੇ ਵਿੱਚ ਇਹ ਕਰਜ਼ਦਾਰ ਹੀ ਹੁੰਦਾ ਸੀ ਜੋ ਕਿ ਮੁੱਢਲੇ ਤੌਰ ਤੇ ਮਤੇ ਦੀ ਕਾਰਵਾਈ ਸ਼ੁਰੂ ਕਰਵਾਉਂਦਾ ਸੀ ਜਾਂ ਕਿ ਲੈਣਦਾਰ ਨੂੰ ਆਪਣੇ ਕਰਜ਼ੇ ਦੀ ਵਾਪਸੀ ਲਈ ਕਾਰਵਾਈ ਅੱਗੇ ਤੋਰਨੀ ਪੈਂਦੀ ਸੀ। ਪਰ ਕਾਰਪੋਰੇਟ ਦੇਣਦਾਰ ਵੀ ਦੀਵਾਲੀਏਪਨ ਦੀ ਕਾਰਵਾਈ ਸ਼ੁਰੂ ਕਰ ਸਕਦਾ ਹੈ।**

ਵਿਸ਼ਵ ਬੈਂਕ ਵਲੋਂ ਈਜ਼ ਆਫ ਡੂਇੰਗ ਬਿਜ਼ਨਸ ਦੀ ਰੈਂਕਿੰਗ ਬਾਰੇ 2018 ਦੀ ਜੋ ਰਿਪੋਰਟ ਜਾਰੀ ਕੀਤੀ ਗਈ ਹੈ ਉਸ ਵਿੱਚ ਭਾਰਤ ਦੀ ਸਥਿਤੀ ਵਿੱਚ 30 ਸਥਾਨਾਂ ਦਾ ਸੁਧਾਰ ਵਿਖਾਇਆ ਗਿਆ ਹੈ ਅਤੇ ਇਸ ਤਰ੍ਹਾਂ ਭਾਰਤ ਹੁਣ 100ਵੇਂ ਸਥਾਨ ਉੱਤੇ ਪਹੁੰਚ ਗਿਆ ਹੈ। ਇਸ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਜੋ ਕਾਰਨ ਦਿੱਤੇ ਗਏ ਹਨ, ਉਨ੍ਹਾਂ ਵਿੱਚ ਦੀਵਾਲੀਏਪਨ ਦੇ ਮਸਲੇ ਨੂੰ ਹੱਲ ਕਰ ਲੈਣ ਦਾ ਵੀ ਜ਼ਿਕਰ ਹੈ। ਭਾਵੇਂ ਭਾਰਤ ਅਜੇ ਵੀ 103ਵੇਂ ਸਥਾਨ ਉਤੇ ਖੜ੍ਹਾ ਹੈ ਪਰ 2017 ਦੀ ਰਿਪੋਰਟ ਦੇ 136ਵੇਂ ਸਥਾਨ ਦੇ ਮੁਕਾਬਲੇ ਇਹ ਹੁਣ ਕਾਫੀ ਵਧੀਆ ਸਥਿਤੀ ਵਿੱਚ ਖੜ੍ਹਾ ਹੈ। ਇਸ ਤੋਂ ਇਲਾਵਾ ਸਾਡੀ ਆਰਥਿਕਤਾ ਇਸ ਮੋਰਚੇ ਉਤੇ ਪਿਛਲੇ ਸਾਲਾਂ ਵਿੱਚ ਰੀਂਗ ਰਹੀ ਸੀ। ਉਦਾਹਰਣ ਵਜੋਂ 2016 ਵਿੱਚ ਭਾਰਤ 136ਵੇਂ ਅਤੇ 2015 ਵਿੱਚ 137ਵੇਂ ਸਥਾਨ ਉਤੇ ਸੀ।

ਇਹ ਸੁਧਾਰ ਮੁੱਢਲੇ ਤੌਰ ਤੇ ਉਸ ਵੇਲੇ ਧਿਆਨ ਵਿੱਚ ਆਇਆ ਜਦੋਂ ਸਰਕਾਰ ਨੇ ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ (ਆਈ ਬੀ ਸੀ) ਕੋਡ ਲਾਗੂ ਕੀਤਾ ਜਿਸ ਲਈ ਕਿ 2016




ਵਿੱਚ ਇਨਸਾਲਵੈਂਸੀ ਐਂਡ ਬੈਂਕਰਪਸੀ ਬੋਰਡ ਆਫ ਇੰਡੀਆ ਕਾਇਮ ਕੀਤਾ ਗਿਆ। ਇਹ ਧਿਆਨ ਦੇਣ ਯੋਗ ਹੈ ਕਿ ਦੀਵਾਲੀਏਪਨ ਦੀਆਂ ਧਾਰਾਵਾਂ ਨਿੱਜੀ ਵਿਅਕਤੀਆਂ ਅਤੇ ਭਾਈਵਾਲਾਂ ਲਈ ਅਜੇ ਵੀ ਨੋਟੀਫਾਈ ਨਹੀਂ ਕੀਤੀਆਂ ਗਈਆਂ ਕਿਉਂਕਿ ਇਨ੍ਹਾਂ ਬਾਰੇ ਨਿਯਮ ਹੀ ਨਹੀਂ ਬਣਾਏ। ਦੀਵਾਲੀਆਪਨ ਉਸ ਵੇਲੇ ਸਾਹਮਣੇ ਆਉਂਦਾ ਹੈ ਜਦੋਂ ਕੋਈ ਵਿਅਕਤੀ ਜਾਂ ਕੋਈ ਸੰਸਥਾ ਲੈਣਦਾਰਾਂ ਨੂੰ ਆਪਣੇ ਬਕਾਏ ਅਦਾ ਕਰਨ ਦੇ ਯੋਗ ਨਹੀਂ ਰਹਿੰਦਾ। ਦੀਵਾਲੀਏਪਨ ਨਾਲ ਕਰਜ਼ੇ ਦੀ ਅਦਾਇਗੀ ਲਈ ਸੁਖਾਲਾ ਪ੍ਰੋਗਰਾਮ ਬਣਾ ਕੇ ਨਜਿੱਠਿਆ ਜਾ ਸਕਦਾ ਹੈ ਅਤੇ ਜੇ ਇਸ ਤਰ੍ਹਾਂ ਵੀ ਹੱਲ ਨਹੀਂ ਨਿਕਲਦਾ ਤਾਂ ਦੇਣਦਾਰ ਕੰਪਨੀ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਅਤੇ ਇਸ ਦੀਆਂ ਜਾਇਦਾਦਾਂ ਨੂੰ ਵੇਚ ਕੇ ਨਜਿੱਠਿਆ ਜਾ ਸਕਦਾ ਹੈ।

ਸਹੀ ਢੰਗ ਨਾਲ ਨਿਰਧਾਰਤ ਕੀਤੇ ਅਤੇ ਸਮੇਂਬੱਧ ਢੰਗ ਨਾਲ ਮਿੱਥੇ ਰਸਤੇ ਰਾਹੀਂ ਵਪਾਰ ਦੇ ਅੰਦਰ ਦਾਖਲ ਹੋਣਾ ਅਤੇ ਬਾਹਰ ਆਉਣਾ ਕੰਮ ਨੂੰ ਸੁਖਾਲਾ ਕਰਨ ਦੀ ਚਾਬੀ ਹੈ। ਇਹ ਜੋ ਨਵਾਂ ਕੋਡ ਲਾਗੂ ਕੀਤਾ ਗਿਆ ਹੈ ਉਹ ਦੇਸ਼ ਅੰਦਰ ਚੱਲ ਰਹੇ ਢਾਂਚੇ ਵਿੱਚ ਵਪਾਰ ਤੋਂ ਬਾਹਰ ਆਉਣ ਜਾਂ ਉਸ ਦੇ ਢਾਂਚੇ ਨੂੰ ਨਵਿਆਉਣ ਵਿੱਚ ਜੋ ਪਾੜਾ ਹੈ, ਉਸ ਨੂੰ ਪੂਰੇਗਾ।

ਇਸ ਕਾਨੂੰਨ ਨੂੰ ਬਣਾਉਣ ਤੋਂ ਪਹਿਲਾਂ, ਦੀਵਾਲੀਏਪਨ ਨੂੰ ਹੱਲ ਕਰਨ ਦਾ ਜੋ ਢੰਗ ਸੀ ਉਹ ਕਾਫੀ ਲੰਬਾ ਸੀ। ਪੈਸਾ ਵਸੂਲਣ ਦੇ ਕਾਫੀ ਪੁਰਾਣੇ ਮਾਮਲੇ ਲਟਕ ਰਹੇ ਸਨ, ਮੁਢਲੇ ਤੌਰ ਤੇ ਇਸ ਲਈ ਕਿ ਵੱਖ-ਵੱਖ ਕਾਨੂੰਨ ਇਕ ਦੂਜੇ ਵਿਰੁੱਧ ਖੜ੍ਹੇ ਹੋਏ ਸਨ। ਕੋਡ ਤੋਂ ਪਹਿਲਾਂ ਤਕਰੀਬਨ 12 ਕਾਨੂੰਨ, ਜਿਨ੍ਹਾਂ ਵਿੱਚ ਕਾਂਟਰੈਕਟਸ

ਐਕਟ, ਰਿਕਵਰੀ ਆਫ ਡਿਬਿਟਸ ਡਿਊ ਟੂ ਬੈਂਕਸ ਐਂਡ ਫਾਈਨੈਂਸ਼ੀਅਲ ਇਸੰਟੀਚਿਊਸ਼ਨ ਐਕਟ, ਵਿੱਤੀ ਅਸਾਸਿਆਂ ਦੀ ਮੁੜ ਉਸਾਰੀ ਅਤੇ ਪੜਚੋਲ ਕਾਨੂੰਨ, ਐਨਫੋਰਸਮੈਂਟ ਆਫ ਸਕਿਓਰਟੀ ਇੰਟਰਸਟ ਐਕਟ ਲਾਗੂ ਸਨ। ਇਨ੍ਹਾਂ ਕਾਨੂੰਨਾਂ ਦਾ ਲੋੜੀਂਦਾ ਨਤੀਜਾ ਨਹੀਂ ਨਿਕਲਿਆ। ਇਸ ਤੋਂ ਇਲਾਵਾ ਬੀਮਾਰ ਸਨਅਤੀ ਕੰਪਨੀਆਂ (ਵਿਸ਼ੇਸ਼ ਧਾਰਾਵਾਂ) ਕਾਨੂੰਨ ਅਤੇ ਕੰਪਨੀ ਕਾਨੂੰਨ 1956 ਦੇ ਕੰਪਨੀਆਂ ਨੂੰ ਬੰਦ ਕਰਨ ਦੀਆਂ ਧਾਰਾਵਾਂ ਵਧੇਰੇ ਪ੍ਰਭਾਵੀ ਸਿੱਧ ਨਹੀਂ ਹੋਈਆਂ।

ਨਿੱਜੀ ਦੀਵਾਲੀਏਪਨ ਨਾਲ ਨਜਿੱਠਣ ਸੰਬੰਧੀ ਜੋ ਕਾਨੂੰਨੀ ਟੁਕੜੇ ਸਨ, ਜਿਵੇਂ ਕਿ ਪ੍ਰੈਜ਼ੀਡੈਂਸੀ ਟਾਊਨਜ਼ ਇਨਸਾਲਵੈਂਸੀ ਐਕਟ, ਅਤੇ ਪ੍ਰੋਵਿੰਸ਼ੀਅਲ ਇਨਸਾਲਵੈਂਸੀ ਐਕਟ ਆਦਿ ਤਕਰੀਬਨ ਇਕ ਸਦੀ ਪੁਰਾਣੇ ਹਨ ਜੋ ਕਿ 1909 ਅਤੇ 1920 ਵਿੱਚ ਬਣਾਏ ਗਏ ਸਨ। ਇਹ ਕਾਨੂੰਨ ਅਜੇ ਵੀ ਕੋਡ ਦੀ ਧਾਰਾ 243 ਅਧੀਨ ਲਾਗੂ ਹਨ। ਇਸ ਧਾਰਾ ਅਧੀਨ ਕਾਨੂੰਨ ਨੂੰ ਵਾਪਿਸ ਲੈਣ ਦਾ ਪ੍ਰਬੰਧ ਹੈ ਅਤੇ ਅਜੇ ਤੱਕ ਇਸ ਧਾਰਾ ਨੂੰ ਲਾਗੂ ਨਹੀਂ ਕੀਤਾ ਗਿਆ।

ਰਾਸ਼ਟਰੀ ਕੰਪਨੀ ਲਾਅ ਟ੍ਰਿਬਿਊਨਲ (ਐੱਨ ਸੀ ਐੱਲ ਟੀ) ਕੰਪਨੀਆਂ ਲਈ ਦਾਵਲੀਏਪਨ ਦੇ ਮਤੇ ਨੂੰ ਪਾਸ ਕਰਦਾ ਹੈ। ਕਰਜ਼ਾ ਵਸੂਲੀ ਟ੍ਰਿਬਿਊਨਲ (ਡੀ ਆਰ ਟੀ) ਨਿੱਜੀ ਵਿਅਕਤੀਆਂ ਲਈ ਦਾਵਾਲੀਏਪਨ ਬਾਰੇ ਕਾਨੂੰਨ ਨੂੰ ਲਾਗੂ ਕਰੇਗਾ।

ਕੋਡ ਨਾਲ ਦੀਵਾਲੀਏਪਨ ਬਾਰੇ ਮਤਿਆਂ ਨੂੰ ਇਕ ਮਿੱਥੇ ਸਮੇਂ ਵਿੱਚ ਲਾਗੂ ਕਰਨ ਵਿੱਚ ਮਦਦ ਮਿਲੇਗੀ। ਜੇ ਦੇਣਦਾਰੀ ਇਕ ਲੱਖ ਰੁਪਏ ਤੋਂ ਵੱਧ ਦੀ ਹੋਵੇਗੀ, ਤਾਂ ਲੈਣਦਾਰ ਦੀਵਾਲੀਏਪਨ ਬਾਰੇ ਕਾਨੂੰਨ ਅਧੀਨ ਕਾਰਵਾਈ ਸ਼ੁਰੂ ਕਰ ਸਕੇਗਾ ਅਤੇ ਐੱਨ ਸੀ ਐੱਲ ਟੀ ਕੋਲ ਜਾ ਸਕੇਗਾ। ਕੋਡ ਪੁਰਾਣੇ ਸਭ ਮਤਾ ਢਾਂਚਿਆਂ ਨਾਲੋਂ ਬਿਲਕੁਲ ਵੱਖਰਾ ਹੈ ਕਿਉਂਕਿ ਇਸ ਵਿੱਚ ਜ਼ਿੰਮੇਵਾਰੀ ਲੈਣਦਾਰ ਉੱਤੇ ਪਾ ਦਿੱਤੀ ਗਈ ਹੈ ਕਿ ਉਹ ਦੀਵਾਲੀਏਪਨ ਬਾਰੇ ਮਤਾ ਪਾਸ ਕਰਵਾ ਸਕਦਾ ਹੈ। ਪੁਰਾਣੇ ਢਾਂਚੇ ਵਿੱਚ ਇਹ ਕਰਜ਼ਦਾਰ ਹੀ ਹੁੰਦਾ ਸੀ ਜੋ ਕਿ ਮੁੱਢਲੇ ਤੌਰ ਤੇ ਮਤੇ ਦੀ ਕਾਰਵਾਈ ਸ਼ੁਰੂ ਕਰਵਾਉਂਦਾ ਸੀ ਜਾਂ ਕਿ ਲੈਣਦਾਰ ਨੂੰ ਆਪਣੇ ਕਰਜ਼ੇ ਦੀ ਵਾਪਸੀ ਲਈ ਕਾਰਵਾਈ ਅੱਗੇ ਤੋਰਨੀ ਪੈਂਦੀ ਸੀ। ਪਰ ਕਾਰਪੋਰੇਟ ਦੇਣਦਾਰ ਵੀ ਦੀਵਾਲੀਏਪਨ ਦੀ ਕਾਰਵਾਈ ਸ਼ੁਰੂ ਕਰ ਸਕਦਾ ਹੈ।

ਐੱਨ ਸੀ ਐੱਲ ਟੀ ਵਿੱਚ ਇਕ ਮਾਮਲੇ ਦੇ ਦਾਖਲ ਹੋਣ ਤੋਂ ਬਾਅਦ, ਮਤੇ ਦਾ ਅਮਲ 180 ਦਿਨ ਵਿੱਚ ਪੂਰਾ ਕਰਨਾ ਹੁੰਦਾ ਹੈ ਪਰ ਇਹ ਤਰੀਕ 90 ਦਿਨ ਤੱਕ ਲਈ ਹੋਰ ਵਧਾਈ ਵੀ ਜਾ ਸਕਦੀ ਹੈ।

ਪਰ ਇਕ ਹੋਰ ਪ੍ਰਬੰਧ ਵੀ ਹੈ ਜਿਸ ਵਿੱਚ ਇਸ ਮਤੇ ਨੂੰ ਪਾਸ ਕਰਵਾਉਣ ਵਿੱਚ ਤੇਜ਼ੀ ਲਿਆਂਦੀ ਜਾ ਸਕਦੀ ਹੈ। ਇਸ ਅਧੀਨ ਮਤੇ ਨੂੰ 90 ਦਿਨ ਵਿੱਚ ਵੀ ਪਾਸ ਕਰਵਾਇਆ ਜਾ ਸਕਦਾ ਹੈ, ਇਸ ਮਿਆਦ ਵਿੱਚ 45 ਦਿਨ ਦਾ ਹੋਰ ਵਾਧਾ ਵੀ ਕੀਤਾ ਜਾ ਸਕਦਾ ਹੈ। ਪਰ ਸਿਰਫ ਛੋਟੀਆਂ ਕੰਪਨੀਆਂ (ਨਿੱਜੀ ਕੰਪਨੀਆਂ ਜਿਨ੍ਹਾਂ ਦੀ ਪੇਡ ਅੱਪ ਪੂੰਜੀ 50 ਲੱਖ ਰੁਪਏ ਤੱਕ ਹੋਵੇ ਜਾਂ ਕੁੱਲ ਆਮਦਨ 2 ਕਰੋੜ ਰੁਪਏ ਤੱਕ ਹੋਵੇ) ਅਤੇ ਸਟਾਰਟ ਅੱਪਸ ਹੀ ਇਸ ਢੰਗ ਨੂੰ ਅਪਣਾ ਸਕਦੇ ਹਨ। ਇਕ ਗੈਰ ਲਿਸਟਡ ਕੰਪਨੀ, ਜਿਸ ਦੇ ਪਿਛਲੇ ਮਾਲੀ ਸਾਲ ਵਿੱਚ ਕੁੱਲ ਅਸਾਸੇ 1 ਕਰੋੜ ਰੁਪਏ ਤੱਕ ਹੋਣ, ਉਹ ਵੀ ਇਸ ਢੰਗ ਨੂੰ ਅਪਣਾ ਸਕਦੀ ਹੈ।




ਮਤੇ ਦੇ ਅਮਲ ਵਿੱਚ ਵਿੱਤੀ ਲੈਣਦਾਰ ਜਾਇਜ਼ਾ ਲੈਂਦੇ ਹਨ ਕਿ ਦੇਣਦਾਰ ਦੇ ਵਪਾਰਕ ਢਾਂਚੇ ਨੂੰ ਮੁੜ ਖੜ੍ਹਾ ਕੀਤਾ ਜਾ ਸਕਦਾ ਹੈ? ਇਨ੍ਹਾਂ ਦਿਨਾਂ ਵਿੱਚ ਲੈਣਦਾਰ ਦੇ ਦਾਅਵੇ ਨੂੰ ਜਾਮ ਕਰ ਦਿੱਤਾ ਜਾਵੇਗਾ। ਜੇ ਦੀਵਾਲੀਏਪਨ ਦਾ ਮਤੇ ਦਾ ਅਮਲ ਫੇਲ ਹੁੰਦਾ ਹੈ ਤਾਂ ਅਸਾਸਿਆਂ ਨੂੰ ਵੇਚਿਆ ਜਾ ਸਕੇਗਾ।

ਮਤੇ ਦੇ ਅਮਲ ਨੂੰ ਲਾਇਸੈਂਸਧਾਰੀ ਇਨਸਾਲਵੈਂਸੀ ਮਾਹਿਰਾਂ ਵਲੋਂ (ਆਈ ਪੀਜ਼) ਵਲੋਂ ਲਾਗੂ ਕੀਤਾ ਜਾਂਦਾ ਹੈ। ਆਈ ਪੀਜ਼ ਕੋਲ ਇਸ ਉਦੇਸ਼ ਲਈ ਚਾਰਟਰਡ ਅਕਾਊਂਟੈਂਟ ਜਾਂ ਕੰਪਨੀ ਸੈਕ੍ਰੇਟਰੀ ਜਾਂ ਕਾਸਟ ਅਕਾਊਂਟੈਂਟ ਜਾਂ ਵਕੀਲ ਜਾਂ ਮੈਨੇਜਮੈਂਟ ਵਿੱਚ 10 ਸਾਲ ਦਾ ਤਜਰਬਾ ਹੋਣਾ ਜ਼ਰੂਰੀ ਹੈ। ਉਸ ਵਲੋਂ ਲਿਮਟਿਡ ਇਨਸਾਲਵੈਂਸੀ ਪ੍ਰੀਖਿਆ ਪਾਸ ਕੀਤੀ ਹੋਣੀ ਚਾਹੀਦੀ ਹੈ। ਕੋਈ ਹੋਰ ਵਿਅਕਤੀ ਵੀ ਨੈਸ਼ਨਲ ਸਾਲਵੈਂਸੀ ਪ੍ਰੀਖਿਆ ਪਾਸ ਕਰ ਕੇ ਆਈ ਪੀ ਬਣ ਸਕਦਾ ਹੈ।

ਐੱਨ ਸੀ ਐੱਲ ਟੀ ਵਲੋਂ ਇਕ ਅੰਤ੍ਰਿਮ ਆਈ ਪੀ ਦੀ ਨਿਯੁਕਤੀ ਆਈ ਬੀ ਬੀ ਆਈ ਵਲੋਂ ਅਰਜ਼ੀ ਵਸੂਲ ਕਰਨ ਦੇ 14 ਦਿਨ ਦੇ ਅੰਦਰ ਕੀਤੀ ਜਾਂਦੀ ਹੈ। ਇਹ ਅੰਤ੍ਰਿਮ ਨਿਯੁਕਤੀ 30 ਦਿਨ ਲਈ ਹੁੰਦੀ ਹੈ। ਉਹ ਦੇਣਦਾਰ ਦੇ ਅਸਾਸਿਆਂ ਦਾ ਅਤੇ ਕੰਪਨੀ ਦੇ ਕੰਮਕਾਜ ਦਾ ਕੰਟਰੋਲ ਆਪਣੇ ਹੱਥ ਵਿੱਚ ਲੈਂਦਾ ਹੈ, ਦੇਣਦਾਰ ਬਾਰੇ ਵਿੱਤੀ ਸੂਚਨਾਵਾਂ ਇਕੱਠੀਆਂ ਕਰਦਾ ਹੈ। ਉਹ ਲੈਣਦਾਰਾਂ ਦੀ ਕਮੇਟੀ ਕਾਇਮ ਕਰਦਾ ਹੈ। ਸਾਰੇ ਲੈਣਦਾਰ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ, ਸਿਰਫ ਉਨ੍ਹਾਂ ਨੂੰ ਛੱਡ ਕੇ ਜੋ ਕਿ ਕਾਰਪੋਰੇਟ ਦੇਣਦਾਰ ਦੇ ਰਿਸ਼ਤੇਦਾਰ ਹੁੰਦੇ ਹਨ। ਆਪ੍ਰੇਸ਼ਨਲ ਲੈਣਦਾਰ ਵੀ ਕਮੇਟੀ ਦੇ ਮੈਂਬਰ ਹੋਣੇ ਚਾਹੀਦੇ ਹਨ ਪਰ ਉਨ੍ਹਾਂ ਕੋਲ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਪਰ ਉਨ੍ਹਾਂ ਦੀ ਲੈਣਦਾਰੀ ਕੁੱਲ ਲੈਣਦਾਰੀ ਦਾ ਘੱਟੋ-ਘੱਟ 10ਵਾਂ ਹਿੱਸਾ

ਜ਼ਰੂਰ ਹੋਣੀ ਚਾਹੀਦੀ ਹੈ।

ਲੈਣਦਾਰਾਂ ਦੀ ਕਮੇਟੀ ਦੀ ਮੀਟਿੰਗ ਇਸ ਦੀ ਸਥਾਪਨਾ ਦੇ 7 ਦਿਨ ਵਿੱਚ ਹੋਣੀ ਚਾਹੀਦੀ ਹੈ ਅਤੇ ਉਹ 75 ਪ੍ਰਤਿਸ਼ਤ ਵੋਟਾਂ ਨਾਲ ਫੈਸਲਾ ਕਰੇ ਕਿ ਅੰਤ੍ਰਿਮ ਆਈ ਪੀ ਨੂੰ ਮਤਾ ਪ੍ਰੋਫੈਸ਼ਨਲ ਵਜੋਂ ਜਾਰੀ ਰੱਖਣਾ ਹੈ ਜਾਂ ਨਹੀਂ। ਉਸ ਤੋਂ ਬਾਅਦ ਐਨ ਸੀ ਐੱਲ ਟੀ ਵਲੋਂ ਮਤਾ ਪਾਸ ਕਰਵਾਉਣ ਵਾਲੇ ਦੀ ਨਿਯੁਕਤੀ ਕੀਤੀ ਜਾਂਦੀ ਹੈ।

**ਕੋਡ ਵਿੱਚ ਇਹ ਵੀ ਪ੍ਰਬੰਧ ਹੈ ਕਿ ਦੀਵਾਲੀਏਪਨ ਦੇ ਅਮਲ ਦੌਰਾਨ ਅਸਾਸਿਆਂ ਦੀ ਵੰਡ ਲਈ ਅਧਿਕਾਰੀਆਂ ਦੀ ਇਕ ਪਹਿਲ ਦੇ ਅਧਾਰ ਉੱਤੇ ਸੂਚੀ ਤਿਆਰ ਕੀਤੀ ਜਾਵੇ। ਸੁਰੱਖਿਆ ਲੈਣਦਾਰਾਂ ਨੂੰ ਉਨ੍ਹਾਂ ਦੀ ਪੂਰੀ ਬਕਾਇਆ ਰਕਮ ਵਾਪਿਸ ਮਿਲੇਗੀ, ਪਰ ਗ਼ੈਰ ਸੁਰੱਖਿਅਤ ਲੈਣਦਾਰਾਂ ਨੂੰ ਵਪਾਰਕ ਲੈਣਦਾਰਾਂ ਨਾਲੋਂ ਪਹਿਲ ਦਿੱਤੀ ਜਾਵੇਗੀ ਅਤੇ ਸਰਕਾਰੀ ਪੈਸੇ ਦੀ ਵਾਪਸੀ ਗ਼ੈਰ ਸੁਰੱਖਿਅਤ ਲੈਣਦਾਰਾਂ ਤੋਂ ਬਾਅਦ ਹੀ ਹੋਵੇਗੀ।**

ਇਸ ਨਾਲ ਕੁੱਝ ਮਸਲੇ ਖੜ੍ਹੇ ਹੋਏ ਹਨ ਕਿਉਂਕਿ ਕੁਝ ਮਕਾਨ ਖਰੀਦਦਾਰਾਂ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਇਸ ਸੂਚੀ ਵਿੱਚ ਕੁਝ ਬਿਲਡਰਾਂ ਨੂੰ ਜਗ੍ਹਾ ਨਹੀਂ ਮਿਲ ਸਕੀ। ਕੁਝ ਰੋਸ ਤੋਂ ਬਾਅਦ ਰੈਗੂਲੇਟਰਾਂ ਨੇ ਮਕਾਨ ਖਰੀਦਦਾਰਾਂ ਨੂੰ ਨਵੇਂ ਫਾਰਮ ਐੱਫ ਵਿੱਚ ਆਪਣੇ ਦਾਅਵੇ ਦਾਇਰ ਕਰਨ ਦੀ ਇਜਾਜ਼ਤ ਤਾਂ ਦੇ ਦਿੱਤੀ ਪਰ ਪਹਿਲ ਸੂਚੀ ਵਿੱਚ ਉਨ੍ਹਾਂ ਦਾ ਕਿਤੇ ਜ਼ਿਕਰ ਨਹੀਂ ਆਇਆ।

ਜਿਉਂ ਜਿਉਂ ਸਮਾਂ ਅੱਗੇ ਵੱਧਦਾ ਗਿਆ, ਕੋਡ ਨੂੰ ਲਾਗੂ ਕਰਨ ਵੇਲੇ ਇਹ ਮਸਲਾ ਉੱਠਦਾ ਗਿਆ।

ਉਦਾਹਰਣ ਵਜੋਂ ਕੋਡ ਅਧੀਨ ਦੇਸ਼ ਦੀ ਪਹਿਲੀ ਕਾਰਪੋਰੇਟ ਮਤਾ ਯੋਜਨਾ ਨੇ ਉਸ ਵੇਲੇ ਸਨਸਨੀ ਪੈਦਾ ਕਰ ਦਿੱਤੀ ਜਦੋਂ ਐੱਨ ਸੀ ਐੱਲ ਟੀ ਨੇ 90 ਪ੍ਰਤਿਸ਼ਤ ਦੇ ਹੇਅਰਕੱਟ ਦੀ ਇਜਾਜ਼ਤ ਦੇ ਦਿੱਤੀ। ਐੱਨ ਸੀ ਐੱਲ ਟੀ ਨੇ ਸਾਈਨਰਜੀਜ਼ ਕਾਸਟਿੰਗਜ਼, ਜੋ ਕਿ ਸਾਈਨਰਜੀਜ਼-ਡੂਰੇਆਟੋਮੋਟਿਕ, ਜੋ ਕਿ ਅਲੂਮੀਨੀਅਮ ਅਲਾਏ ਪਹੀਏ ਵਿਸ਼ਵ ਦੇ ਕਾਰ ਨਿਰਮਾਤਾਵਾਂ ਲਈ ਬਣਾਉਂਦਾ ਅਤੇ ਸਪਲਾਈ ਕਰਦਾ ਹੈ, ਨੂੰ 900 ਕਰੋੜ ਦੇ ਲੈਣਦਾਰ ਨੂੰ ਸਿਰਫ 54 ਕਰੋੜ ਰੁਪਏ ਅਦਾ ਕਰਨ ਲਈ ਕਹਿ ਦਿੱਤਾ।

ਇਸ ਤੋਂ ਇਲਾਵਾ ਇਸ ਦੀਆਂ ਸ਼ਰਤਾਂ ਵੀ ਬੜੀਆਂ ਸੁਖਾਲੀਆਂ ਰੱਖੀਆਂ ਗਈਆਂ। ਇਨ੍ਹਾਂ 54 ਕਰੋੜ ਰੁਪਏ ਵਿੱਚੋਂ 20 ਕਰੋੜ ਰੁਪਏ ਤਾਂ ਤੁਰੰਤ ਅਦਾ ਕੀਤੇ ਜਾਣੇ ਸਨ ਅਤੇ ਬਾਕੀ ਰਕਮ 5 ਸਾਲ ਵਿੱਚ ਅਦਾ ਕਰਨੀ ਸੀ। ਕਰਜ਼ੇ ਵਿੱਚ 215 ਕਰੋੜ ਰੁਪਏ ਦੀ ਤਾਂ ਮੂਲ ਰਕਮ ਹੀ ਸ਼ਾਮਿਲ ਸੀ, ਜਦ ਕਿ ਬਾਕੀ 685 ਕਰੋੜ ਰੁਪਏ ਵਿਆਜ ਅਤੇ ਹੋਰ ਦੇਣਦਾਰੀਆਂ ਦੇ ਸਨ।


ਸਾਈਨਰਜੀਜ਼ ਡੂਰੇ ਦਾ ਮਾਮਲਾ ਉਨ੍ਹਾਂ 93000 ਮਾਮਲਿਆਂ ਵਿੱਚੋਂ ਇਕ ਸੀ ਜੋ ਕਿ ਬੋਰਡ ਫਾਰ ਇੰਡਸਟ੍ਰੀਅਲ ਐਂਡ ਫਾਈਨੈਂਸ਼ੀਅਲ ਰੀਸਟਰਕਚਰਿੰਗ (ਬੀ ਆਈ ਐੱਫ ਆਰ) ਕੋਲ ਬਕਾਏ ਪਏ ਸਨ ਅਤੇ ਜੋ ਕਿ ਆਈ ਬੀ ਸੀ ਅਧੀਨ ਐੱਨ ਸੀ ਐੱਲ ਟੀ ਨੂੰ ਤਬਦੀਲ ਕੀਤੇ ਗਏ ਸਨ। ਇਹ ਕੋਡ ਅਧੀਨ ਐੱਨ ਸੀ ਐੱਲ ਟੀ ਨੂੰ ਤਬਦੀਲ ਕੀਤੇ ਗਏ ਮੁੱਢਲੇ ਮਾਮਲਿਆਂ ਵਿੱਚ ਸ਼ਾਮਿਲ ਸੀ।

ਦੀਵਾਲੀਏਪਨ ਦੇ ਕੰਮਕਾਜ ਨੂੰ ਉਸ ਵੇਲੇ ਕਾਫੀ ਹੁਲਾਰਾ ਮਿਲਿਆ ਜਦੋਂ ਸਰਕਾਰ ਨੇ ਇਸ ਸਾਲ ਮਈ ਵਿੱਚ ਇਕ ਆਰਡੀਨੈਂਸ ਜਾਰੀ ਕੀਤਾ (ਜਿਸ ਦਾ ਸਥਾਨ ਬਾਅਦ ਵਿੱਚ ਬੈਂਕਿੰਗ ਰੈਗੂਲੇਸ਼ਨ (ਸੋਧ) ਕਾਨੂੰਨ 2017 ਨੇ ਲੈ ਲਿਆ) ਵਿੱਚ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੂੰ ਵੱਡੀ ਪੱਧਰ ਉਤੇ ਅਧਿਕਾਰ ਦੇ ਦਿੱਤੇ ਗਏ ਕਿ ਉਹ ਲੈਣਦਾਰਾਂ ਨੂੰ ਹਦਾਇਤ ਜਾਰੀ ਕਰ ਸਕਦਾ ਹੈ ਕਿ ਉਹ ਵਾਪਸ ਨਾ ਹੋ ਰਹੇ ਕਰਜ਼ੇ ਦੀ ਵਾਪਸੀ ਲਈ ਦੀਵਾਲੀਏਪਨ ਦਾ ਅਮਲ ਸ਼ੁਰੂ ਕਰ ਸਕਦੇ ਹਨ।

ਜਨਤਕ ਖੇਤਰ ਦੇ ਬੈਂਕਾਂ ਦੇ ਐੱਨ ਪੀ ਏਜ਼ ਕਾਫੀ ਉੱਚ ਪੱਧਰ ਉੱਤੇ ਪਹੁੰਚ ਗਏ ਹਨ ਇਨ੍ਹਾਂ ਵਿੱਚੋਂ ਵਧੇਰੇ ਹਿੱਸਾ ਬਿਜਲੀ, ਸਟੀਲ, ਸੜਕ ਢਾਂਚਾ ਅਤੇ ਟੈਕਸਟਾਈਲ ਖੇਤਰਾਂ ਵਿੱਚ ਹੈ।

ਆਰਡੀਨੈਂਸ ਜਾਰੀ ਹੋਣ ਤੋਂ ਬਾਅਦ ਆਰ ਬੀ ਆਈ ਨੇ ਬੈਂਕਾਂ ਨੂੰ ਕਿਹਾ ਕਿ ਉਹ 12 ਵੱਡੇ ਵਾਪਸ ਨਾ ਹੋ ਸਕਣ ਵਾਲੇ ਕਰਜ਼ੇ ਇਸ ਕੋਡ ਅਧੀਨ ਹੱਲ ਕਰਨ ਲਈ ਭੇਜਣ। ਇਸ ਕੇਂਦਰੀ ਬੈਂਕ ਨੇ ਆਪਣੀ ਅੰਦਰੂਨੀ ਸਲਾਹਕਾਰ ਕਮੇਟੀ (ਆਈ ਏ ਸੀ) ਦੀ ਸਲਾਹ ਉੱਤੇ ਇਹ ਸਿਫਾਰਿਸ਼ ਕੀਤੀ।

ਇਹ 12 ਖਾਤੇ ਹਨ – ਭੂਸ਼ਨ ਸਟੀਲ, ਲੈਂਕੋ ਇਨਫਰਾ, ਐਸਾਰ ਸਟੀਲ, ਭੂਸ਼ਨ ਪਾਵਰ, ਆਲੋਕ ਇੰਡਸਟ੍ਰੀਜ਼, ਐਮਟੈੱਕ ਆਟੋਜ਼, ਮੈਨੇਟ ਇਸਪਾਤ, ਇਲੈਕਟ੍ਰੋਸਟੀਲ ਸਟੀਲਜ਼, ਈਜ਼ਾ ਇਨਫਰਾ, ਜੇਪੀ ਇਨਫਰਾਟੈੱਕ, ਏ ਬੀ ਜੀ ਸ਼ਿਪਯਾਰਡ ਅਤੇ ਜਯੋਤੀ ਸਟਰਕਚਰਜ਼। ਇਹ 12 ਖਾਤੇ ਹੀ



ਬੈਂਕਿੰਗ ਪ੍ਰਣਾਲੀ ਦੇ ਕੁੱਲ 25 ਪ੍ਰਤਿਸ਼ਤ ਨਾਲ ਫ਼ਫਾਰਮਿੰਗ ਅਸੈੱਟਸ ਦੇ ਬਰਾਬਰ ਹਨ। ਇਸ ਸਾਲ ਮਾਰਚ ਤੱਕ 7.11 ਲੱਖ ਕਰੋੜ ਰੁਪਏ ਦੇ ਕਰਜ਼ੇ ਡੁੱਬੇ ਪਏ ਸਨ ਜਿਸ ਦਾ ਭਾਵ ਇਹ ਨਿਕਲਦਾ ਹੈ ਕਿ ਇਹ 12 ਖਾਤੇ ਹੀ 1.78 ਲੱਖ ਕਰੋੜ ਰੁਪਏ ਡੁਬੋਈ ਬੈਠੇ ਹਨ।

ਵਿੱਤੀ ਸੇਵਾਵਾਂ ਬਾਰੇ ਫਰਮ ਮੋਤੀਲਾਲ ਓਸਵਾਲ ਵੱਲੋਂ ਜਾਰੀ ਇਕ ਰਿਪੋਰਟ ਅਨੁਸਾਰ ਚਾਲੂ ਮਾਲੀ ਸਾਲ ਦੇ ਪਹਿਲੇ 9 ਮਹੀਨਿਆਂ ਵਿੱਚ 376 ਮਾਮਲੇ ਐੱਨ ਸੀ ਐੱਲ ਟੀ ਹਵਾਲੇ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਕਾਫੀ ਜ਼ਿਆਦਾ 187 ਮਾਮਲੇ ਆਪ੍ਰੇਸ਼ਨਲ ਲੈਣੇਦਾਰਾਂ ਵੱਲੋਂ ਕੀਤੇ ਗਏ ਹਨ, 122 ਮਾਮਲੇ ਵਿੱਤੀ ਲੈਣੇਦਾਰਾਂ ਵਲੋਂ ਅਤੇ ਬਾਕੀ ਸਹਿਕਾਰੀ ਲੈਣੇਦਾਰਾਂ ਵਲੋਂ ਕੀਤੇ ਗਏ ਹਨ।

ਇਨ੍ਹਾਂ ਮਾਮਲਿਆਂ ਦੇ ਹੱਲ ਹੋਣ ਨਾਲ ਸਹਿਕਾਰੀ ਲੈਣਦਾਰਾਂ ਨੂੰ ਕਾਫੀ ਰਾਹਤ ਮਿਲੇਗੀ ਪਰ ਅਜੇ ਸ਼ੁਰੂਆਤ ਬੜੀ ਛੋਟੀ ਹੈ ਅਤੇ ਸਿਰਫ 2 ਮਾਮਲੇ ਹੀ ਸੁਣਵਾਈ ਅਧੀਨ ਹਨ, 7 ਮਾਮਲਿਆਂ ਵਿੱਚ ਕੁਰਕੀ ਦਾ ਕੰਮ ਦਿੱਤਾ ਗਿਆ ਹੈ ਅਤੇ 14 ਮਾਮਲਿਆਂ ਵਿੱਚ ਅਜੇ ਹੋਰ ਅਪੀਲਾਂ ਹੋ ਰਹੀਆਂ ਹਨ। 12 ਮਾਮਲਿਆਂ ਨੂੰ ਆਰ ਬੀ ਆਈ ਦੀ ਸਿਫਾਰਸ਼ ਉੱਤੇ ਐੱਨ ਸੀ ਐੱਲ ਟੀ ਦੇ ਹਵਾਲੇ ਕੀਤਾ ਗਿਆ ਸੀ।

ਇਕ ਹੋਰ ਮੁੱਦਾ ਇਹ ਹੈ ਕਿ ਕੰਪਨੀਆਂ ਨੂੰ ਸ਼ੁਰੂ ਕਰਨ ਵਾਲੇ ਹੀ ਆਪਣੀਆਂ ਕੰਪਨੀਆਂ ਲਈ ਬੋਲੀ ਦੇਣ ਲੱਗੇ ਹਨ। ਇਸ ਮਸਲੇ ਨੂੰ ਹੱਲ ਕਰਨ ਲਈ ਰੈਗੂਲੇਟਰ ਨੇ ਨਿਯਮਾਂ ਵਿੱਚ ਇਸ ਕੋਡ ਅਧੀਨ ਕੁਝ ਤਬਦੀਲੀ ਕੀਤੀ ਅਤੇ ਸ਼ੁਰੂ ਕਰਨ ਵਾਲੇ ਜਾਅਲੀ ਲੋਕਾਂ ਲਈ ਅਜਿਹਾ ਕਰਨਾ ਮੁਸ਼ਕਿਲ ਬਣਾ ਦਿੱਤਾ। ਇਸ ਦਾ ਉਦੇਸ਼ ਲੈਣਦਾਰਾਂ ਦੇ ਇਸ ਡਰ ਨੂੰ ਦੂਰ ਕਰਨਾ ਸੀ ਕਿ ਅਜਿਹੀਆਂ ਫਰਮਾਂ ਫਿਰ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਜਾ ਸਕਦੀਆਂ ਹਨ ਜਿਨ੍ਹਾਂ ਨੇ ਕਿ ਇਨ੍ਹਾਂ ਦੀ ਏਨੀ ਮਾੜੀ ਹਾਲਤ ਕੀਤੀ ਹੈ ਅਤੇ ਉਹ ਵੀ ਏਨੀ ਘੱਟ ਕੀਮਤ ਦੇ ਉੱਤੇ।

ਅਜਿਹੀ ਸਥਿਤੀ ਵਿੱਚ ਕੋਈ ਵੀ ਡੀਫਾਲਟਰ ਵਿਅਕਤੀ ਕੰਪਨੀ ਨੂੰ ਮੁੜ ਹਾਸਿਲ ਨਹੀਂ ਕਰ ਸਕੇਗਾ ਕਿਉਂਕਿ ਇਸ ਤੋਂ ਪਹਿਲਾਂ ਲੈਣਦਾਰਾਂ ਦੀ ਕਮੇਟੀ ਵਲੋਂ ਪੂਰੀ-ਪੂਰੀ ਪੁਣ-ਛਾਣ ਕੀਤੀ ਜਾਵੇਗੀ। ਰੈਗੂਲੇਟਰ ਨਿਯਮਾਂ ਨੂੰ ਹੋਰ ਸਰਲ ਬਣਾਵੇਗਾ ਤਾਂ ਕਿ ਅਜਿਹੀਆਂ ਕੰਪਨੀਆਂ ਗਲਤ ਲੋਕਾਂ ਦੇ ਹੱਥਾਂ ਵਿੱਚ ਮੁੜ ਨਾ ਚਲੀਆਂ ਜਾਣ। ਸੋਧੇ ਗਏ ਰੈਗੂਲੇਸ਼ਨਾਂ ਵਿੱਚ ਇਹ ਲਾਜ਼ਮੀ ਬਣਾ ਦਿੱਤਾ ਗਿਆ ਹੈ ਕਿ ਮਤੇ ਦੇ ਅਰਜ਼ੀਕਾਰਾਂ ਦੀ ਸਹੀ ਢੰਗ ਨਾਲ ਜਾਂਚ ਹੋਵੇ। ਇਸ ਤਰ੍ਹਾਂ ਕੰਪਨੀ ਦੇ ਪ੍ਰਮੋਟਰਾਂ ਨੂੰ ਸਖਤ ਟੈਸਟਾਂ ਵਿੱਚੋਂ ਲੰਘਣਾ ਪਵੇਗਾ।

ਮਤੇ ਦੇ ਅਰਜ਼ੀਕਾਰਾਂ ਦੇ ਵੇਰਵੇ, ਜਿਨ੍ਹਾਂ ਵਿੱਚ ਅਯੋਗਤਾਵਾਂ, ਫੌਜਦਾਰੀ ਕਾਰਵਾਈਆਂ, ਜਾਣ ਬੁੱਝ ਕੇ ਕਰਜ਼ਾ ਨਾ ਵਾਪਸ ਮੋੜਨ ਦੀ ਜਾਂਚ ਆਰ ਬੀ ਆਈ ਦੀਆਂ ਅਗਵਾਈ ਲੀਹਾਂ ਅਨੁਸਾਰ ਕੀਤੀ ਜਾਵੇਗੀ, ਸੇਬੀ ਵਲੋਂ ਲਗਾਈਆਂ ਗਈਆਂ ਪਾਬੰਦੀਆਂ ਦਾ ਵੀ ਜਾਇਜ਼ਾ ਲਿਆ ਜਾਵੇਗਾ।

ਪਰ ਫਿਰ ਵੀ ਪ੍ਰਮੋਟਰਾਂ ਵਲੋਂ ਬੋਲੀ ਦੇਣ ਦਾ ਮੁੱਦਾ ਅਜੇ ਸਪੱਸ਼ਟ ਨਹੀਂ ਹੋ ਸਕਿਆ ਇਸ ਲਈ ਸਰਕਾਰ ਆਈ ਬੀ ਸੀ ਨੂੰ ਸੋਧਣ ਲਈ ਇਕ ਆਰਡੀਨੈਂਸ ਲੈ ਕੇ ਆਈ ਜਿਸ ਵਿੱਚ ਜਾਣ ਬੁੱਝ ਕੇ ਕਰਜ਼ਾ ਨਾ ਮੋੜਨ ਵਾਲਿਆਂ, ਸ਼ੱਕੀ ਪ੍ਰਮੋਟਰਾਂ ਜਾਂ ਉਨ੍ਹਾਂ ਕੰਪਨੀਆਂ ਦੀਆਂ ਸਹਾਇਕ ਕੰਪਨੀਆਂ, ਜਿਨ੍ਹਾਂ ਦੇ ਦੀਵਾਲੀਏਪਨ ਦੇ ਮਾਮਲੇ ਐੱਨ ਸੀ ਐੱਲ ਟੀ ਕੋਲ ਚੱਲ ਰਹੇ ਹਨ, ਨੂੰ ਬੋਲੀ ਦੇਣ ਦਾ ਹੱਕ ਨਾ ਮਿਲੇ। ਆਰਡੀਨੈਂਸ ਵਿੱਚ ਕੋਡ ਵਿੱਚ ਧਾਰਾ 29 ਏ ਜੋੜ ਦਿੱਤੀ ਗਈ ਹੈ।

**ਇਸ ਆਰਡੀਨੈਂਸ ਦੀ ਸ਼ਬਦਾਵਲੀ ਦਾ ਭਾਵ ਉਨ੍ਹਾਂ ਪ੍ਰਮੋਟਰਾਂ ਜਾਂ ਸਹਾਇਕ ਕੰਪਨੀਆਂ ਜਿਨ੍ਹਾਂ ਦੇ ਨਾਨ-ਪ੍ਰਫਾਰਮਿੰਗ ਅਸੈੱਟਸ ਇਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਚਲੇ ਆ ਰਹੇ ਹਨ, ਨੂੰ ਬੋਲੀ ਦੇਣ ਤੋਂ ਰੋਕਣਾ ਹੈ। ਇਸ ਨਾਲ ਪ੍ਰਮੋਟਰਾਂ ਨੂੰ ਬੋਲੀ ਦੇਣ ਤੋਂ ਨਹੀਂ ਰੋਕਿਆ ਜਾ ਸਕਦਾ ਕਿਉਂਕਿ ਉਹ ਮੁੱਖ ਰਕਮ ਅਤੇ ਵਿਆਜ ਅਦਾ ਕਰਕੇ ਆਪਣੇ ਖਾਤਿਆਂ ਨੂੰ ਇਕ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਮੁੜ ਸਥਾਪਿਤ ਕਰ ਸਕਦੇ ਹਨ।**

ਪਰ ਐੱਨ ਸੀ ਐੱਲ ਟੀ ਵਲੋਂ ਇਕ ਵਾਰੀ ਦੀਵਾਲੀਏਪਨ ਦੀ ਅਰਜ਼ੀ ਸਵੀਕਾਰ ਕਰ ਲਏ ਜਾਣ ਤੋਂ ਬਾਅਦ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਦਾ ਭਾਵ ਇਹ ਹੈ ਕਿ ਕੋਈ ਵੀ ਪ੍ਰਮੋਟਰ ਜਾਂ ਉਨ੍ਹਾਂ ਦਾ ਸਹਾਇਕ 12 ਉੱਪਰ ਦੱਸੀਆਂ ਵੱਡੀਆਂ ਕੰਪਨੀਆਂ ਦੇ ਅਸਾਸਿਆਂ ਨੂੰ ਨਹੀਂ ਖਰੀਦ ਸਕੇਗਾ।

ਇਸ ਤੋਂ ਇਲਾਵਾ ਕਾਰਪੋਰੇਟ ਗਰੰਟੀਕਾਰ ਵੀ ਬੋਲੀ ਦੇਣ ਦੇ ਹੱਕਦਾਰ ਨਹੀਂ ਹੋਣਗੇ। ਇਸ ਵਿੱਚ ਹੋਲਡਿੰਗ ਕੰਪਨੀਆਂ ਜਾਂ ਪ੍ਰਮੋਟਰਾਂ ਨਾਲ ਸੰਬੰਧਿਤ ਪਾਰਟੀਆਂ ਵੀ ਸ਼ਾਮਲ ਹਨ।

ਪ੍ਰਮੋਟਰ ਨਾਲ ਸੰਬੰਧਿਤ ਪਾਰਟੀ ਦੀ ਪਰਿਭਾਸ਼ਾ ਦਾ ਮੁੱਦਾ ਸਾਹਮਣੇ ਆਇਆ ਹੈ। ਉਦਾਹਰਣ ਵਜੋਂ ਆਰਸੇਲਰ ਮਿੱਤਲ ਵਰਗੀ ਕੰਪਨੀ, ਜਿਸ ਨੇ ਕਿ ਉੱਤਮ ਗਾਲਵਾ ਕੰਪਨੀ, ਜੋ ਕਿ ਪਿਛਲੇ ਇਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਐੱਨ ਪੀ ਏ ਦੀ ਸੂਚੀ ਵਿੱਚ ਹੈ, ਦੀ ਬੋਲੀ ਦੇਣ ਦੀ ਇੱਛਾ ਪ੍ਰਗਟਾਈ, ਕੀ ਉਹ ਇਸ ਦੀ ਬੋਲੀ ਦੇਣ ਦੇ ਯੋਗ ਹੋਵੇਗੀ?

ਆਰਸੇਲਰ ਮਿੱਤਲ ਨੇ ਆਪਣੇ ਬੋਲੀ ਦੇਣ ਦੇ ਯੋਗ ਹੋਣ ਦੇ ਹੱਕ ਵਿੱਚ ਕਈ ਦਲੀਲਾਂ ਦਿੱਤੀਆਂ ਹਨ, ਉਸ ਨੇ ਕਿਹਾ ਹੈ ਕਿ ਉਹ ਉੱਤਮ ਗਾਲਵਾ ਕੰਪਨੀ ਵਿੱਚ ਬਹੁਤ ਥੋੜ੍ਹੇ ਸ਼ੇਅਰਾਂ ਦੀ ਮਾਲਿਕ ਹੈ। ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਉਸ ਦਾ ਕੋਈ ਨੁਮਾਇੰਦਾ ਵੀ ਨਹੀਂ ਹੈ ਅਤੇ ਨਾ ਹੀ ਉਸ ਨੇ ਪ੍ਰਬੰਧਨ ਦੇ ਫੈਸਲਿਆਂ ਨੂੰ ਪ੍ਰਭਾਵਿਤ ਹੀ ਕੀਤਾ ਹੈ। ਅਜਿਹੀ ਸਥਿਤੀ ਵਿੱਚ ਉਹ ਉੱਤਮ ਗਾਲਵਾ ਕੰਪਨੀ ਦੀ ਪ੍ਰਮੋਟਰ ਨਹੀਂ ਹੈ ਅਤੇ ਉਸ ਨੂੰ ਨਵੇਂ ਢਾਂਚੇ ਅਧੀਨ ਬੋਲੀ ਦੇਣ ਤੋਂ ਨਹੀਂ ਰੋਕਿਆ ਜਾਣਾ ਚਾਹੀਦਾ।

ਆਰਸੇਲਰ ਮਿੱਤਲ ਦੀ ਉੱਤਮ ਗਾਲਵਾ ਵਿੱਚ 29 ਪ੍ਰਤਿਸ਼ਤ ਭਾਈਵਾਲੀ ਹੈ ਪਰ ਮਿਗਲਾਨੀ ਪਰਿਵਾਰ ਦੇ ਨਾਲ ਹੀ ਇਸ ਨੂੰ ਬਾਂਬੇ ਸਟਾਕ ਐਕਸਚੇਂਜ ਵਿੱਚ ਕੰਪਨੀ ਦੀ ਇਕ ਪ੍ਰਮੋਟਰ ਵਜੋਂ ਦਰਸਾਇਆ ਗਿਆ ਹੈ।

ਆਈ ਬੀ ਸੀ ਵੀ ਇਕ ਸੰਬੰਧਿਤ ਕੰਪਨੀ ਹੈ ਜਿਸ ਦਾ ਕਿ ਉੱਤਮ ਗਾਲਵਾ ਵਿੱਚ 20 ਪ੍ਰਤਿਸ਼ਤ ਤੋਂ ਵੱਧ ਸ਼ੇਅਰ ਹਨ ਅਤੇ ਉਸ ਨੂੰ ਵੋਟਿੰਗ ਦਾ ਅਧਿਕਾਰ ਵੀ ਹਾਸਿਲ ਹੈ ਅਤੇ ਉਸ

ਦੇ ਇਕ ਜਨਤਕ ਕੰਪਨੀ ਵਿੱਚ 2 ਡਾਇਰੈਕਟਰ ਵੀ ਹਨ।

ਪਰ ਸਕਿਓਰਿਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਐਕਟ ਨੇ ਇਕ ਪ੍ਰਮੋਟਰ ਅਤੇ ਗਰੁੱਪ ਪ੍ਰਮੋਟਰ ਦੀ ਪਰਿਭਾਸ਼ਾ ਉਸ ਵਿਅਕਤੀ ਵਜੋਂ ਕੀਤੀ ਹੈ ਜਿਸ ਦੀ 10 ਪ੍ਰਤਿਸ਼ਤ ਤੋਂ ਵੱਧ ਇਕਵਿਟੀ ਹੋਵੇ ਅਤੇ ਕੰਪਨੀ ਉਤੇ ਕੰਟਰੋਲ ਹੋਵੇ।

ਅਜਿਹੀ ਸਥਿਤੀ ਵਿੱਚ ਸੰਬੰਧਿਤ ਪਾਰਟੀਆਂ ਬਾਰੇ ਪਰਿਭਾਸ਼ਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ ਕਿ ਕਿਨ੍ਹਾਂ ਨੂੰ ਬੋਲੀ ਦੇਣ ਤੋਂ ਵਾਂਝਾ ਕੀਤਾ ਜਾ ਸਕਦਾ ਹੈ।

ਐੱਨ ਸੀ ਐੱਲ ਟੀ ਵਿੱਚ ਘਸੀਟੀਆਂ ਗਈਆਂ 12 ਕੰਪਨੀਆਂ ਵਿੱਚੋਂ 5 ਸਟੀਲ ਕੰਪਨੀਆਂ ਅਤੇ ਐੱਮਟੈੱਕ ਆਟੋ ਨੇ ਸੰਭਾਵਿਤ ਖਰੀਦਦਾਰਾਂ ਤੋਂ ਪ੍ਰਸਤਾਵ ਹਾਸਿਲ ਕੀਤੇ ਹਨ।

ਇਨ੍ਹਾਂ 12 ਖਾਤਿਆਂ ਤੋਂ ਇਲਾਵਾ ਆਰ ਬੀ ਆਈ ਨੇ ਬੈਂਕਾਂ ਨੂੰ 29 ਹੋਰ ਕੰਪਨੀਆਂ ਦੀ ਸੂਚੀ ਸੌਂਪੀ ਹੈ ਕਿ ਇਨ੍ਹਾਂ ਦੇ ਐੱਨ ਪੀ ਏ ਦਾ ਮਸਲਾ ਦੋ-ਪੱਖੀ ਗੱਲਬਾਤ ਨਾਲ 13 ਦਸੰਬਰ ਤੱਕ ਸੁਲਝਾ ਲਿਆ ਜਾਵੇ ਨਹੀਂ ਤਾਂ ਇਹ ਮਾਮਲੇ ਐੱਨ ਸੀ ਐੱਲ ਟੀ ਨੂੰ ਸੌਂਪੇ ਜਾਣਗੇ।

ਇਥੇ ਬਰਾਬਰੀ ਦਾ ਸਵਾਲ ਉੱਠਦਾ ਹੈ। ਜੇ ਬੈਂਕਾਂ ਨੂੰ ਦੂਜੀ ਸੂਚੀ ਵਾਲੀਆਂ ਇਨ੍ਹਾਂ ਡਿਫਾਲਟਰ ਕੰਪਨੀਆਂ ਨਾਲ ਦੋ-ਪੱਖੀ ਢੰਗ ਨਾਲ ਨਜਿੱਠਣ ਲਈ ਕੁੱਝ ਸਮਾਂ ਦਿੱਤਾ ਜਾ ਸਕਦਾ ਹੈ ਤਾਂ ਐੱਨ ਸੀ ਐੱਲ ਟੀ ਨੂੰ ਸੌਂਪੇ ਗਏ ਪਹਿਲੇ 12 ਮਾਮਲਿਆਂ ਵਿੱਚ ਅਜਿਹਾ ਸਮਾਂ ਕਿਉਂ ਨਹੀਂ ਦਿੱਤਾ ਗਿਆ?

ਦੀਵਾਲੀਏਪਨ ਦੇ ਮਾਮਲਿਆਂ ਵਿੱਚ ਕਈ ਵਿਰੋਧੀ ਮੁੱਦੇ ਉੱਠਦੇ ਰਹਿਣਗੇ ਪਰ ਤਜਰਬੇ ਨਾਲ ਕੰਪਨੀਆਂ ਲਈ ਇਹ ਸੁਖਾਲਾ ਬਣ ਜਾਵੇਗਾ ਕਿ ਉਹ ਆਪਣੇ ਆਪ ਨੂੰ ਬੰਦ ਕਰ ਸਕਣ ਜਾਂ ਢਾਂਚੇ ਨੂੰ ਨਵਿਆ ਕੇ ਭਾਰਤ ਵਿੱਚ ਆਸਾਨੀ ਨਾਲ ਵਪਾਰ ਕਰ ਸਕਣ ਪਰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਇਹ ਅਮਲ ਜ਼ਿਆਦਾ ਲੰਬਾ ਨਾ ਖਿੱਚਿਆ ਜਾਵੇ ਅਤੇ ਕੰਪਨੀਆਂ ਨੂੰ ਵਪਾਰ ਕਰਨਾ ਮੁਸ਼ਕਿਲ ਹੋ ਜਾਵੇ।

ਉਦਾਹਰਣ ਵਜੋਂ ਸਾਈਨਰਜੀ ਡੂਰੇ ਕੇਸ ਵਿੱਚ, ਐਡਲਵੀਸਿਸ ਏ ਆਰ ਸੀ ਨੇ ਅਪੀਲੀ ਟ੍ਰਿਬਿਊਨਲ – ਨੈਸ਼ਨਲ ਕੰਪਨੀ ਲਾਅ ਅਪੀਲੀ ਟ੍ਰਿਬਿਊਨਲ (ਐੱਨ ਸੀ ਐੱਲ ਏ ਟੀ) ਦਾ ਦਰਵਾਜ਼ਾ ਖੜਕਾਇਆ ਅਤੇ ਕਰਜ਼ਾ ਵਾਪਸੀ ਦੀ ਯੋਜਨਾ ਨੂੰ ਮੁੜ ਘੜਨ ਦਾ ਵਿਰੋਧ ਕੀਤਾ। ਇਕ ਮੁੱਦਾ, ਜਿਸ ਵਿੱਚ ਸਾਈਨਰਜੀਜ਼ ਕਾਸਟਿੰਗਜ਼ ਵੀ ਸਾਈਨਰਜੀਜ਼ ਡੂਰੇ ਨਾਲ ਇਕ ਸੰਬੰਧਿਤ ਧਿਰ ਹੈ, ਦਾ ਧਿਆਨ ਆਰਡੀਨੈਂਸ ਵਿੱਚ ਰੱਖਿਆ ਗਿਆ ਹੈ। ਪਰ ਸਾਈਨਰਜੀਜ਼ ਡੂਰੇ ਅਤੇ ਸਾਈਨਰਜੀ ਕਾਸਟਿੰਗਜ਼ ਵਿੱਚ ਜੋ ਸ਼ੱਕੀ ਲੈਣ-ਦੇਣ ਹਨ, ਉਸ ਦੀ ਸੁਣਵਾਈ ਐੱਨ ਸੀ ਐੱਲ ਏ ਟੀ ਵਲੋਂ ਕੀਤੀ ਜਾ ਰਹੀ ਹੈ।

*(ਲੇਖਕ ਬਿਜ਼ਨੈੱਸ ਸਟੈਂਡਰਡ ਦੇ ਆਰਥਿਕ ਮਾਮਲਿਆਂ ਦੇ ਸੰਪਾਦਕ ਹਨ। ਇਸ ਤੋਂ ਪਹਿਲਾਂ ਉਹ ਪ੍ਰੈੱਸ ਟਰਸਟ ਆਫ ਇੰਡੀਆ ਦੇ ਮੁੱਖ ਫਾਇਨਾਂਸ ਕਾਰਸਪੌਂਡੈਂਟ ਸਨ। ਪੱਤਰਕਾਰੀ ਵਿੱਚ ਉਨ੍ਹਾਂ ਦਾ 20 ਸਾਲ ਦਾ ਤਜਰਬਾ ਹੈ। ਉਨ੍ਹਾਂ ਦੇ ਮੁੱਖ ਵਿਸ਼ੇ ਆਰਥਿਕ ਨੀਤੀਆਂ, ਮੈਕਰੋ ਇਕਾਨਮੀ ਅਤੇ ਟੈਕਸੇਸ਼ਨ ਮਸਲੇ ਹਨ)*

*e-mail :indivjal@gmail.com*



# ਡਿਜੀਟਲਾਈਜ਼ੇਸ਼ਨ ਅਤੇ ਘੱਟ ਨਕਦੀ ਵਾਲੀ ਆਰਥਿਕਤਾ

✍ ਆਰ ਸੁਬਰਾਮਨੀਆ ਕੁਮਾਰ

**ਸਈਬਰ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸਾਡਾ ਦੇਸ਼ ਇਕ ਮੁਕੰਮਲ ਸਾਈਬਰ ਸੁਰੱਖਿਅਤ ਅਤੇ ਭਰੋਸੇਯੋਗ ਢਾਂਚਾ ਡਿਜੀਟਲ ਲੈਣ-ਦੇਣ ਲਈ ਮੁਹੱਈਆ ਕਰਵਾਉਂਦਾ ਹੈ ਪਰ ਇਸ ਨੂੰ ਲਗਾਤਾਰ ਅਪਗ੍ਰੇਡ ਕਰਨ ਦੀ ਲੋੜ ਹੈ ਕਿਉਂਕਿ ਨਵੀਆਂ ਚੁਨੌਤੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਸੁਰੱਖਿਆ ਇਕ ਯਾਤਰਾ ਹੈ। ਜਾਗਰੂਕਤਾ ਨਾਲ ਜੋਖਿਮ ਘਟਣਗੇ।**

ਡਿਜੀਟਲਾਈਜ਼ੇਸ਼ਨ ਦਾ ਭਾਵ ਡਿਜੀਟਲ ਲੈਣ ਦੇਣ ਦਾ ਵਧਣਾ ਫੁਲਣਾ ਹੈ, ਜਿਥੇ ਕਿ ਬੈਂਕ, ਗਾਹਕ, ਵਪਾਰੀ, ਸਨਅਤਾਂ ਅਤੇ ਹੋਰ ਲੋਕ ਇਕ ਸੁਤੰਤਰ ਵਿੱਤੀ ਢਾਂਚਾ ਤਿਆਰ ਕਰਦੇ ਹਨ। ਡਿਜੀਟਲਾਈਜ਼ੇਸ਼ਨ ਬੈਂਕਿੰਗ ਸਨਅਤ ਲਈ ਇਕ ਬਦਲ ਨਹੀਂ ਹੈ, ਸਗੋਂ ਇਹ ਇਕ ਰੀਸ ਕਰਨ ਦਾ ਕਾਰਣ ਹੈ ਕਿਉਂਕਿ ਹਰ ਸਨਅਤ ਡਿਜੀਟਾਈਜ਼ ਹੋ ਰਹੀ ਹੈ ਅਤੇ ਬੈਂਕਿੰਗ ਖੇਤਰ ਵੀ ਇਸ ਤੋਂ ਵੱਖ ਨਹੀਂ ਹੈ।

## ਡਿਜੀਟਲਾਈਜ਼ੇਸ਼ਨ


ਬੈਂਕਿੰਗ ਅਤੇ ਵਿੱਤੀ ਲੈਣ-ਦੇਣ ਸਾਡੇ ਰੋਜ਼ਾਨਾ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਾਡੇ ਵਿੱਚੋਂ ਬਹੁਤ ਸਾਰਿਆਂ ਦਾ ਵਪਾਰ ਜਾਂ ਬੈਂਕ ਵਿੱਚ ਘੱਟੋ-ਘੱਟ ਇਕ ਵਿੱਤੀ ਲੈਣ-ਦੇਣ ਕੀਤੇ ਬਿਨਾਂ ਦਿਨ ਨਹੀਂ ਲੰਘਦਾ, ਇਸ ਲਈ ਵਿੱਤੀ ਸੰਸਥਾਵਾਂ ਆਧੁਨਿਕ ਤਕਨਾਲੋਜੀਆਂ ਅਪਨਾਉਣ ਵਿੱਚ ਸਭ ਤੋਂ ਮੂਹਰੇ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਗਾਹਕਾਂ ਦਾ ਤਜਰਬਾ ਵਧਦਾ ਹੈ ਅਤੇ ਦਿਹਾਤੀ ਅਤੇ ਸ਼ਹਿਰੀ ਦਾ ਪਾੜਾ ਦੂਰ ਹੁੰਦਾ ਹੈ।

ਹੇਠ ਲਿਖੇ ਤੱਤ ਹਨ ਜੋ ਕਿ ਬੈਂਕਿੰਗ ਵਿੱਚ ਡਿਜੀਟਲਾਈਜ਼ੇਸ਼ਨ ਨੂੰ ਪ੍ਰਭਾਵਿਤ ਕਰਦੇ ਹਨ :

- ਡਿਜੀਟਲਾਈਜ਼ੇਸ਼ਨ ਦੇ ਹੱਕ ਵਿੱਚ ਗਾਹਕ ਦਾ ਵਤੀਰਾ ਬਦਲ ਰਿਹਾ ਹੈ।
- ਵਿੱਤੀ ਸ਼ਮੂਲੀਅਤ ਅਤੇ ਸਰਕਾਰੀ ਪਹਿਲਕਦਮੀਆਂ।
- ਸਮਾਰਟ ਫੋਨ ਦੀ ਵਧ ਰਹੀ ਵਰਤੋਂ ਅਤੇ ਮੋਬਾਈਲ ਦੇ ਦਾਖਲੇ ਵਿੱਚ ਸੰਤੁਲਨ।

ਇਕ ਘੱਟ ਨਕਦੀ ਵਾਲੀ ਆਰਥਿਕਤਾ ਅਜਿਹੀ ਆਰਥਿਕਤਾ ਹੈ ਜਿਸ ਵਿੱਚ ਬਹੁਤ ਸਾਰਾ ਲੈਣ-ਦੇਣ ਡਿਜੀਟਲ ਢੰਗਾਂ ਰਾਹੀਂ ਹੁੰਦਾ ਹੈ। ਇਸ ਵਿੱਚ ਵੱਖ-ਵੱਖ ਢੰਗ ਸ਼ਾਮਿਲ ਹਨ ਜਿਵੇਂ ਕਿ ਇੰਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ, ਡੈਬਿਟ ਅਤੇ ਕ੍ਰੈਡਿਟ ਕਾਰਡ, ਕਾਰਡ ਸਵਾਈਪ ਜਾਂ ਪੁਆਇੰਟ ਆਫ ਸੇਲਜ਼ ਮਸ਼ੀਨਾਂ (ਪੀ ਓ ਐੱਸ), ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂ ਪੀ ਆਈ) – ਭੀਮ ਕਿਊ ਆਰ ਕੋਡ (ਕਵਿਕ ਰਿਸਪਾਂਸ) ਆਧਾਰਿਤ ਲੈਣ-ਦੇਣ, ਟੱਚ ਐਂਡ ਗੋ ਕਾਰਡਜ਼।






## ਭੀਮ ਯੂ ਪੀ ਆਈ – ਭਾਰਤ ਇੰਟਰਫੇਸ ਫਾਰ ਮਨੀ– ਯੂਨੀਫਾਈਡ ਪੇਮੈਂਟ ਇੰਟਰਫੇਸ


ਭੀਮ ਯੂ ਪੀ ਆਈ ਭਾਰਤ ਵਿੱਚ ਭੁਗਤਾਨ ਕਰਨ ਲਈ ਲਿਆਂਦਾ ਗਿਆ ਇਕ ਕ੍ਰਾਂਤੀਕਾਰੀ ਸਿਸਟਮ ਹੈ ਜੋ ਕਿ ਦੁਨੀਆਂ ਭਰ ਵਿੱਚ ਆਪਣੀ ਕਿਸਮ ਦਾ ਪਹਿਲਾ ਸਿਸਟਮ ਹੈ। 60 ਬੈਂਕ ਭੀਮ ਯੂ ਪੀ ਆਈ ਦਾ ਹਿੱਸਾ ਬਣ ਚੁੱਕੇ ਹਨ ਅਤੇ 21 ਮਿਲੀਅਨ ਲੋਕਾਂ ਨੇ ਇਸ ਐਪ ਨੂੰ ਡਾਊਨਲੋਡ ਕਰ ਲਿਆ ਹੈ। ਇਸ ਪਲੇਟਫਾਰਮ ਰਾਹੀਂ 82 ਲੱਖ ਲੈਣ-ਦੇਣ ਹਰ ਮਹੀਨੇ ਹੁੰਦੇ ਹਨ।

## ਭੀਮ ਲੈਣ-ਦੇਣ

ਭੀਮ ਐਪ ਦੇ ਦਸੰਬਰ 2016 ਵਿੱਚ ਚਾਲੂ ਹੋਣ ਤੋਂ ਬਾਅਦ ਲੈਣ-ਦੇਣ ਦੀ ਗਿਣਤੀ ਹਰ ਮਹੀਨੇ 40 ਹਜ਼ਾਰ ਤੋਂ ਵਧ ਕੇ 82 ਲੱਖ ਤੱਕ ਪਹੁੰਚ ਗਈ ਅਤੇ ਇਸ ਤਰ੍ਹਾਂ ਇਸ ਵਿੱਚ 200 ਗੁਣਾ ਵਾਧਾ ਹੋਇਆ। ਭੀਮ ਆਧਾਰ ਇਕ ਡਿਜੀਟਲ ਭੁਗਤਾਨ ਪ੍ਰਵਾਨਗੀ ਹੱਲ ਹੈ ਜਿਸ ਨਾਲ ਵਪਾਰੀਆਂ ਨੂੰ ਆਪਣੇ ਗਾਹਕਾਂ ਤੋਂ ਡਿਜੀਟਲ ਭੁਗਤਾਨ ਕਾਊਂਟਰ ਉੱਤੇ ਹੀ ਆਧਾਰ ਦੇ ਸਹੀ ਹੋਣ ਕਾਰਨ ਹਾਸਿਲ ਹੋ ਜਾਂਦਾ ਹੈ। ਗਾਹਕ ਇਕ ਲੈਣ-ਦੇਣ ਦੀ ਕਾਰਵਾਈ ਆਪਣਾ ਆਧਾਰ ਨੰਬਰ ਦੇ ਕੇ ਅਤੇ ਉਸ ਦੀ ਬਾਇਓਮੀਟਰਿਕ ਪਛਾਣ ਰਾਹੀਂ ਕਰਦੇ ਹਨ।

## ਸਾਈਬਰ ਸੁਰੱਖਿਆ

ਬੈਂਕਿੰਗ ਸਨਅਤ ਵਿੱਚ ਡਿਜੀਟਲਾਈਜ਼ੇਸ਼ਨ ਦੇ ਜ਼ੋਰਦਾਰ ਹਮਲੇ ਨੇ ਡਿਜੀਟਲ ਪਲੇਟਫਾਰਮ ਉੱਤੇ ਸਾਈਬਰ ਸੁਰੱਖਿਆ ਦੀ ਲੋੜ ਉੱਤੇ ਜ਼ੋਰ ਦਿੱਤਾ। ਡਿਜੀਟਲਾਈਜ਼ੇਸ਼ਨ ਦੇ ਪੂਰੇ ਇਕੋ ਸਿਸਟਮ ਵਿੱਚ ਹੇਠ ਲਿਖੇ ਲੋਕ ਜਾਂ ਸੰਸਥਾਵਾਂ ਸ਼ਾਮਿਲ ਹੁੰਦੀਆਂ ਹਨ :




- ਗਾਹਕ/ਭੇਜਣ ਵਾਲਾ
- ਭੇਜਣ ਵਾਲੀ ਸੰਸਥਾ
- ਪ੍ਰੋਸੈਸਿੰਗ ਏਜੰਸੀ
- ਲਾਭਕਾਰੀ ਸੰਸਥਾ
- ਲਾਭਕਾਰੀ

ਡਿਜੀਟਲ ਲੈਣ-ਦੇਣ ਦੇ ਸਾਰੇ ਟੱਚ ਪੁਆਇੰਟਾਂ ਉੱਤੇ ਸੁਰੱਖਿਆ ਯਕੀਨੀ ਬਣਾਉਣੀ ਹੁੰਦੀ ਹੈ। ਸਮੁੱਚਾ ਈਕੋ-ਸਿਸਟਮ ਸਾਈਬਰ ਸੈਨੇਟਾਈਜ਼ਡ ਸਭ ਲੈਣ-ਦੇਣ ਵਿੱਚ ਹੋਣਾ ਚਾਹੀਦਾ ਹੈ ਅਤੇ ਇਸ ਲਈ ਹੇਠ ਲਿਖੇ ਸੁਰੱਖਿਆ ਪਬੰਧ ਹੋਣੇ ਜ਼ਰੂਰੀ ਹਨ :

- ਗੁਪਤਤਾ
- ਦਿਆਨਤਦਾਰੀ
- ਮੁਹੱਈਆ ਹੋਣਾ

ਹੁਣ ਇਹ ਵੇਖਦੇ ਹਾਂ ਕਿ ਇਸ ਵਿੱਚ ਭਾਈਵਾਲ ਕਿਵੇਂ ਇਹ ਯਕੀਨੀ ਬਣਾਉਂਦੇ ਹਨ ਕਿ ਸਾਰਾ ਲੈਣ-ਦੇਣ ਆਪਣੇ ਸਮੁੱਚੇ ਸਫਰ ਵਿੱਚ ਨੁਕਸ-ਰਹਿਤ ਹੋਵੇ।

## ਗਾਹਕ/ਭੇਜਣ ਵਾਲਾ

ਕਿਸੇ ਲੈਣ-ਦੇਣ ਨੂੰ ਸ਼ੁਰੂ ਕਰਨ ਵਾਲਾ ਇਹ ਯਕੀਨੀ ਬਣਾਵੇਗਾ ਕਿ ਉਸ ਦਾ ਯੰਤਰ ਜਿਸ ਰਾਹੀਂ ਉਹ ਆਪਣੇ ਪੈਸੇ ਤਬਦੀਲ ਕਰਦਾ ਹੈ, ਪੂਰੀ ਤਰ੍ਹਾਂ ਸਾਈਬਰ ਸੈਨੇਟਾਈਜ਼ਡ ਹੋਵੇ। ਇਸ ਯੰਤਰ ਵਿੱਚ ਤਾਜ਼ਾ ਐਂਟੀ ਵਾਇਰਸ ਪ੍ਰੋਗਰਾਮ ਹੋਣਾ ਚਾਹੀਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਵੈੱਬਸਾਈਟ ਦੇ ਪਤੇ ਨੂੰ ਟਾਈਪ ਕਰਨ ਵੇਲੇ ਜੇ ਇਹ ਆਨਲਾਈਨ ਲੈਣ-ਦੇਣ ਹੋਵੇ ਤਾਂ ਇਸ ਨੂੰ ਕਿਸੇ ਈ-ਮੇਲ ਤੋਂ ਨਹੀਂ ਕਲਿੱਕ ਕੀਤਾ ਜਾਣਾ ਚਾਹੀਦਾ।

"ਖਾਣਾ ਨਹੀਂ ਦਾ ਭਾਵ ਮੁਫਤ ਖਾਣਾ" ਕੋਈ ਵੀ ਮੋਬਾਈਲ ਆਨਲਾਈਨ ਯੰਤਰ, ਜਿਨ੍ਹਾਂ ਦੀ ਮੁਫਤ ਪੇਸ਼ਕਸ਼ ਕੀਤੀ ਜਾਂਦੀ ਹੈ ਜਾਂ ਜੋ ਮੁਫਤ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ ਪੂਰੀ ਸਿਆਣਪ ਨਾਲ ਵਰਤਣਾ ਚਾਹੀਦਾ ਹੈ। ਪਾਸਵਰਡ/ਪਿੰਨ ਨੰਬਰ ਜੋ ਕਿ ਕਿਸੇ ਲੈਣ-ਦੇਣ ਲਈ ਵਰਤਿਆ ਜਾਂਦਾ ਹੈ, ਉਹ ਭੇਜਣ ਵਾਲੇ ਵਿਅਕਤੀ ਕੋਲ

ਗੁਪਤ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਕਿਸੇ ਨਾਲ ਆਨਲਾਈਨ ਸਾਂਝਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਨਾਲ ਲੈਣ-ਦੇਣ ਦੀ ਪ੍ਰੋਸੈਸਿੰਗ ਗੁਪਤ ਰੱਖੀ ਜਾ ਸਕੇਗੀ।

## ਭੇਜਣ ਵਾਲੀ/ਲਾਭਕਾਰੀ ਸੰਸਥਾ

ਕੋਈ ਲੈਣ-ਦੇਣ ਭੇਜਣ ਵਾਲੀ ਸੰਸਥਾ ਤੋਂ ਚਾਲੂ ਹੁੰਦਾ ਹੈ ਅਤੇ ਉਸ ਨੂੰ ਆਈ ਟੀ ਸਿਸਟਮ ਰਾਹੀਂ ਕਿਸੇ ਵਿੱਤੀ ਸੰਸਥਾ ਨੂੰ ਭੇਜਿਆ ਜਾਂਦਾ ਹੈ। ਕੋਈ ਵੀ ਘਰ, ਭਾਵੇਂ ਉਹ ਝੌਂਪੜੀ ਹੋਵੇ ਜਾਂ ਤਕੜਾ ਬੰਗਲਾ, ਵਿੱਚ ਚਾਬੀ ਅਤੇ ਤਾਲਾ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਕੋਈ ਵੀ ਆਈ ਟੀ ਸਿਸਟਮ ਜੋ ਕਿ ਸਟੇਟ ਆਫ ਦਿ ਆਰਟ ਲੀਗੇਸੀ ਟੈਕਨਾਲੋਜੀ ਵਾਲਾ ਹੋਵੇ, ਸਖਤ ਸੁਰੱਖਿਆ ਕੰਟਰੋਲਾਂ ਅਧੀਨ ਸੁਰੱਖਿਅਤ ਹੋਣਾ ਚਾਹੀਦਾ ਹੈ। ਸੁਰੱਖਿਅਤ ਕੰਟਰੋਲ ਦਿਆਨਤਦਾਰੀ ਨੂੰ ਯਕੀਨੀ ਬਣਾਉਣਗੇ।

**ਦਿਆਨਤਦਾਰੀ ਇਹ ਯਕੀਨੀ ਬਣਾਵੇਗੀ ਕਿ ਨਿਰੰਤਰਤਾ, ਸਹੀਪਣ ਅਤੇ ਅੰਕੜਿਆਂ ਦਾ ਭਰੋਸਾ ਬਣਿਆ ਰਹੇ। ਡਾਟਾ ਰਾਹ ਵਿੱਚ ਨਹੀਂ ਬਦਲਿਆ ਜਾਣਾ ਚਾਹੀਦਾ ਅਤੇ ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਕਿ ਡਾਟਾ ਕਿਸੇ ਵੀ ਗ਼ੈਰ-ਅਧਿਕਾਰਤ ਢੰਗ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ।**

## ਪ੍ਰੋਸੈਸਿੰਗ ਏਜੰਸੀ

ਜ਼ਿਆਦਾਤਰ ਡਿਜੀਟਲ ਲੈਣ-ਦੇਣ ਇਕ ਕੇਂਦਰੀ ਨੋਡਲ ਏਜੰਸੀ ਵਿੱਚੋਂ ਹੋ ਕੇ ਲੰਘਦੇ ਹਨ ਜੋ ਕਿ ਜਾਂ ਤਾਂ ਐਨ ਪੀ ਸੀ ਆਈ ਮੁੰਬਈ – ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ ਜਾਂ ਆਈ ਡੀ ਆਰ ਬੀ ਆਈ, ਹੈਦਰਾਬਾਦ ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਰਿਸਰਚ ਇਨ ਬੈਂਕਿੰਗ ਟੈਕਨਾਲੋਜੀ ਹੋ ਸਕਦੀ ਹੈ।

ਵਿੱਤੀ ਸੰਸਥਾਵਾਂ ਦੇ ਆਈ ਟੀ ਆਰਕੀਟੈਕਚਰ, ਜੋ ਕਿ ਇਨ੍ਹਾਂ ਸਿਸਟਮਾਂ ਨਾਲ ਆਨਲਾਈਨ ਇੰਟਰਐਕਟਿੰਗ ਕਰਦੇ ਹਨ, ਉਹ ਇਨ੍ਹਾਂ ਨੋਡਲ ਏਜੰਸੀਆਂ ਦੇ ਮਿਆਰਾਂ ਅਤੇ ਢੰਗਾਂ ਦੀ ਤਸਦੀਕ ਕਰਦੇ ਹਨ। ਇਨ੍ਹਾਂ ਸਿਸਟਮਾਂ ਦਾ ਪਾਰਟੀਆਂ ਤੱਕ ਮੁਹੱਈਆ ਹੋਣਾ ਨੋਡਲ ਏਜੰਸੀਆਂ ਵਲੋਂ ਯਕੀਨੀ ਬਣਾਇਆ ਜਾਂਦਾ ਹੈ।

## ਲਾਭਪਾਤਰੀ

ਲਾਭਪਾਤਰੀ ਮੁਕਾਬਲਤਨ ਘੱਟ ਸਾਈਬਰ ਜ਼ਿੰਮੇਵਾਰ ਹੁੰਦੇ ਹਨ ਕਿਉਂਕਿ ਇਨ੍ਹਾਂ ਨੂੰ ਤਾਂ ਪੈਸਾ ਮਿਲਣਾ ਹੁੰਦਾ ਹੈ। ਇਨ੍ਹਾਂ ਨੂੰ ਸਿਰਫ ਇਹ ਚੌਕਸੀ ਵਰਤਣੀ ਪੈਂਦੀ ਹੈ ਕਿ ਉਨ੍ਹਾਂ ਨੇ ਜੋ ਖਾਤਾ ਨੰਬਰ, ਆਈ ਐਫ ਸੀ ਕੋਡ ਜਾਂ ਵੀ ਪੀ ਏ (ਵਰਚੁਅਲ ਪੇਮੈਂਟ ਐਡਰੈਸ) ਦਿੱਤਾ ਹੈ, ਉਹ ਸਹੀ ਹੋਵੇ। ਹੇਠਾਂ ਵੱਖ-ਵੱਖ ਕਦਮਾਂ ਦਾ ਜ਼ਿਕਰ ਹੈ ਜੋ ਕਿ ਸਾਈਬਰ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾ ਰਹੇ ਹਨ :


## ਰਾਸ਼ਟਰੀ ਸਾਈਬਰ ਸੁਰੱਖਿਆ ਨੀਤੀ, 2013 (ਐੱਨ ਸੀ ਐੱਸ ਪੀ)

ਐੱਨ ਸੀ ਐੱਸ ਪੀ ਸਾਲ 2013 ਵਿੱਚ ਜਾਰੀ ਕੀਤੀ ਗਈ। ਇਸ ਨੂੰ ਸਾਈਬਰ ਸੁਰੱਖਿਆ ਪ੍ਰਤੀ ਰਸਮੀ ਕਦਮ ਵਜੋਂ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ ਦੇ ਇਲੈਕਟ੍ਰਾਨਿਕ ਅਤੇ ਸੂਚਨਾ ਤਕਨਾਲੋਜੀ ਵਿਭਾਗ ਵਲੋਂ ਜਾਰੀ ਕੀਤਾ ਗਿਆ। ਇਹ ਨੀਤੀ ਸ਼ਹਿਰੀਆਂ, ਵਪਾਰੀਆਂ ਅਤੇ ਸਰਕਾਰ ਨੂੰ ਸੁਰੱਖਿਅਤ ਨੀਤੀ ਮੁਹੱਈਆ ਕਰਵਾਉਣ ਲਈ ਜਾਰੀ ਕੀਤੀ ਗਈ। ਇਸ ਦਾ ਉਦੇਸ਼ ਸਾਈਬਰ ਸਪੇਸ ਦੀ ਰਾਖੀ ਕਰਨਾ ਸੀ।

ਸੂਚਨਾ ਅਤੇ ਢਾਂਚੇ ਨੇ ਸਾਈਬਰ ਹਮਲੇ ਰੋਕਣ ਲਈ ਸਮਰੱਥਾ ਵਿਕਸਤ ਕੀਤੀ ਅਤੇ ਹਮਲਿਆਂ ਵਿੱਚ ਹੋਣ ਵਾਲੇ ਨੁਕਸਾਨ ਨੂੰ ਘੱਟ ਤੋਂ ਘੱਟ ਕੀਤਾ। ਅਜਿਹਾ ਸੰਸਥਾਗਤ ਢਾਂਚੇ, ਲੋਕਾਂ, ਢੰਗਾਂ ਅਤੇ ਤਕਨਾਲੋਜੀ ਦੀ ਮਦਦ ਅਤੇ ਜ਼ੋਰਦਾਰ ਯਤਨਾਂ ਨਾਲ ਸੰਭਵ ਹੋਇਆ।

***ਨੀਤੀ ਅਧੀਨ ਜੋ ਕੁਝ ਯਤਨ ਕੀਤੇ ਗਏ ਉਨ੍ਹਾਂ ਵਿੱਚ ਸ਼ਾਮਿਲ ਹਨ :***

- ਕਈ ਕਦਮਾਂ ਰਾਹੀਂ ਇਕ ਸੁਰੱਖਿਅਤ ਸਾਈਬਰ ਈਕੋ ਸਿਸਟਮ ਦੀ ਸਥਾਪਨਾ ਕਰਨਾ, ਜਿਵੇਂ ਕਿ ਰਾਸ਼ਟਰੀ ਨੋਡਲ ਏਜੰਸੀ ਦੀ ਮਦਦ ਨਾਲ। ਸੰਗਠਨਾਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਇਕ ਸੀਨੀਅਰ ਮੈਂਬਰ ਨੂੰ ਮੁੱਖ ਸੂਚਨਾ ਅਫ਼ਸਰ ਵਜੋਂ ਨਾਮਜ਼ਦ ਕਰਨ ਅਤੇ ਸੂਚਨਾ ਸੁਰੱਖਿਆ ਨੀਤੀਆਂ ਵਿਕਸਤ ਕਰਨ।
- ਆਈ ਟੀ ਅਤੇ ਸੁਰੱਖਿਆ ਲਈ ਇਕ



ਭਰੋਸਾ ਨੈੱਟਵਰਕ ਕਾਇਮ ਕਰਨਾ।

## ਖੁੱਲ੍ਹੇ ਮਿਆਰਾਂ ਨੂੰ ਉਤਸ਼ਾਹਿਤ ਕਰਨਾ

• ਰੈਗੂਲੇਟਰੀ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਇਸ ਦੇ ਨਾਲ ਹੀ ਸਮੇਂ-ਸਮੇਂ ਉੱਤੇ ਜਾਇਜ਼ਾ ਲੈਣਾ, ਕੌਮਾਂਤਰੀ ਮਿਆਰਾਂ ਨਾਲ ਇਕਸੁਰਤਾ ਕਾਇਮ ਕਰਨਾ ਅਤੇ ਕਾਨੂੰਨੀ ਢਾਂਚੇ ਪ੍ਰਤੀ ਜਾਗਰੂਕਤਾ ਪੈਦਾ ਕਰਨਾ।

• ਸੁਰੱਖਿਆ ਖ਼ਤਰਿਆਂ ਪ੍ਰਤੀ ਢਾਂਚਾ ਕਾਇਮ ਕਰਨਾ ਅਤੇ ਇਸ ਪ੍ਰਤੀ ਰਾਸ਼ਟਰੀ ਸਿਸਟਮ ਅਤੇ ਢੰਗਾਂ ਰਾਹੀਂ ਹੁੰਗਾਰਾ ਭਰਨਾ।

• ਰਾਸ਼ਟਰੀ ਕੰਪਿਊਟਰ ਐਮਰਜੈਂਸੀ ਹੁੰਗਾਰਾ ਟੀਮ (ਸੀ ਈ ਆਰ ਟੀ – ਇਨ) ਇਕ ਨੋਡਲ ਏਜੰਸੀ ਵਜੋਂ ਕੰਮ ਕਰਦੀ ਹੈ ਅਤੇ ਇਹ ਸਾਰੇ ਸਾਈਬਰ ਸੁਰੱਖਿਆ ਯਤਨਾਂ, ਹੰਗਾਮੀ ਹੁੰਗਾਰਿਆਂ ਅਤੇ ਸੰਕਟ ਪ੍ਰਬੰਧਨ ਵਿੱਚ ਤਾਲਮੇਲ ਕਾਇਮ ਰੱਖਦੀ ਹੈ।

• ਇਹ ਈ-ਗਵਰਨੈਂਸ ਹਾਸਿਲ ਕਰਨ ਲਈ ਵਿਸ਼ਵ ਦੇ ਵਧੀਆ ਢੰਗਾਂ ਨੂੰ ਲਾਗੂ ਕਰਦੀ ਹੈ ਅਤੇ ਜਨਤਕ ਪ੍ਰਮੁੱਖ ਢਾਂਚਿਆਂ ਦੀ ਵਰਤੋਂ ਕਰਦੀ ਹੈ।

• ਨਾਜ਼ੁਕ ਸੂਚਨਾ ਢਾਂਚਾ ਸੁਰੱਖਿਆ ਕੇਂਦਰ (ਐੱਨ ਸੀ ਆਈ ਆਈ ਪੀ ਸੀ) ਦੇ ਇਕ ਨੋਡਲ ਏਜੰਸੀ ਵਜੋਂ ਕੰਮ ਕਰਦੇ ਹੋਏ ਨਾਜ਼ੁਕ ਸੂਚਨਾ ਢਾਂਚੇ ਦੀ ਰਾਖੀ ਕਰਨਾ।

• ਸਾਈਬਰ ਸੁਰੱਖਿਆ ਤਕਨਾਲੋਜੀ ਦੇ ਖੋਜ ਅਤੇ ਵਿਕਾਸ ਲਈ ਪ੍ਰਬੰਧ ਕਰਨਾ।

• ਸਿੱਖਿਆ ਅਤੇ ਸਿਖਲਾਈ ਪ੍ਰੋਗਰਾਮਾਂ ਰਾਹੀਂ ਮਨੁੱਖੀ ਸੋਮਿਆਂ ਦਾ ਵਿਕਾਸ ਕਰਨਾ ਤਾਂ ਕਿ ਸਮਰੱਥਾ ਵਿਕਸਤ ਹੋ ਸਕੇ।

## ਸਾਈਬਰ ਸਵੱਛਤਾ ਕੇਂਦਰ

ਸਾਈਬਰ ਸੁਰੱਖਿਆ ਉਲੰਘਣਾਵਾਂ ਉੱਤੇ ਰੋਕ ਲਾਉਣ ਅਤੇ ਉਨ੍ਹਾਂ ਨੂੰ ਵਧਣੋਂ ਰੋਕਣ ਲਈ ਭਾਰਤ ਸਰਕਾਰ ਦੀ ਕੰਪਿਊਟਰ ਹੰਗਾਮੀ ਹੁੰਗਾਰਾ ਟੀਮ (ਸੀ ਆਈ ਆਰ ਟੀ–ਇਨ) ਨੇ ਫ਼ਰਵਰੀ 2017 ਵਿੱਚ ਇਕ 'ਸਾਈਬਰ ਸਵੱਛਤਾ ਕੇਂਦਰ' (ਬੋਟਨੈੱਟ ਕਲੀਨਿੰਗ ਐਂਡ ਮਾਲਵੇਅਰ ਅਨੈਲਸਿਜ਼ ਸੈਂਟਰ) ਦੀ ਸ਼ੁਰੂਆਤ ਕੀਤੀ। ਇਸ ਕੇਂਦਰ ਨੇ ਇਕ ਨਵੇਂ ਡੈਸਕਟਾਪ ਅਤੇ ਮੋਬਾਈਲ ਸੁਰੱਖਿਆ ਹੱਲ ਦਾ ਡਿਜ਼ਾਈਨ ਤਿਆਰ ਕੀਤਾ। ਇਹ



ਕੇਂਦਰ ਸੀ ਈ ਆਰ ਟੀ-ਇਨ ਵਲੋਂ ਸੂਚਨਾ ਤਕਨਾਲੋਜੀ ਕਾਨੂੰਨ 2000 ਅਧੀਨ ਚਲਾਇਆ ਜਾਂਦਾ ਹੈ। ਇਹ ਸਾਲਿਊਸ਼ਨ, ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ ਦੀ ਡਿਜੀਟਲ ਪਹਿਲਕਦਮੀ ਦਾ ਇਕ ਹਿੱਸਾ ਹੈ।

**ਸਾਈਬਰ ਸਵੱਛਤਾ ਕੇਂਦਰ ਵਲੋਂ ਭਾਰਤ ਵਿੱਚ ਬੋਟਨੈੱਟ ਇਨਫੈਕਸ਼ਨਜ਼ ਦਾ ਪਤਾ ਲਗਾ ਕੇ ਇਨ੍ਹਾਂ ਨੂੰ ਨੋਟੀਫਾਈ ਕਰਕੇ ਇਨਫੈਕਸ਼ਨਜ਼ ਨੂੰ ਫੈਲਣੋਂ ਰੋਕਿਆ ਜਾਵੇਗਾ। ਜੇ ਇਹ ਬੀ ਓ ਟੀਜ਼/ਮਾਲਵੇਅਰ ਵਿਸ਼ੇਸ਼ਤਾਵਾਂ ਦਾ ਜਾਇਜ਼ਾ ਲੈਣ ਲਈ ਵਰਤਿਆ ਜਾਂਦਾ ਹੈ ਤਾਂ ਇਹ ਸੂਚਨਾਵਾਂ ਪ੍ਰਦਾਨ ਕਰਦਾ ਹੈ ਅਤੇ ਸ਼ਹਿਰੀਆਂ ਦੀ ਨੁਕਸਾਂ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ, ਅਤੇ ਲੋਕਾਂ ਵਿੱਚ ਇਹ ਜਾਗ੍ਰਿਤੀ ਪੈਦਾ ਕਰਦਾ ਹੈ ਕਿ ਉਹ ਆਪਣੇ ਡਾਟਾ, ਕੰਪਿਊਟਰਾਂ, ਮੋਬਾਈਲ ਫ਼ੋਨਾਂ ਅਤੇ ਘਰੇਲੂ ਰਾਊਟਰਾਂ ਨੂੰ ਸੁਰੱਖਿਅਤ ਰੱਖਣ। ਸਾਈਬਰ ਸਵੱਛਤਾ ਕੇਂਦਰ ਦੇਸ਼ ਵਿੱਚ ਸੁਰੱਖਿਅਤ ਸਾਈਬਰ ਈਕੋ ਸਿਸਟਮ ਕਾਇਮ ਕਰਨ ਦੀ ਦਿਸ਼ਾ ਵਿੱਚ ਇਕ ਕਦਮ ਹੈ। ਇਸ ਬਾਰੇ ਦੇਸ਼ ਦੀ ਰਾਸ਼ਟਰੀ ਸਾਈਬਰ ਸੁਰੱਖਿਆ ਨੀਤੀ ਵਿੱਚ ਵੀ ਜ਼ਿਕਰ ਹੈ।**

***ਇਹ ਕੇਂਦਰ ਹੇਠ ਲਿਖੇ ਸੁਰੱਖਿਆ ਅਤੇ ਬਚਾਅ ਵਾਲੇ ਯੰਤਰਾਂ ਦੀ ਪੇਸ਼ਕਸ਼ ਕਰਦਾ ਹੈ :***

• 'ਯੂ ਐਸ ਬੀ ਪ੍ਰਤੀਰੋਧ' ਦੀ ਸ਼ੁਰੂਆਤ ਸਰਕਾਰ ਦੇ ਆਈ ਟੀ ਅਤੇ ਇਲੈਕਟ੍ਰਾਨਿਕਸ ਮੰਤਰੀ ਮਾਨਯੋਗ ਸ਼੍ਰੀ ਰਵੀ ਸ਼ੰਕਰ ਪ੍ਰਸਾਦ ਵਲੋਂ ਕੀਤੀ ਗਈ ਸੀ ਅਤੇ ਇਸ ਦਾ ਕੰਮ ਹਟਾ ਲੈਣ ਯੋਗ ਯੂ ਐੱਸ ਬੀ ਸਟੋਰੇਜ ਮੀਡੀਆ ਯੰਤਰਾਂ ਜਿਵੇਂ ਕਿ ਪੈੱਨ ਡ੍ਰਾਈਵ, ਬਾਹਰਲੀ ਹਾਰਡ ਡਰਾਈਵਜ਼ ਅਤੇ ਯੂ ਐੱਸ ਬੀ ਦੀ ਮਦਦ ਨਾਲ ਚੱਲਣ ਵਾਲੀਆਂ ਵੱਡੀਆਂ ਸਟੋਰੇਜ ਡੀਵਾਈਸਾਂ ਦੀ ਵਰਤੋਂ ਨੂੰ ਕੰਟਰੋਲ ਕਰਨਾ ਹੈ।

• ਸੰਵਿਦ ਨਾਂ ਦੇ ਇਕ ਐਪ ਦੀ ਵੀ ਸ਼ੁਰੂਆਤ ਕੀਤੀ ਗਈ। ਇਹ ਇਕ ਡੈਸਕ ਟਾਪ ਅਧਾਰਤ ਐਪਲੀਕੇਸ਼ਨ ਵਾਈਟਲਿਸਟਿੰਗ ਸਾਲਿਊਸ਼ਨ ਵਿੰਡੋਜ਼ ਆਪਰੇਟਿੰਗ ਸਿਸਟਮ ਲਈ ਹੈ। ਇਹ ਸਿਰਫ ਪਹਿਲਾਂ ਪ੍ਰਵਾਨਤ ਐਗਜ਼ੀਕਿਊਸ਼ਨ ਫਾਈਲਾਂ ਲਈ ਹੈ ਅਤੇ ਡੈਸਕਟਾਪ ਨੂੰ ਸ਼ੱਕੀ ਐਪਲੀਕੇਸ਼ਨਾਂ ਨੂੰ ਚਲਾਉਣ ਤੋਂ ਰੋਕਦਾ ਹੈ।

• ਐਮ–ਕਵਚ, ਇਕ ਡੀਵਾਈਸ ਹੈ ਜੋ ਕਿ ਐਂਡਰਾਇਡ ਮੋਬਾਈਲ ਫੋਨ ਦੀ ਰਾਖੀ ਲਈ ਵਿਕਸਤ ਕੀਤੀ ਗਈ। ਇਸ ਵਿੱਚ ਮਾਲਵੇਅਰ ਨਾਲ ਸੰਬੰਧਿਤ ਮੁੱਦਿਆਂ ਨੂੰ ਠੀਕ ਕਰਨ ਦਾ ਪ੍ਰਬੰਧ ਹੈ। ਉਹ ਮਾਲਵੇਅਰ, ਜੋ ਕਿ ਨਿੱਜੀ ਡਾਟਾ ਚੁਰਾ ਲੈਂਦੇ ਹਨ, ਵਾਈ ਫਾਈ ਅਤੇ ਬਲਿਊਟੁੱਥ ਸੋਮਿਆਂ ਦੀ ਵਰਤੋਂ ਕਰਦੇ ਹਨ, ਗੁੰਮ ਹੋਏ ਜਾਂ ਚੋਰੀ ਹੋਏ ਮੋਬਾਈਲਾਂ ਦੇ ਅੰਕੜਿਆਂ, ਸਪਾਮ ਐੱਸ ਐੱਮ ਐੱਸ ਦੀ ਗਲਤ ਵਰਤੋਂ ਕਰਦੇ ਹਨ, ਪ੍ਰੀਮੀਅਮ ਰੇਟ ਐੱਸ ਐੱਮ ਐੱਸ ਅਤੇ ਗੈਰ–

ਲੋੜੀਂਦੀਆਂ ਕਾਲਾਂ ਦੀ ਦੁਰਵਰਤੋਂ ਕਰਦੇ ਹਨ, ਉਨ੍ਹਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

● ਬ੍ਰਾਊਜ਼ਰ ਜੇ ਐੱਸ ਗਾਰਡ ਇਕ ਅਜਿਹਾ ਟੂਲ ਹੈ ਜੋ ਕਿ ਬ੍ਰਾਊਜ਼ਰ ਐਕਸਟੈਂਸ਼ਨ ਵਜੋਂ ਕੰਮ ਕਰਦਾ ਹੈ ਜੋ ਕਿ ਸ਼ੱਕੀ ਐੱਚ ਟੀ ਐੱਮ ਐੱਲ ਅਤੇ ਜਾਵਾ ਸਕ੍ਰਿਪਟ ਦੇ ਵੈੱਬ ਬ੍ਰਾਊਜ਼ਰ ਅਧਾਰਤ ਹਿਊਰਿਸਟਿਕਸ ਰਾਹੀਂ ਹੋਣ ਵਾਲੇ ਹਮਲੇ ਨੂੰ ਰੋਕਦਾ ਹੈ। ਇਹ ਵਰਤੋਂਕਾਰ ਨੂੰ ਉਸ ਵੇਲੇ ਚੌਕਸ ਕਰਦਾ ਹੈ ਜਦੋਂ ਕਿ ਉਹ ਗਲਤ ਵੈੱਬ ਪੇਜ ਉੱਤੇ ਜਾਂਦਾ ਹੈ ਅਤੇ ਵੈੱਬਪੇਜ ਬਾਰੇ ਇਕ ਵਿਸਤ੍ਰਿਤ ਚੇਤਾਵਨੀ ਦਿੰਦਾ ਹੈ।

### ਸੂਚਨਾ ਤਕਨਾਲੋਜੀ ਕਾਨੂੰਨ, 2000, 2008

ਆਈ ਟੀ, 2000 ਭਾਰਤ ਵਿੱਚ ਸਾਈਬਰ ਜੁਰਮ ਅਤੇ ਇਲੈਕਟ੍ਰਾਨਿਕ ਕਾਮਰਸ ਨਾਲ ਨਜਿੱਠਣ ਲਈ ਇਕ ਪ੍ਰਮੁੱਖ ਕਾਨੂੰਨ ਹੈ ਜਿਸ ਵਿੱਚ 2008 ਵਿੱਚ ਸੋਧ ਕੀਤੀ ਗਈ।

ਇਹ ਕਾਨੂੰਨ ਹੇਠ ਲਿਖਿਆਂ ਦਾ ਵਰਣਨ ਕਰਦਾ ਹੈ :

● ਡਿਜੀਟਲ ਤੇ ਇਲੈਕਟ੍ਰਾਨਿਕ ਸਿਗਨੇਚਰ।

● ਇਲੈਕਟ੍ਰਾਨਿਕ ਗਵਰਨੈਂਸ।

● ਇਲੈਕਟ੍ਰਾਨਿਕ ਰਿਕਾਰਡਜ਼ ਦੀ ਪ੍ਰਵਾਨਗੀ, ਡਿਸਪੈਚ ਵਗੈਰਾ।

● ਇਲੈਕਟ੍ਰਾਨਿਕ ਰਿਕਾਰਡਜ਼ ਅਤੇ ਡਿਜੀਟਲ ਸਿਗਨੇਚਰ ਦੀ ਸੁਰੱਖਿਆ।

● ਤਸਦੀਕ ਕਰਨ ਵਾਲੇ ਅਧਿਕਾਰੀ ਦਾ ਰੈਗੂਲੇਸ਼ਨ।

● ਇਲੈਕਟ੍ਰਾਨਿਕ ਸਿਗਨੇਚਰ ਸਰਟੀਫੀਕੇਟਸ।

ਇਲੈਕਟ੍ਰਾਨਿਕ ਜੁਰਮਾਂ ਅਤੇ ਉਨ੍ਹਾਂ ਦੇ ਜੁਰਮਾਨੇ ਦਾ ਵਿਸਤ੍ਰਿਤ ਵਰਣਨ ਆਈ ਟੀ ਕਾਨੂੰਨ ਵਿੱਚ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ :

● ਕੰਪਿਊਟਰ ਸੋਮੇ ਦੀ ਟੈਂਪਰਿੰਗ।

● ਕੰਪਿਊਟਰ ਸਿਸਟਮ ਦੀ ਹੈਕਿੰਗ।

● ਕਿਸੇ ਹੋਰ ਵਿਅਕਤੀ ਦੇ ਪਾਸਵਰਡ ਦੀ ਵਰਤੋਂ।

● ਕੰਪਿਊਟਰ ਸੋਮੇ ਦੀ ਵਰਤੋਂ ਵਿੱਚ ਧੋਖਾਦੇਹੀ।

● ਸਾਈਬਰ ਦਹਿਸ਼ਤਵਾਦ ਦੀਆਂ ਕਾਰਵਾਈਆਂ।

● ਰਿਕਾਰਡਜ਼ ਕਾਇਮ ਰੱਖਣ ਵਿੱਚ ਅਸਫਲਤਾ।

● ਹੁਕਮਾਂ ਦੀ ਪਾਲਣਾ ਵਿੱਚ ਅਸਫਲਤਾ/ਮਨਾਹੀ।

● ਡਾਟਾ ਨੂੰ ਡੀਕ੍ਰਿਪਟ ਕਰਨ ਵਿੱਚ ਅਸਫਲਤਾ/ਮਨਾਹੀ।

● ਇਕ ਸੁਰੱਖਿਅਤ ਸਿਸਟਮ ਤੱਕ ਪਹੁੰਚ ਕਰਨਾ ਅਤੇ ਪਹੁੰਚ ਕਰਨ ਦੀ ਕੋਸ਼ਿਸ਼ ਕਰਨਾ।

● ਗਲਤ ਨੁਮਾਇੰਦਗੀ।

### ਆਨਲਾਈਨ ਫੰਡਜ਼ ਅਤੇ ਆਈ ਟੀ ਐਕਟ

ਆਈ ਟੀ ਕਾਨੂੰਨ ਵਿੱਚ ਵੱਖ-ਵੱਖ ਸਾਈਬਰ ਜੁਰਮਾਂ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ ਅਤੇ ਵਿਸ਼ੇਸ਼ ਤੌਰ ਤੇ ਗਲਤ ਸਾਈਬਰ ਕਾਰਵਾਈਆਂ ਅਤੇ ਆਨਲਾਈਨ ਫਰਾਡਾਂ ਦਾ ਜ਼ਿਕਰ ਹੈ। ਫਿਸ਼ਿੰਗ ਇਕ ਸਭ ਤੋਂ ਅਹਿਮ ਆਨਲਾਈਨ ਬੈਂਕਿੰਗ ਫਰਾਡ ਹੈ ਜੋ ਕਿ ਆਨਲਾਈਨ ਹੀ ਹੁੰਦਾ ਹੈ।

### ਫਿਸ਼ਿੰਗ

ਫਿਸ਼ਿੰਗ ਇਕ ਕਿਸਮ ਦਾ ਸ਼ੋਸ਼ਲ ਇੰਜੀਨੀਅਰਿੰਗ ਹਮਲਾ ਹੈ ਜੋ ਆਮ ਤੌਰ ਤੇ ਡਾਟਾ ਚੋਰੀ ਕਰਨ ਲਈ ਕੀਤਾ ਜਾਂਦਾ ਹੈ। ਇਸ ਵਿੱਚ ਲਾਗ ਇਨ ਕ੍ਰੈਡੈਂਸ਼ੀਅਲਜ ਅਤੇ ਕਰੈਡਿਟ ਕਾਰਡ ਨੰਬਰਾਂ ਦੀ ਵੀ ਹੇਰਾਫੇਰੀ ਹੁੰਦੀ ਹੈ। ਇਹ ਹੇਰਾਫੇਰੀ ਉਸ ਵੇਲੇ ਹੁੰਦੀ ਹੈ ਜਦੋਂ ਹਮਲਾਵਰ ਕਿਸੇ ਦਾ ਈ-ਮੇਲ, ਮੈਸੰਜਰ ਵਗੈਰਾ ਖੋਲ੍ਹ ਲੈਂਦਾ ਹੈ। ਫਿਸ਼ਿੰਗ ਫਰਾਡ ਉੱਤੇ ਸੂਚਨਾ ਤਕਨਾਲੋਜੀ ਕਾਨੂੰਨ, 2000 ਦੀਆਂ ਹੇਠ ਲਿਖੀਆਂ ਧਾਰਵਾਂ ਲਾਗੂ ਹੁੰਦੀਆਂ ਹਨ।

### ਸੈਕਸ਼ਨ 66 – ਕੰਪਿਊਟਰ ਸਿਸਟਮ ਦੀ ਹੈਕਿੰਗ

ਜੇਕਰ ਕੋਈ ਵਿਅਕਤੀ ਜਾਣਬੁੱਝ ਕੇ ਲੋਕਾਂ ਜਾਂ ਕਿਸੇ ਵਿਅਕਤੀ ਦੇ ਕੰਪਿਊਟਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਕੋਈ ਸੂਚਨਾ ਮਿਟਾ ਦਿੰਦਾ ਹੈ ਜਾਂ ਕਿਸੇ ਸੂਚਨਾ ਵਿੱਚ ਤਬਦੀਲੀ ਕਰ ਦਿੰਦਾ ਹੈ ਜਾਂ ਕਿਸੇ ਵੀ ਢੰਗ ਨਾਲ ਉਸ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਸ ਨੂੰ ਹੈਕ ਕਰਨਾ ਕਹਿੰਦੇ ਹਨ। ਇਸ ਧਾਰਾ ਅਧੀਨ 3 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ ਜਾਂ/ਅਤੇ 5 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

### ਸੈਕਸ਼ਨ 66 ਬੀ – ਕਿਸੇ ਚੋਰੀ ਕੀਤੇ ਕੰਪਿਊਟਰ ਜਾਂ ਸੰਚਾਰ ਯੰਤਰ ਨੂੰ ਹਾਸਿਲ ਕਰਨਾ

ਇਕ ਵਿਅਕਤੀ ਜੋ ਕਿਸੇ ਕੰਪਿਊਟਰ ਜਾਂ ਚੋਰੀ ਕੀਤੇ ਯੰਤਰ ਨੂੰ ਆਪਣੇ ਕੋਲ ਰੱਖਦਾ ਹੈ ਤਾਂ ਇਹ ਧਾਰਾ ਉਸ ਉੱਤੇ ਲਾਗੂ ਹੁੰਦੀ ਹੈ। ਇਸ ਵਿੱਚ 3 ਸਾਲ ਦੀ ਸਜ਼ਾ ਜਾਂ/ਅਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

### ਸੈਕਸ਼ਨ 66 ਸੀ – ਕਿਸੇ ਹੋਰ ਵਿਅਕਤੀ ਦਾ ਪਾਸਵਰਡ ਵਰਤਣਾ

ਜੇ ਕੋਈ ਵਿਅਕਤੀ ਧੋਖੇ ਨਾਲ ਕਿਸੇ ਹੋਰ ਵਿਅਕਤੀ ਦਾ ਪਾਸਵਰਡ, ਡਿਜੀਟਲ ਸਿਗਨੇਚਰ ਜਾਂ ਕੋਈ ਹੋਰ ਪਛਾਣ ਵਰਤਦਾ ਹੈ ਤਾਂ ਉਸ ਨੂੰ ਇਸ ਧਾਰਾ ਅਧੀਨ 3 ਸਾਲ ਤੱਕ ਦੀ ਸਜ਼ਾ ਅਤੇ ਜਾਂ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

### ਸੈਕਸ਼ਨ 66 ਡੀ – ਕੰਪਿਊਟਰ ਸੋਮੇ ਦੀ ਵਰਤੋਂ ਦੀ ਧੋਖੇਬਾਜ਼ੀ

ਜੇ ਕੋਈ ਵਿਅਕਤੀ ਕਿਸੇ ਕੰਪਿਊਟਰ ਸੋਮੇ ਜਾਂ ਸੰਚਾਰ ਸੋਮੇ ਦੀ ਵਰਤੋਂ ਕਰਕੇ ਧੋਖਾਦੇਹੀ ਕਰਦਾ ਹੈ ਤਾਂ ਉਸ ਨੂੰ 3 ਸਾਲ ਤੱਕ ਦੀ ਸਜ਼ਾ ਜਾਂ ਅਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

### ਕ੍ਰੈਡਿਟ ਕਾਰਡ ਧੋਖਾਦੇਹੀ

ਕ੍ਰੈਡਿਟ ਕਾਰਡ ਧੋਖਾਦੇਹੀ ਆਨਲਾਈਨ ਬੈਂਕਿੰਗ ਦੀ ਇਕ ਹੋਰ ਧੋਖਾਦੇਹੀ ਹੈ ਜਿਥੇ ਕਿ ਗਾਹਕ ਦੇ ਕਾਰਡ ਦੀ ਆਨਲਾਈਨ ਵਰਤੋਂ ਕੀਤੀ ਜਾਂਦੀ ਹੈ। ਇਸ ਫਰਾਡ ਵਿੱਚ ਆਈ ਟੀ ਕਾਨੂੰਨ ਅਤੇ ਆਈ ਪੀ ਸੀ ਦੀਆਂ ਧਾਰਾਵਾਂ ਲਾਗੂ ਹੁੰਦੀਆਂ ਹਨ। ਇਸ ਵਿੱਚ ਆਈ ਟੀ ਕਾਨੂੰਨ ਦੀਆਂ ਹੇਠ ਲਿਖੀਆਂ ਧਾਰਾਵਾਂ ਲਾਗੂ ਹੁੰਦੀਆਂ ਹਨ :

● ਸੈਕਸ਼ਨ 66 – ਕੰਪਿਊਟਰ ਸਿਸਟਮ ਨੂੰ ਹੈਕ ਕਰਨਾ।

● ਸੈਕਸ਼ਨ 66-ਸੀ : ਕਿਸੇ ਹੋਰ ਵਿਅਕਤੀ ਦਾ ਪਾਸਵਰਡ ਵਰਤਣਾ।

● ਸੈਕਸ਼ਨ 66-ਡੀ -ਕੰਪਿਊਟਰ ਸੋਮੇ ਦੀ ਵਰਤੋਂ ਕਰਕੇ ਧੋਖਾਦੇਹੀ ਕਰਨਾ।

*ਬਾਕੀ ਸਫ਼ਾ 47 ਉੱਤੇ*

# ਭਾਰਤ ਦੇ ਪੇਂਡੂ ਖੇਤਰਾਂ ਦੇ ਬੈਂਕਾਂ ਦੀਆਂ ਸਮੱਸਿਆਵਾਂ ਅਤੇ ਵੰਗਾਰਾਂ

**ਮੰਜੁਲਾ ਵਧਵਾ**


**ਨਵਾਂ ਦਿਹਾਤੀ ਵਿੱਤ ਨਮੂਨਾ ਇਸ ਪ੍ਰਤਿਗਿਆ ਉਤੇ ਅਧਾਰਤ ਹੋਣਾ ਚਾਹੀਦਾ ਹੈ ਕਿ ਪੇਂਡੂ ਲੋਕਾਂ ਨੂੰ ਬੈਂਕ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਪੇਂਡੂ ਗਾਹਕਾਂ ਵਿੱਚ ਸਿਰਫ ਕਿਸਾਨ ਅਤੇ ਅਨਪੜ੍ਹ ਲੋਕ ਹੀ ਸ਼ਾਮਲ ਨਹੀਂ ਹੁੰਦੇ ਸਗੋਂ ਇਸ ਵਿੱਚ ਉਹ ਪੀੜ੍ਹੀ ਵੀ ਸ਼ਾਮਲ ਹੈ ਜੋ ਤਕਨਾਲੋਜੀ ਦੀ ਵਰਤੋਂ ਕਰਦੀ ਹੈ। ਇਸ ਲਈ ਇਕ ਸਮਾਵੇਸ਼ੀ ਵਿੱਤੀ ਖੇਤਰ, ਜਿਸ ਵਿੱਚ ਵਿਭਿੰਨ ਪੇਂਡੂ ਗਾਹਕਾਂ ਨੂੰ ਸੇਵਾ ਪ੍ਰਦਾਨ ਕਰਨ ਵਾਲੇ ਸਥਿਰ ਸੰਸਥਾਨ ਸ਼ਾਮਲ ਹਨ, ਰਾਹੀਂ ਮੰਗ ਮੁਖੀ ਅਤੇ ਬਹੁ ਪ੍ਰਕਾਰੀ ਵਿੱਤੀ ਉਤਪਾਦ ਅਤੇ ਸੇਵਾਵਾਂ ਸਮੇਂ ਦੀ ਲੋੜ ਹਨ।**

ਜਿਵੇਂ ਕਿ ਰਾਸ਼ਟਰ ਪਿਤਾ ਨੇ ਆਖਿਆ ਸੀ, ''ਭਾਰਤ ਪਿੰਡਾਂ ਵਿੱਚ ਵੱਸਦਾ ਹੈ'', ਪੇਂਡੂ ਵਿਕਾਸ ਭਾਰਤ ਦੀ ਸੰਪੂਰਨ ਤਰੱਕੀ ਦਾ ਸਭ ਤੋਂ ਜ਼ਰੂਰੀ ਅੰਗ ਹੈ। ਆਜ਼ਾਦੀ ਤੋਂ ਲੈ ਕੇ ਭਾਰਤ ਦੇ ਪਿੰਡਾਂ ਅੰਦਰ ਖੁਸ਼ਹਾਲੀ ਲਿਆਉਣ ਉਤੇ ਜ਼ੋਰ ਦੇਣਾ ਸਾਡੇ ਨੀਤੀ-ਘਾੜਿਆਂ ਦਾ ਨਿਰੰਤਰ ਯਤਨ ਰਿਹਾ ਹੈ। ਆਜ਼ਾਦੀ ਪ੍ਰਾਪਤੀ ਦੇ ਪਿਛਲੇ 70 ਵਰ੍ਹਿਆਂ ਦੌਰਾਨ – ਸਹਿਕਾਰੀ ਕਰਜ਼ਾ ਢਾਂਚੇ ਤੋਂ ਲੈ ਕੇ ਜਨਤਕ ਖੇਤਰ ਦੇ ਬੈਂਕਾਂ ਦੇ ਕੌਮੀਕਰਨ, ਪੇਂਡੂ ਖੇਤਰਾਂ ਵਿੱਚ ਇਨ੍ਹਾਂ ਦੀਆਂ ਸ਼ਾਖਾਵਾਂ ਦਾ ਪਸਾਰ ਅਤੇ 1976 ਵਿੱਚ ਖੇਤਰੀ ਦਿਹਾਤੀ ਬੈਂਕਾਂ ਦੀ ਸ਼ੁਰੂਆਤ ਤੱਕ, ਰਸਮੀ ਦਿਹਾਤੀ ਸੰਸਥਾਗਤ ਢਾਂਚਾ ਵਿਕਸਤ ਹੋ ਕੇ ਇਸ ਦਾ ਕਈ ਗੁਣਾ ਪਸਾਰ ਹੋਇਆ ਹੈ। ਬਦਕਿਸਮਤੀ ਵਾਲੀ ਗੱਲ ਹੈ ਕਿ ਪਸਾਰ ਦੇ ਇਨ੍ਹਾਂ ਪ੍ਰੋਗਰਾਮਾਂ ਦੇ ਬਾਵਜੂਦ ਸਾਡੀ ਦਿਹਾਤੀ ਵਸੋਂ ਦਾ ਇਕ ਵੱਡਾ ਹਿੱਸਾ ਹਾਲੇ ਵੀ 'ਵਿੱਤੀ' ਤੌਰ ਤੇ ਨਿੱਖੜਿਆ ਹੋਇਆ ਹੈ, ਹਾਲੇ ਵੀ ਸ਼ਾਹੂਕਾਰਾਂ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ ਜੋ ਬਹੁਤ ਹੀ ਵੱਡੀ ਚਿੰਤਾ ਦਾ ਵਿਸ਼ਾ ਹੈ।

ਅੱਜ ਵੀ, ਇਸ ਦੇਸ਼ ਵਿੱਚ ਦੁਨੀਆਂ ਦੇ 24 ਪ੍ਰਤਿਸ਼ਤ ਅਤੇ ਦੱਖਣੀ ਏਸ਼ੀਆ ਦੇ ਦੋ ਤਿਹਾਈ ਬਾਲਗ ਲੋਕ ਵੱਸਦੇ ਹਨ ਜਿਨ੍ਹਾਂ ਦਾ ਬੈਂਕ ਖਾਤਾ ਨਹੀਂ ਹੈ। ਲਗਭਗ 31 ਕਰੋੜ ਬੈਂਕ ਖਾਤਾ ਰੱਖਣ ਦੀ ਸੰਭਾਵਨਾ ਵਾਲੇ ਦਿਹਾਤੀ ਭਾਰਤੀਆਂ ਦੀ ਰਸਮੀ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਨਹੀਂ ਹੈ। 30 ਜੂਨ, 2016 ਤੱਕ, ਐੱਸ ਐੱਲ ਬੀ ਸੀਜ਼ ਦੀ ਰਿਪੋਰਟ ਮੁਤਾਬਕ, ਭਾਰਤ ਦੇ 6,00,000 ਪਿੰਡਾਂ ਵਿੱਚੋਂ 4,52,151 ਪਿੰਡਾਂ ਨੂੰ ਬੈਂਕਿੰਗ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ, 14,976 ਨੂੰ ਸ਼ਾਖਾਵਾਂ ਰਾਹੀਂ, 4,16,636 ਨੂੰ ਬੀ ਸੀਜ਼ ਰਾਹੀਂ ਅਤੇ 20,539 ਨੂੰ ਦੂਜੇ ਤਰੀਕਿਆਂ



**ਚਿੱਤਰ-1 ਭਾਰਤ ਵਿੱਚ ਬਿਜਲੀਕਰਨ : ਬਿਜਲੀ ਵਾਲੇ ਪੇਂਡੂ ਪਰਿਵਾਰਾਂ ਦਾ ਪ੍ਰਤਿਸ਼ਤ, ਪ੍ਰਤਿ ਰਾਜ**




Source : Garv.gov.in

ਰਾਹੀਂ ਜਿਵੇਂ ਏ ਟੀ ਐੱਮ, ਮੋਬਾਈਲ ਵੈਨ ਆਦਿ। ਇਸ ਤੋਂ ਵੀ ਅੱਗੇ ਖਰਾਬ ਭੌਤਿਕ ਅਤੇ ਸਮਾਜਿਕ ਬੁਨਿਆਦੀ ਢਾਂਚਾ ਵਿੱਤੀ ਸੇਵਾਵਾਂ ਤੱਕ ਪਹੁੰਚ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਥੇ ਦਿਹਾਤੀ ਭਾਰਤ ਦੇ ਬਿਜਲੀਕਰਨ ਦੀ ਸੱਚਾਈ ਦੱਸੀ ਜਾ ਰਹੀ ਹੈ।

71 ਪ੍ਰਤਿਸ਼ਤ ਔਸਤ ਦਿਹਾਤੀ ਸਾਖਰਤਾ ਨਾਲ ਜ਼ਿਆਦਾਤਰ ਦਿਹਾਤੀ ਭਾਰਤੀਆਂ ਦੇ ਇਕ ਪੂਰਾ ਦਿਨ ਦੀ ਉਜਰਤ ਬੈਂਕ ਦੀ ਸ਼ਾਖਾ ਤੱਕ ਸਫਰ ਕਰਕੇ ਗੁਆਉਣ ਦੇ ਅਸਾਰ ਹਨ ਜੋ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੀ ਹੁੰਦੀ ਹੈ। ਵਿਚੋਲੇ ਜਿਵੇਂ ਐੱਨ ਜੀ ਓ, ਸਵੈ-ਸਹਾਇਤਾ ਸੰਗਠਨ, ਮਾਈਕ੍ਰੋ ਫਾਇਨਾਂਸ ਇਸੰਟੀਚਿਊਸ਼ਨਜ਼, ਸੈਮੀ ਫਾਰਮਲ ਡਲਿਵਰੀ ਚੈਨਲ ਜਿਵੇਂ ਬੈਂਕਿੰਗ ਸੰਵਾਦਦਾਤਾ ਅਤੇ ਕਾਰੋਬਾਰੀ ਸਹਾਇਕ ਦਾ ਇਸਤੇਮਾਲ ਬੈਂਕਾਂ ਵਲੋਂ ਕਰਜ਼ੇ ਅਤੇ ਬਚਤਾਂ ਤੱਕ ਪਹੁੰਚ ਲਈ ਸੁਧਾਰ ਕਰਨ ਵਾਸਤੇ ਕੀਤਾ ਜਾ ਰਿਹਾ ਹੈ। ਪਰ, ਵਰਤਮਾਨ ਰੂਪ ਵਿੱਚ ਇਹ ਚੈਨਲ ਸੀਮਤ ਸੇਵਾਵਾਂ ਹੀ ਦੇ ਪਾ ਰਹੇ ਹਨ ਅਤੇ ਬਹੁਤ ਸਾਰੀਆਂ ਕਮੀਆਂ ਦੇ ਸ਼ਿਕਾਰ ਹਨ।


ਇਸ ਤੋਂ ਇਲਾਵਾ ਬਹੁਤ ਸਾਰੇ ਬੈਂਕ ਪੇਂਡੂ ਬਾਜ਼ਾਰ ਨੂੰ ਆਰਥਿਕ ਮੌਕੇ ਦੀ ਬਜਾਇ ਨਿਯਮ ਦੀ ਲੋੜ ਵਜੋਂ ਵੇਖਦੇ ਹਨ। ਇਸ ਦੇ ਕੁੱਝ ਜ਼ਾਹਰਾ ਕਾਰਨ ਹਨ :

ਕਿਉਂਕਿ ਪੇਂਡੂ ਪਰਿਵਾਰਾਂ ਦੀ ਆਮਦਨ ਨਿਯਮਤ ਨਹੀਂ ਹੁੰਦੀ ਅਤੇ ਖਰਚੇ ਦੀ ਪੱਧਤੀ ਵੀ ਇਕਸਾਰ ਨਹੀਂ ਹੁੰਦੀ, ਜਿਸ ਕਰਕੇ ਪੇਂਡੂ ਖੇਤਰਾਂ ਵਿੱਚ ਬੈਂਕਾਂ ਦੇ ਵੱਧ ਨਾਨ ਪਰਫਾਰਮਿੰਗ ਕਰਜ਼ੇ ਹਨ। ਇਹ ਮਸਲਾ ਪੇਂਡੂ ਆਰਥਿਕਤਾ ਦੇ ਮਾਨਸੂਨ ਉਤੇ ਨਿਰਭਰ ਹੋਣ ਨਾਲ ਹੋਰ ਗੰਭੀਰ ਹੋ ਜਾਂਦਾ ਹੈ। ਰਾਜਨੀਤਕ ਏਜੰਡੇ ਦੇ ਚਲਦਿਆਂ ਕਰਜ਼ਾ ਮਾਫੀ ਬੈਂਕਾਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਕਰ ਦਿੰਦੀ ਹੈ। ਪਿੰਡਾਂ ਵਿੱਚ ਪੈਸੇ ਜਮ੍ਹਾਂ ਕਰਵਾਉਣ ਅਤੇ ਕਢਵਾਉਣ ਵਾਲੀ ਰਕਮ ਬਹੁਤ ਥੋੜ੍ਹੀ ਹੁੰਦੀ ਹੈ। ਜਿਸ ਦਾ ਮਤਲਬ ਹੈ ਕਿ ਬੈਂਕਾਂ ਨੂੰ ਪ੍ਰਤਿ ਸ਼ਾਖਾ ਜ਼ਿਆਦਾ ਗਾਹਕ ਲੋੜੀਂਦੇ ਹੁੰਦੇ ਹਨ। ਕਿਉਂਕਿ ਬਹੁਤੇ ਪੇਂਡੂ ਪੜ੍ਹੇ ਲਿਖੇ ਨਹੀਂ ਹੁੰਦੇ ਅਤੇ ਏ ਟੀ ਐੱਮ, ਫੋਨ ਬੈਂਕਿੰਗ ਜਾਂ ਇੰਟਰਨੈੱਟ ਬੈਂਕਿੰਗ ਜਿਹੇ ਤਕਨਾਲੋਜੀ ਮੁਖੀ ਚੈਨਲਾਂ ਦੀ ਵਰਤੋਂ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ, ਇਸ ਲਈ ਜ਼ਿਆਦਾਤਰ ਲੋਕ ਬੈਂਕਾਂ ਦੀਆਂ ਸ਼ਾਖਾਵਾਂ ਉਤੇ ਨਿਰਭਰ ਕਰਦੇ ਹਨ ਜਿਸ ਨਾਲ ਬੈਂਕਾਂ ਦੀ ਸੇਵਾ ਲਾਗਤ ਵਧ ਜਾਂਦੀ ਹੈ।

ਅਨਿਯਮਤ ਅਤੇ ਉੱਪਰ ਥੱਲੇ ਹੋਣ ਵਾਲੀ ਆਮਦਨ ਅਤੇ ਮੈਡੀਕਲ ਜਾਂ ਸਮਾਜਿਕ ਹੰਗਾਮੀ ਹਾਲਾਤ ਜਿਹੇ ਗ਼ੈਰ-ਨਿਰਧਾਰਤ ਖਰਚਿਆਂ ਕਾਰਨ ਬੈਂਕਾਂ ਲਈ ਕਰਜ਼ੇ ਦਾ ਜ਼ੋਖ਼ਮ ਵਧ ਜਾਂਦਾ ਹੈ। ਜਦ ਕਿ ਗਰੀਬ ਸੰਗਠਨਾਂ ਨੂੰ ਉਤਪਾਦਨ ਲਾਗਤਾਂ ਅਤੇ ਹੰਗਾਮੀ ਖਰਚੇ ਪੂਰੇ ਕਰਨ ਲਈ ਮੁਢਲੀਆਂ ਬਚਤ ਸੇਵਾਵਾਂ ਅਤੇ ਛੋਟੇ ਕਰਜ਼ੇ ਦੀ ਜ਼ਰੂਰਤ ਹੁੰਦੀ ਹੈ, ਕਿਸਾਨਾਂ ਅਤੇ ਕਿਸਾਨ ਸੰਗਠਨਾਂ ਨੂੰ ਉਤਪਾਦਨ, ਨਿਵੇਸ਼, ਪ੍ਰਾਸੈਸਿੰਗ, ਬਜ਼ਾਰੀਕਰਨ ਅਤੇ ਉਤਪਾਦਾਂ ਦੇ ਜ਼ੋਖ਼ਮ ਘੱਟ ਕਰਨ ਲਈ ਵੱਡੀਆਂ ਰਕਮਾਂ ਦੀ ਜ਼ਰੂਰਤ ਹੁੰਦੀ ਹੈ, ਮਿਸਾਲ ਦੇ ਤੌਰ ਤੇ ਜਾਨੀ ਜਾਂ ਮਾਲੀ ਨੁਕਸਾਨ ਲਈ ਬੀਮਾ।

ਨਵਾਂ ਦਿਹਾਤੀ ਵਿੱਤ ਨਮੂਨਾ ਇਸ ਪ੍ਰਤਿਗਿਆ ਉਤੇ ਅਧਾਰਤ ਹੋਣਾ ਚਾਹੀਦਾ ਹੈ ਕਿ 'ਪੇਂਡੂ ਲੋਕਾਂ ਨੂੰ ਬੈਂਕ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ' ਅਤੇ ਪੇਂਡੂ ਗਾਹਕਾਂ ਵਿੱਚ ਸਿਰਫ ਕਿਸਾਨ ਅਤੇ ਅਨਪੜ੍ਹ ਲੋਕ ਹੀ ਸ਼ਾਮਲ ਨਹੀਂ ਹੁੰਦੇ ਸਗੋਂ ਇਸ ਵਿੱਚ ਉਹ ਪੀੜ੍ਹੀ ਵੀ ਸ਼ਾਮਲ ਹੈ ਜੋ ਤਕਨਾਲੋਜੀ ਦੀ ਵਰਤੋਂ ਕਰਦੀ ਹੈ। ਇਸ ਲਈ ਇਕ ਸਮਾਵੇਸ਼ੀ ਵਿੱਤੀ ਖੇਤਰ, ਜਿਸ ਵਿੱਚ ਵਿਭਿੰਨ ਪੇਂਡੂ ਗਾਹਕਾਂ ਨੂੰ ਸੇਵਾ ਪ੍ਰਦਾਨ ਕਰਨ ਵਾਲੇ ਸਥਿਰ ਸੰਸਥਾਨ ਸ਼ਾਮਲ ਹਨ, ਰਾਹੀਂ ਮੰਗ ਮੁਖੀ ਅਤੇ ਬਹੁ ਪ੍ਰਕਾਰੀ ਵਿੱਤੀ ਉਤਪਾਦ ਅਤੇ ਸੇਵਾਵਾਂ ਸਮੇਂ ਦੀ ਲੋੜ ਹਨ।

**ਚਿੱਤਰ-2 : ਭਾਰਤ ਵਿੱਚ ਬੀ ਸੀ ਦੇ ਮਾਰਗ ਵਿੱਚ ਰੁਕਾਵਟਾਂ**





ਇਸ ਪ੍ਰਕਾਰ, ਇਕ ਸਮਾਵੇਸ਼ੀ ਪਰ ਸਥਿਰ ਪੇਂਡੂ ਵਿੱਤੀ ਪ੍ਰਣਾਲੀ ਵਿਕਸਤ ਕਰਨਾ ਬਹੁਤ ਹੀ ਚੁਨੌਤੀਪੂਰਨ ਕੰਮ ਹੈ। ਇਸ ਵਿੱਚ ਬਹੁਤ ਸਾਰੇ ਪੂਰਕ ਮੁੱਦਿਆਂ ਨੂੰ ਸਮਝਣ ਦੀ ਵਿਆਪਕ ਲੋੜ ਹੈ, ਜਿਨ੍ਹਾਂ ਨੂੰ 7 ਮੁੱਖ ਵਰਗਾਂ ਵਿੱਚ ਰੱਖਿਆ ਜਾ ਸਕਦਾ ਹੈ :

● ***ਉਤਪਾਦ ਰਣਨੀਤੀ :*** ਛੋਟੇ ਲੈਣ-ਦੇਣ ਵਾਲੀਆਂ ਲੋੜਾਂ ਦੀ ਪੂਰਤੀ ਲਈ ਕੀ ਭਿੰਨਤਾ ਵਾਲੇ ਉਤਪਾਦਾਂ ਅਤੇ ਸੇਵਾਵਾਂ ਦਾ ਇਕ ਸਮੂਹ ਵਿਕਸਤ ਕੀਤਾ ਜਾ ਸਕਦਾ ਹੈ ਜਿਸ ਲਈ ਉਤਪਾਦਾਂ ਦੀ ਲਚਕਤਾ, ਨਿਰੰਤਰ ਉਪਲਬਧਤਾ ਅਤੇ ਸੌਖ ਨਾਲ ਕੋਈ ਸਮਝੌਤਾ ਨਾਂ ਕੀਤਾ ਜਾਵੇ? ਕਿਹੜੇ ਵਿੱਤੀ ਉਤਪਾਦਾਂ ਦਾ ਗਰੀਬੀ ਘੱਟ ਕਰਨ ਅਤੇ ਪਛੜੇ ਪੇਂਡੂ ਖੇਤਰਾਂ ਵਿੱਚ ਵਿਕਾਸ ਨੂੰ ਤੇਜ਼ ਕਰਨ ਉਤੇ ਅਸਰ ਪੈਂਦਾ ਹੈ?

● ***ਪ੍ਰਕਿਰਿਆਵਾਂ :*** ਕਿਹੜੀਆਂ ਵਪਾਰਕ ਪ੍ਰਕਿਰਿਆਵਾਂ ਬੈਂਕਾਂ ਨੂੰ ਪਛੜੇ ਅਤੇ ਹਾਸ਼ੀਏ ਉਤੇ ਰਹਿ ਰਹੇ ਵਰਗਾਂ ਤੱਕ ਪਹੁੰਚ ਕਰਨ ਅਤੇ ਘਰਾਂ ਤੱਕ ਗਾਹਕਾਂ ਨੂੰ ਨਿਰਵਿਘਨ ਸੇਵਾਵਾਂ ਦੇਣ ਵਿੱਚ ਮਦਦ ਕਰ ਸਕਦੀਆਂ ਹਨ, ਜਿਨ੍ਹਾਂ ਨਾਲ ਵਿੱਤੀ ਵਿਹਾਰਕਤਾ ਨੂੰ ਕੋਈ ਖ਼ਤਰਾ ਨਾ ਪਹੁੰਚੇ? ਅਸੀ ਏਜੰਟ ਵਲੋਂ ਚਲਾਈਆਂ ਜਾ ਰਹੀਆਂ ਬੈਂਕ ਸ਼ਾਖਾਵਾਂ ਦੇ ਰਾਹ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਕਰਨ ਲਈ ਕਿਵੇਂ ਇਕ ਕੁਸ਼ਲ ਕੇਂਦਰ ਅਤੇ ਮਾਡਲ ਤਿਆਰ ਕਰੀਏ?

● ***ਸਾਂਝੇਦਾਰੀਆਂ :*** ਬੈਂਕਾਂ ਤੋਂ ਸੱਖਣੇ ਜਾਂ ਘੱਟ ਬੈਂਕਿੰਗ ਸੇਵਾਵਾਂ ਵਾਲੇ ਲੋਕਾਂ ਨੂੰ ਵੱਖ-ਵੱਖ ਕਿਸਮ ਦੇ ਸੇਵਾ ਪ੍ਰਦਾਤਿਆਂ ਤੋਂ ਵਿੱਤੀ ਸੇਵਾਵਾਂ ਹਾਸਲ ਕਰਨ ਲਈ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਕੀ ਬੈਂਕ-ਗ਼ੈਰ ਬੈਂਕ ਸਾਂਝੇਦਾਰੀਆਂ, ਜਿਵੇਂ ਕਿ ਕਾਰੋਬਾਰੀ ਸੇਵਾਦਾਤਾ, ਸਵੈ-ਸਹਾਇਤਾ ਸਮੂਹ, ਐੱਮ ਐੱਫ ਆਈਜ਼ ਆਦਿ ਵਿੱਤੀ ਸੇਵਾਵਾਂ ਤੱਕ ਪਹੁੰਚ ਅਤੇ ਉਪਲਬਧਤਾ ਸੌਖੀ ਕਰਨ ਲਈ ਕੁਸ਼ਲਤਾ ਨਾਲ ਕੰਮ ਕਰ ਰਹੇ ਹਨ?

● ***ਸੁਰੱਖਿਆ :*** ਪੇਂਡੂ ਵਿੱਤ ਪ੍ਰਦਾਨ ਕਰਨ ਅਤੇ ਹਾਸਲ ਕਰਨ ਵਾਲਿਆਂ ਦੀ ਸੁਰੱਖਿਆ ਲਈ ਕਿਹੜੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਉਨ੍ਹਾਂ ਨੂੰ ਅਜਿਹੀਆਂ ਸੇਵਾਵਾਂ ਦੇ ਲਾਹਾ ਲੈਣ ਅਤੇ ਦੁਰਵਰਤੋਂ ਤੋਂ ਸੁਰੱਖਿਅਤ ਕੀਤਾ ਜਾ ਸਕੇ? ਕੀ ਇਸ ਖੇਤਰ ਵਿੱਚ ਵੱਡੇ ਜੋਖ਼ਮ ਨੂੰ ਵੇਖਦਿਆਂ ਉਧਾਰ ਲੈਣ ਵਾਲਿਆਂ ਲਈ ਜੋਖ਼ਮ ਘੱਟ ਕਰਨ ਦੇ ਕਦਮ ਮੌਜੂਦ ਹਨ? ਕੀ ਕਰਜ਼ਾ ਦੇਣ ਵਾਲੇ ਕਰਜ਼ਾ ਸੱਭਿਆਚਾਰ ਵਿੱਚ ਉਤਾਰ-ਚੜ੍ਹਾਅ ਅਤੇ ਪ੍ਰਵਾਹ ਤੋਂ ਸੁਰੱਖਿਅਤ ਹਨ?

● ***ਮੁਨਾਫਾ :*** ਕੀ ਕਾਰੋਬਾਰੀ ਰਣਨੀਤੀਆਂ ਅਤੇ ਡਲਿਵਰੀ ਗਾਹਕ ਪੇਂਡੂ ਗਾਹਕਾਂ ਨੂੰ ਸਸਤੀਆਂ ਅਤੇ ਸਵੀਕਾਰ ਕਰਨ ਯੋਗ ਸੇਵਾਵਾਂ ਦੇਣ ਲਈ ਤਿਆਰ ਹਨ ਅਤੇ ਕੀ ਉਨ੍ਹਾਂ ਵਲੋਂ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਵਿੱਤੀ ਸੇਵਾਵਾਂ ਦੇਣ ਵਾਲੇ ਨਿਯਮਤ ਅਧਾਰ ਉਤੇ ਮੁਨਾਫੇ ਨਾਲ ਕੰਮ ਕਰਨ? ਢੁੱਕਵੇਂ ਕੀਮਤ ਮਾਡਲ ਰਾਹੀ ਅਦਾਇਗੀ ਕਰਨ ਲਈ ਅਸੀ ਗਾਹਕ ਦੀ ਇੱਛਾ ਨੂੰ ਕਿਵੇਂ ਪਛਾਣੀਏ?


● ***ਉਤਪਾਦਕਤਾ :*** ਅਸੀ ਪੇਂਡੂ ਖੇਤਰਾਂ ਵਿੱਚ ਦਿੱਤੀਆਂ ਜਾ ਰਹੀਆਂ ਵਿੱਤੀ ਸੇਵਾਵਾਂ ਦੀ ਉਤਪਾਦਕਤਾ ਵਿੱਚ ਕਿਵੇਂ ਵਾਧਾ ਕਰੀਏ? ਦੂਜੇ ਸਰੋਤਾਂ ਦਾ ਵਿੱਤ ਨਾਲ ਤਾਲਮੇਲ ਬਿਠਾਉਣ ਲਈ ਕਿਹੜੀਆਂ ਰਣਨੀਤੀਆਂ ਦੀ ਲੋੜ ਹੈ? ਮਿਸਾਲ ਦੇ ਤੌਰ ਤੇ ('ਕ੍ਰੈਡਿਟ ਪਲਸ' ਪਹੁੰਚ) ਤਾਂ ਜੋ ਵਿੱਤੀ ਸੇਵਾਵਾਂ ਦੀ ਵੱਧ ਉਤਪਾਦਕਤਾ ਅਤੇ ਵਰਤੋਂ ਯਕੀਨੀ ਬਣਾਈ ਜਾ ਸਕੇ?

● ***ਲੋਕ :*** ਕੀ ਪੇਂਡੂ ਸ਼ਾਖਾਵਾਂ ਦਾ ਅਮਲਾ ਜਾਣਕਾਰੀ, ਹੁਨਰ ਅਤੇ ਵਿਵਹਾਰ ਦੇ ਮਾਮਲੇ ਵਿੱਚ ਵਿੱਤੀ ਸਮਾਵੇਸ਼ ਦੀ ਪ੍ਰਕਿਰਿਆ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਿੱਖਿਅਤ ਹੈ? ਕੀ ਇਨ੍ਹਾਂ ਲੋਕਾਂ ਕੋਲ ਸੰਭਾਵਿਤ ਗਾਹਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸਮੇਂ ਸਿਰ ਸਲਾਹ ਦੇਣ ਅਤੇ ਬਹੁ-ਪ੍ਰਕਾਰੀ ਬੈਂਕਿੰਗ ਸੇਵਾਵਾਂ ਦੇਣ ਦੀ ਸਮਰੱਥਾ ਅਤੇ ਪ੍ਰਤੀਬਧਤਾ ਹੈ?

**ਜਿਵੇਂ ਕਿ ਨੈਲਸਨ ਮੰਡੇਲਾ ਨੇ ਆਖਿਆ ਸੀ, "ਸਾਡੀ ਤਰੱਕੀ ਦੀ ਕਸੌਟੀ ਇਹ ਨਹੀਂ ਕਿ ਅਸੀਂ ਬਹੁਤਾ ਰੱਖਣ ਵਾਲਿਆਂ ਵਿੱਚ ਹੋਰ ਕਿੰਨਾ ਵਾਧਾ ਕੀਤਾ ਹੈ, ਸਗੋਂ ਇਸ ਵਿੱਚ ਹੈ ਕਿ ਕੀ ਕਮੀ ਵਾਲਿਆਂ ਨੂੰ ਅਸੀਂ ਢੁੱਕਵਾਂ ਪ੍ਰਦਾਨ ਕੀਤਾ ਹੈ।" ਇਸ ਲਈ ਆਓ ਹੁਣ ਸਰਕਾਰ ਵਲੋਂ ਕੀਤੀਆਂ ਪਹਿਲ-ਕਦਮੀਆਂ ਦੇ ਮੱਦੇਨਜ਼ਰ ਇਸ ਇਮਤਿਹਾਨ ਵਿੱਚੋਂ ਗੁਜ਼ਰੀਏ ਜਿਸ ਦਾ ਮਕਸਦ ਪੇਂਡੂ ਬੈਂਕਿੰਗ ਦੀਆਂ ਚੁਨੌਤੀਆਂ ਨੂੰ ਹੱਲ ਕਰਨਾ ਹੈ।**

ਭਾਰਤ ਵਿੱਚ ਵਿੱਤੀ ਸਮਾਵੇਸ਼ ਵੱਲ ਪਹਿਲੀ ਢਾਂਚਾਗਤ ਕੋਸ਼ਿਸ਼ 2005 ਵਿੱਚ ਕੀਤੀ ਗਈ ਜਦੋਂ ਇੰਡੀਅਨ ਬੈਂਕ ਦੇ ਚੇਅਰਮੈਨ ਕੇ.ਸੀ. ਚੱਕਰਬਰਤੀ ਵਲੋਂ ਇਸ ਦੀ ਸ਼ੁਰੂਆਤ ਕੀਤੀ ਗਈ। ਮੰਗਲਮ ਪਿੰਡ ਭਾਰਤ ਦਾ ਪਹਿਲਾ ਪਿੰਡ

ਬਣ ਗਿਆ ਜਿਥੇ ਸਾਰੇ ਪਰਿਵਾਰਾਂ ਨੂੰ ਬੈਂਕਿੰਗ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਰਿਜ਼ਰਵ ਬੈਂਕ ਵੱਖ-ਵੱਖ ਰਣਨੀਤੀਆਂ ਦੇ ਸੁਮੇਲ ਰਾਹੀਂ, ਮਿਸ਼ਨ ਮੋਡ ਵਿੱਚ, ਵਿੱਤੀ ਸਮਾਵੇਸ਼ ਦੀਆਂ ਪਹਿਲਕਦਮੀਆਂ ਕਰ ਰਿਹਾ ਹੈ, ਜਿਨ੍ਹਾਂ ਵਿੱਚ ਨਵੇਂ ਉਤਪਾਦ ਪ੍ਰਦਾਨ ਕਰਨਾ, ਨਿਯਮਕ ਦਿਸ਼ਾ-ਨਿਰਦੇਸ਼ਾਂ ਵਿੱਚ ਛੋਟ ਦੇਣਾ ਅਤੇ ਦੂਜੇ ਸਹਾਇਕ ਕਦਮ ਸ਼ਾਮਲ ਹਨ ਤਾਂ ਕਿ ਸਥਿਰ ਅਤੇ ਵਾਧੇ ਵਾਲਾ ਵਿੱਤੀ ਸਮਾਵੇਸ਼ ਹਾਸਲ ਕੀਤਾ ਜਾ ਸਕੇ। ਇਨ੍ਹਾਂ ਕਦਮਾਂ ਵਿੱਚ ਸ਼ਾਮਲ ਹਨ : ਜ਼ੀਰੋ ਬੈਲੈਂਸ ਵਾਲੇ ਖਾਤੇ ਖੋਲ੍ਹਣਾ ਅਤੇ ਛੋਟੇ ਜਮ੍ਹਾਂ ਅਤੇ ਨਿਕਾਸੀ ਰਾਸ਼ੀਆਂ ਲਈ ਜਨਰਲ ਕ੍ਰੈਡਿਟ ਕਾਰਡਜ਼ (ਜੀ ਸੀ ਸੀਜ਼) ਦੇਣੇ, ਉਨ੍ਹਾਂ ਲੋਕਾਂ ਲਈ ਖਾਤਾ ਖੋਲ੍ਹਣ ਵਾਸਤੇ ਨਿਯਮਾਂ ਵਿੱਚ ਛੋਟ ਦਿੱਤੀ ਗਈ ਜਿਨ੍ਹਾਂ ਦੀ ਸਾਲਾਨਾ ਜਮ੍ਹਾਂ ਰਕਮ 50,000 ਰੁਪਏ ਤੋਂ ਘੱਟ ਹੈ। ਗਰੀਬਾਂ ਅਤੇ ਪਛੜੇ ਤਬਕਿਆਂ ਨੂੰ ਜੀ ਸੀ ਸੀਜ਼ ਜ਼ਾਰੀ ਕੀਤੇ ਗਏ ਜਿਸ ਦਾ ਮਕਸਦ ਉਨ੍ਹਾਂ ਦੀ ਪੈਸੇ ਤੱਕ ਪਹੁੰਚ ਸਥਾਪਤ ਕਰਨਾ ਸੀ। ਕਿਸਾਨਾਂ ਨੂੰ ਨਿਰਵਿਘਨ ਅਤੇ ਸਮੇਂ ਸਿਰ ਕਰਜ਼ਾ ਦੇਣ ਲਈ ਸਤੰਬਰ 2016 ਨੂੰ 50 ਮਿਲੀਅਨ ਤੋਂ ਵੱਧ ਕਿਸਾਨ ਕ੍ਰੈਡਿਟ ਕਾਰਡ ਬੈਂਕਿੰਗ ਪ੍ਰਣਾਲੀ ਵਲੋਂ ਜਾਰੀ ਕੀਤੇ ਗਏ। ਜਨਵਰੀ 2006 ਵਿੱਚ ਰਿਜ਼ਰਵ ਬੈਂਕ ਵਲੋਂ ਵਪਾਰਕ ਬੈਂਕਾਂ ਨੂੰ ਗ਼ੈਰ-ਸਰਕਾਰੀ ਸੰਗਠਨਾਂ (ਐੱਨ ਜੀ ਓਜ਼/ਐੱਸ ਐੱਚ ਜੀਜ਼), ਮਾਈਕ੍ਰੋ ਫਾਇਨਾਂਸ ਸੰਸਥਾਵਾਂ ਅਤੇ ਸਿਵਲ ਸੋਸਾਇਟੀ ਦੇ ਹੋਰ ਸੰਗਠਨਾਂ ਦੀ ਵਿਚੋਲਿਆਂ ਵਜੋਂ ਇਸਤੇਮਾਲ ਕਰਨ ਦੀ ਆਗਿਆ ਦਿੱਤੀ ਗਈ ਤਾਂ ਕਿ ਵਿੱਤੀ ਅਤੇ ਬੈਂਕਿੰਗ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਇਹ ਵਿਚੋਲੇ ਵਪਾਰਕ ਬੈਂਕਾਂ ਦੀ ਵਰਤੋਂ ਕਾਰੋਬਾਰੀ ਸਹਾਇਕ ਜਾਂ ਕਾਰੋਬਾਰੀ ਸੰਵਾਦਦਾਤਾ ਦਾ ਕੰਮ ਕਰਦੇ ਹਨ। ਰਿਜ਼ਰਵ ਬੈਂਕ ਵਲੋਂ ਵੱਖ-ਵੱਖ ਖੇਤਰਾਂ ਦੀਆਂ ਵਪਾਰਕ ਬੈਂਕਾਂ ਨੂੰ 100 ਪ੍ਰਤਿਸ਼ਤ ਵਿੱਤੀ ਸਮਾਵੇਸ਼ ਮੁਹਿੰਮ ਸ਼ੁਰੂ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਜਿਸ ਦੇ ਸਿੱਟੇ ਵਜੋਂ ਪੁੱਡੂਚੇਰੀ ਵਰਗੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਹਿਮਾਚਲ ਪ੍ਰਦੇਸ਼, ਕੇਰਲ ਵਰਗੇ ਰਾਜਾਂ ਵਲੋਂ ਸਾਰੇ ਜ਼ਿਲ੍ਹਿਆਂ ਵਿੱਚ 100 ਪ੍ਰਤਿਸ਼ਤ ਵਿੱਤੀ ਸਮਾਵੇਸ਼ ਦਾ ਐਲਾਨ ਕੀਤਾ ਗਿਆ। 2020 ਲਈ ਰਿਜ਼ਰਵ ਬੈਂਕ ਦਾ ਟੀਚਾ 600 ਮਿਲੀਅਨ ਨਵੇਂ ਗਾਹਕਾਂ ਦੇ ਖਾਤੇ ਖੋਲ੍ਹਣਾ ਹੈ ਤੇ ਸੂਚਨਾ ਤਕਨੀਕ ਦਾ ਇਸਤੇਮਾਲ ਕਰਕੇ, ਵੱਖ-ਵੱਖ ਚੈਨਲਾਂ ਰਾਹੀਂ ਉਨ੍ਹਾਂ ਨੂੰ



ਸੇਵਾਵਾਂ ਪ੍ਰਦਾਨ ਕਰਨਾ ਹੈ। ਪਰ, ਅਨਪੜ੍ਹਤਾ ਅਤੇ ਘੱਟ ਆਮਦਨ, ਬਚਤ ਅਤੇ ਪੇਂਡੂ ਖੇਤਰਾਂ ਵਿੱਚ ਬੈਂਕ ਸ਼ਾਖਾਵਾਂ ਦੀ ਕਮੀ ਬਹੁਤ ਸਾਰੇ ਰਾਜਾਂ ਵਿੱਚ ਵਿੱਤੀ ਸਮਾਵੇਸ਼ ਦੇ ਰਾਹ ਵਿੱਚ ਰੁਕਾਵਟ ਬਣੇ ਹੋਏ ਹਨ। ਕਾਨੂੰਨੀ ਅਤੇ ਵਿੱਤੀ ਢਾਂਚੇ ਦੀ ਵੀ ਕਮੀ ਹੈ।

ਆਓ ਇਕ-ਇਕ ਕਰਕੇ ਇਨ੍ਹਾਂ ਮੁੱਦਿਆਂ ਦੇ ਹੱਲ ਦਾ ਯਤਨ ਕਰੀਏ :

1. ਗਰੀਬ ਪਿੰਡ ਵਾਸੀਆਂ ਤੱਕ ਪਹੁੰਚਣ ਲਈ ਬੀ ਸੀ ਮਾਡਲ ਦੇ ਪ੍ਰਭਾਵੀ ਕੰਮ ਕਰਨ ਲਈ ਹੇਠ ਲਿਖਿਆਂ ਨੂੰ ਕੀਤੇ ਜਾਣ ਦੀ ਲੋੜ ਹੈ :

- ਬੈਂਕਿੰਗ ਚੈਨਲ ਨੂੰ ਜ਼ਿਆਦਾ ਆਮਦਨ ਨਹੀਂ ਹੋ ਰਹੀ ਕਿਉਂਕਿ ਉਨ੍ਹਾਂ ਵਲੋਂ ਘੱਟ ਆਮਦਨ ਵਾਲੇ ਗਾਹਕਾਂ ਨੂੰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੇ ਲੈਣ-ਦੇਣ ਦੀ ਰਕਮ ਘੱਟ ਹੁੰਦੀ ਹੈ। ਬੈਂਕਿੰਗ ਚੈਨਲਾਂ ਦੀ ਵੱਧ ਤੋਂ ਵੱਧ ਵਰਤੋਂ ਲਈ ਉਨ੍ਹਾਂ ਨੂੰ ਬੈਂਕ ਵਲੋਂ ਢੁੱਕਵਾਂ ਮੁਆਵਜ਼ਾ ਦੇਣਾ ਹੋਵੇਗਾ ਤਾਂ ਜੋ ਪਿੰਡ ਵਾਲਿਆਂ ਨੂੰ ਉਨ੍ਹਾਂ ਦੇ ਦਰਾਂ ਉੱਤੇ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਬੈਂਕਿੰਗ ਚੈਨਲਾਂ ਨੂੰ ਲੋੜੀਂਦਾ ਪ੍ਰੋਤਸਾਹਨ ਮਿਲ ਸਕੇ।

- ਬੈਂਕਿੰਗ ਚੈਨਲਾਂ ਦੇ ਕੰਮ ਦੀ ਪ੍ਰਭਾਵੀ ਨਿਗਰਾਨੀ, ਨਗਦ ਪ੍ਰਬੰਧਨ ਮੁੱਦਿਆਂ ਦੇ ਹੱਲ ਅਤੇ ਗਾਹਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਬੈਂਕਾਂ ਨੂੰ ਵਾਜਬ ਫਾਸਲੇ ਉਤੇ ਛੋਟੀਆਂ ਰਵਾਇਤੀ ਸ਼ਾਖਾਵਾਂ ਖੋਲ੍ਹਣੀਆਂ ਚਾਹੀਦੀਆਂ ਹਨ।

- ਬੈਂਕਾਂ ਨੂੰ ਬੈਂਕਿੰਗ ਚੈਨਲਾਂ ਦੇ ਪ੍ਰਭਾਵੀ ਸੰਚਾਲਨ ਲਈ ਢੁੱਕਵੇਂ ਸਿਖਲਾਈ ਅਤੇ ਹੁਨਰ ਵਿਕਾਸ ਪ੍ਰੋਗਰਾਮ ਸ਼ੁਰੂ ਕਰਨ ਦੀ ਲੋੜ ਹੈ।

2. ਗਰੀਬ ਪੇਂਡੂਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਾਜਬ ਕੀਮਤਾਂ ਉਤੇ ਢੁੱਕਵੇਂ ਤੇ ਨਵੇਂ ਉਤਪਾਦ ਡਿਜ਼ਾਈਨ ਕਰਨਾ ਬਹੁਤ ਜ਼ਰੂਰੀ ਹੈ।

- ਪਿੰਡਾਂ ਵਾਲਿਆਂ ਨੂੰ ਸ਼ਾਹੂਕਾਰਾਂ ਕੋਲੋਂ ਪੈਸੇ ਉਧਾਰ ਲੈਣ ਤੋਂ ਵਰਜਣ ਲਈ ਬੈਂਕਾਂ ਨੂੰ ਕਰਜ਼ਾ ਵੰਡਣ ਦੀਆਂ ਸਰਲ ਪ੍ਰਕਿਰਿਆਵਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਚਲੀਲਾਪਨ ਵੀ ਹੋਵੇ।

- ਆਈ ਸੀ ਟੀ ਸਹਾਇਕ ਵਾਤਾਵਰਨ ਵਿੱਚ ਸੰਚਾਲਿਤ ਸਮਾਵੇਸ਼ ਦਾ ਅੰਤਮ ਟੀਚਾ ਹਾਸਲ ਕਰਨ ਲਈ ਤਕਨਾਲੋਜੀ ਦੀ ਅਹਿਮ ਭੂਮਿਕਾ ਹੈ।


- ਦਿਹਾਤੀ ਅਤੇ ਬੈਂਕਾਂ ਤੋਂ ਸੱਖਣੇ ਖੇਤਰਾਂ



ਵਿੱਚ ਪਿੰਡਾਂ ਵਾਲਿਆਂ ਦੀ ਸੇਵਾ ਲਈ ਬੈਂਕਾਂ ਨੂੰ ਏ ਟੀ ਐੱਮ ਦਾ ਜਾਲ ਵਿਛਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਢੁੱਕਵੇਂ ਸੁਰੱਖਿਆ ਉਪਾਅ ਅਤੇ ਵਿੱਤੀ ਸਾਖਰਤਾ ਮੁਹਿੰਮ ਚਲਾਉਣ ਦੀ ਵੀ ਲੋੜ ਹੈ।

ਕੁੱਲ ਲੈਣ ਲਾਗਤਾਂ ਵਿੱਚ ਕਮੀ ਕਰਨ ਲਈ ਜੋ ਪਿੰਡਾਂ ਵਿੱਚ ਛੋਟੇ-ਛੋਟੇ ਦੇਣ ਨਾਲ ਜੁੜੀਆਂ ਹੁੰਦੀਆਂ ਹਨ ਰੁਪਏ ਕਾਰਡ ਦੀ ਵਰਤੋਂ ਵਿੱਚ ਵਾਧਾ ਕਰਨਾ ਚਾਹੀਦਾ ਹੈ।

- ਭਾਵੇਂ ਐੱਨ ਏ ਬੀ ਏ ਆਰ ਡੀ, ਜੋ ਦੇਸ਼ ਦਾ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਦਾ ਸਿਖਰਲਾ ਬੈਂਕ ਹੈ, ਵਲੋਂ ਕੇ ਸੀ ਜੀਜ਼ ਨੂੰ ਇਲੈਕਟ੍ਰਾਨਿਕ ਕਾਰਡਾਂ ਅਤੇ ਰੁਪੈ ਕੇ ਸੀ ਸੀਜ਼ ਵਿੱਚ ਤਬਦੀਲ ਕਰਨ ਲਈ ਕਈ ਕਦਮ ਸ਼ੁਰੂ ਕੀਤੇ ਗਏ ਹਨ, ਪਰ ਬੈਂਕਾਂ ਨੂੰ ਬਹੁ-ਮੰਤਵੀ ਕਾਰਡ ਜਾਰੀ ਕਰਨ ਦੀ ਸੰਭਾਵਨਾ ਤਲਾਸ਼ ਕਰਨੀ ਚਾਹੀਦੀ ਹੈ ਜੋ ਪੇਂਡੂ ਖੇਤਰਾਂ ਦੀ ਲੋੜ ਮੁਤਾਬਕ ਡੈਬਿਟ ਕਾਰਡ, ਕੇ ਸੀ ਸੀ ਅਤੇ ਜੀ ਸੀ ਸੀ ਵਜੋਂ ਕੰਮ ਕਰ ਸਕਣ।
- ਮਾਰਚ 2017 ਤੱਕ ਦਿਹਾਤੀ ਭਾਰਤ ਵਿੱਚ 506 ਮਿਲੀਅਨ ਮੋਬਾਈਲ ਗਾਹਕ ਹਨ। ਕੋਡ ਵਾਲੀ ਐੱਸ ਐੱਮ ਐੱਸ ਰਾਹੀਂ ਫੰਡ ਤਬਦੀਲ ਕਰਨ ਦੇ ਵਿਕਲਪ ਉਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਇਸ ਦੇ ਲਈ ਇਕ ਐਪਲੀਕੇਸ਼ਨ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੋ ਕਿਸੇ ਵੀ ਪ੍ਰਕਾਰ ਦੇ ਫੋਨ ਹੈਂਡ ਸੈੱਟ ਉਤੇ ਕੰਮ ਕਰੇਗੀ।
- ਨਾਬਾਰਡ ਦੇ ਹਾਲੀਆ ਗਸ਼ਤੀ ਪੱਤਰ ਦੇ ਪ੍ਰਾਵਧਾਨਾਂ ਮੁਤਾਬਕ ਬੈਂਕਾਂ ਵਲੋਂ ਪੀ ਏ ਸੀਜ਼ ਦੀ ਕਾਰੋਬਾਰੀ ਸੰਵਾਦਦਾਤਾ ਵਜੋਂ ਵਰਤੋਂ ਕੀਤੀ ਜਾ ਸਕਦੀ ਹੈ ਜੋ ਸਹਿਕਾਰੀ ਸੰਸਥਾਵਾਂ ਦਾ ਸਭ ਤੋਂ ਵੱਡਾ ਦਿਹਾਤੀ ਨੈੱਟਵਰਕ ਹਨ।
- ਕਿਉਂਕਿ ਪ੍ਰਵਾਸੀ ਜਨਸੰਖਿਆ ਲਈ ਪੈਸੇ ਭੇਜਣ ਦੀ ਸਹੂਲਤ ਅਤਿ ਮਹੱਤਵਪੂਰਨ ਹੈ, ਇਸ ਲਈ ਪ੍ਰਵਾਸੀ ਵਿਅਕਤੀਆਂ ਨੂੰ ਸੌਖੇ ਅਤੇ ਸਸਤੇ ਤਰੀਕੇ ਨਾਲ ਪੈਸੇ ਭੇਜਣ ਦੀਆਂ ਸਹੂਲਤਾਂ ਦੇਣਾ ਬਹੁਤ ਜ਼ਰੂਰੀ ਹੈ।
- ਗਰੀਬ ਦਿਹਾਤੀਆਂ ਨਾਲ ਕੰਮ ਕਰਨ ਲਈ ਬੈਂਕਾਂ ਨੂੰ ਆਪਣੇ ਅਮਲੇ ਵਾਸਤੇ ਅਤੇ ਬੈਂਕਿੰਗ ਚੈਨਲਾਂ ਲਈ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ।
- ਅਰਥਪੂਰਨ ਵਿੱਤੀ ਸਮਾਵੇਸ਼ ਹਾਸਲ ਕਰਨ ਲਈ, ਕਰਜ਼ੇ ਦੀ ਮਨਜ਼ੂਰੀ ਦੇਣ ਸਮੇਂ ਬੈਂਕਾਂ ਵਲੋਂ ਵੱਡੇ ਕਿਸਨਾਂ ਦੀ ਬਜਾਇ ਛੋਟੇ ਕਿਸਾਨਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ।
- ਬੈਂਕਾਂ ਨੂੰ ਆਪਣੇ ਸੀ ਬੀ ਐੱਸ ਮੰਚਾਂ ਵਿੱਚ ਵਾਧਾ ਯਕੀਨੀ ਬਣਾਉਣਾ ਚਾਹੀਦਾ ਹੈ।
- ਦਿਹਾਤੀ ਖੇਤਰਾਂ ਵਿੱਚ ਬੈਂਕਿੰਗ ਨੂੰ ਹੁਲਾਰਾ ਦੇਣ ਲਈ ਇਲੈਕਟ੍ਰਾਨਿਕ ਬੈਨੇਫਿਟ ਟ੍ਰਾਂਸਫਰ ਸਿਸਟਮ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।
- ਸਰਕਾਰ/ਬੈਂਕਾਂ ਨੂੰ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਅਤੇ ਦੂਜੇ ਮੌਕਿਆਂ ਨੂੰ ਉਤਸ਼ਾਹਿਤ ਕਰਕੇ ਕ੍ਰੈਡਿਟ ਅਬਜ਼ਰਬਪਸ਼ਨ ਸਮਰੱਥਾ ਵਿੱਚ ਵਾਧਾ ਕਰਨ ਲਈ ਕਦਮ ਚੁੱਕਣੇ ਚਾਹੀਦੇ ਹੈ।
- ਹਾਲੀਆ ਅੰਕੜੇ ਦਰਸਾਉਂਦੇ ਹਨ ਕਿ ਮਾਰਚ 2010 ਦੇ 33,378 ਦੇ ਮੁਕਾਬਲੇ ਮਾਰਚ 2016 ਵਿੱਚ ਪੇਂਡੂ ਖੇਤਰਾਂ ਅੰਦਰ ਬੈਂਕ ਸ਼ਾਖਾਵਾਂ ਦੀ ਗਿਣਤੀ ਵਧ ਕੇ 51,830 ਹੋ ਗਈ ਹੈ ਜਦ ਕਿ ਪੇਂਡੂ ਭਾਰਤ ਵਿੱਚ ਸ਼ਾਖਾ ਰਹਿਤ ਬੈਂਕਿੰਗ ਆਊਟਲੈਟਸ ਦੀ ਸੰਖਿਆ ਮਾਰਚ 2010 ਦੇ 34,316 ਤੋਂ ਵਧ ਕੇ ਮਾਰਚ 2016 ਵਿੱਚ 534,477 ਹੋ ਗਈ ਹੈ। ਇਸ ਨਾਲ ਸ਼ਾਖਾ ਰਹਿਤ ਬੈਂਕਿੰਗ ਰਾਹੀਂ ਬੈਂਕਿੰਗ ਸੇਵਾਵਾਂ ਦਾ ਸ਼ਲਾਘਾਯੋਗ ਪਸਾਰ ਦਰਸਾਉਂਦਾ ਹੈ। ਹਾਲੇ ਵੀ, ਨਿੱਜੀ ਖੇਤਰ ਦੀਆਂ ਬੈਂਕਾਂ ਦੇ ਮਾਮਲੇ ਵਿੱਚ, ਪੇਂਡੂ ਖੇਤਰਾਂ ਵਿੱਚ ਇਨ੍ਹਾਂ ਬੈਂਕਾਂ ਦੀ ਸੰਖਿਆ ਮਾਰਚ 2017 ਤੱਕ ਕੁੱਲ ਬੈਂਕਾਂ ਦਾ ਸਿਰਫ 20 ਪ੍ਰਤਿਸ਼ਤ ਹੈ। ਸੋ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪੇਂਡੂ ਖੇਤਰਾਂ ਵਿੱਚ ਨਿੱਜੀ ਬੈਂਕਾਂ ਦੀਆਂ ਸ਼ਾਖਾਵਾਂ ਵਿੱਚ ਵਾਧਾ ਕੀਤਾ ਜਾਵੇ।
- ਰਿਪੋਰਟ ਮੁਤਾਬਕ ਭਾਰਤ ਦੇ 6 ਲੱਖ ਪਿੰਡਾਂ ਵਿੱਚੋਂ ਲਗਭਗ 18000 ਪਿੰਡਾਂ ਵਿੱਚ ਹਾਲੇ ਵੀ ਬਿਜਲੀ ਨਹੀਂ ਪੁੱਜੀ। ਇਸ ਲਈ ਸਰਕਾਰ ਨੂੰ ਢੁੱਕਵਾਂ ਬੁਨਿਆਦੀ ਢਾਂਚਾ ਜਿਵੇਂ ਭੌਤਿਕ ਅਤੇ ਡਿਜੀਟਲ ਸੰਚਾਰ, ਨਿਰਵਿਘਨ ਬਿਜਲੀ ਪੂਰਤੀ ਲਈ ਹੰਗਾਮੀ ਯਤਨ ਕਰਨੇ ਚਾਹੀਦੇ ਹਨ।
- ਸਾਰੇ ਬੈਂਕਿੰਗ ਫਾਰਮ ਮਾਤਭਾਸ਼ਾ ਵਿੱਚ ਹੋਣਾ ਬਹੁਤ ਜ਼ਰੂਰੀ ਹੈ, ਘੱਟੋ-ਘੱਟ ਪ੍ਰਮੁੱਖ ਭਾਸ਼ਾਵਾਂ ਵਿੱਚ। ਵਿੱਤੀ ਸਾਖਰਤਾ ਮੁਹਿੰਮ ਦੇ ਹਿੱਸੇ ਵਜੋਂ, ਬੈਂਕਾਂ ਨੂੰ ਲੋਕਾਂ ਵਾਸਤੇ ਅੰਗਰੇਜ਼ੀ ਦੀ ਸਮੱਸਿਆ ਉਤੇ ਕਾਬੂ ਪਾਉਣ ਲਈ, ਸਰਗਰਮ ਕਦਮ ਚੁੱਕਣੇ ਚਾਹੀਦੇ ਹਨ।
- ਭਾਰਤ ਦਾ ਡਾਕਤਾਰ ਨੈੱਟਵਰਕ ਦੁਨੀਆਂ ਭਰ ਵਿੱਚ ਸਭ ਤੋਂ ਵੱਡਾ ਹੈ। ਇਥੇ 1,54,882 ਡਾਕਘਰ ਹਨ ਜਿਨ੍ਹਾਂ ਵਿੱਚੋਂ 1,39,182 (89.86 ਪ੍ਰਤਿਸ਼ਤ) ਦਿਹਾਤੀ ਖੇਤਰਾਂ ਵਿੱਚ ਹਨ। ਇਸ ਪਿੱਠਭੂਮੀ ਵਿੱਚ, ਸਰਵਪੱਖੀ ਯਤਨ ਕੀਤੇ ਜਾਣ ਕਿ ਡਾਕਘਰ ਆਪਣੇ ਫਾਇਦਿਆਂ ਦੇ ਮੱਦੇ-ਨਜ਼ਰ ਹੋਰ ਵਧੇਰੇ ਸਰਗਰਮ ਭੂਮਿਕਾ ਨਿਭਾਉਣ। ਭਾਰਤ ਸਰਕਾਰ ਵਲੋਂ ਇੰਡੀਆ ਪੋਸਟਸ ਬੈਂਕ ਦੀ ਸ਼ੁਰੂਆਤ



ਬੇਸ਼ੱਕ ਇਸ ਦਿਸ਼ਾ ਵੱਲ ਇਕ ਸ਼ਾਨਦਾਰ ਕਦਮ ਹੈ।

• ਭਾਵੇਂ ਕਿ ਨਬਾਰਡ (ਐੱਨ ਏ ਬੀ ਏ ਆਰ ਡੀ) ਦਾ ਸਵੈ-ਸਹਾਇਤਾ ਸੰਗਠਨ ਬੈਂਕਾਂ ਨੂੰ ਜੋੜਨ ਦਾ ਪ੍ਰੋਗਰਾਮ ਦੁਨੀਆਂ ਦਾ ਸਭ ਤੋਂ ਵੱਡਾ ਮਾਈਕ੍ਰੋ ਕ੍ਰੈਡਿਟ ਪ੍ਰੋਗਰਾਮ ਬਣ ਗਿਆ ਹੈ, ਪਰ ਉਨ੍ਹਾਂ ਦੀ ਸਥਿਰਤਾ ਮਾਈਕ੍ਰੋ ਐਂਟਰਪ੍ਰਾਈਜ਼ ਸੰਬੰਧਿਤ ਮੁੱਦਿਆਂ ਤੱਕ ਪਹੁੰਚਣ ਨੂੰ ਹੱਲ ਕੀਤਾ ਜਾਣਾ ਬਾਕੀ ਹੈ।

• ਬੈਂਕਿੰਗ ਚੈਨਲ ਸੇਵਾਵਾਂ ਵਰਤਣ ਵਾਲੇ ਜ਼ਿਆਦਾਤਰ ਅਨਪੜ੍ਹ ਅਤੇ ਤਕਨਾਲੋਜੀ ਤੋਂ ਅਣਜਾਣ ਹੁੰਦੇ ਹਨ ਜਿਸ ਨਾਲ ਉਨ੍ਹਾਂ ਨੂੰ ਬੈਂਕਿੰਗ ਚੈਨਲਾਂ ਵਲੋਂ ਗਲਤ ਰਸਤੇ ਪਾਉਣ ਦਾ ਡਰ ਬਣਿਆ ਰਹਿੰਦਾ ਹੈ।

ਸਰਕਾਰ ਅਤੇ ਰਿਜ਼ਰਵ ਬੈਂਕ ਵਲੋਂ ਉਪਰੋਕਤ ਮਸਲਿਆਂ ਦੇ ਹੱਲ ਲਈ ਹਾਲ ਹੀ ਵਿੱਚ ਵੱਖ-ਵੱਖ ਕਦਮ ਚੁੱਕੇ ਗਏ ਹਨ, ਜਿਵੇਂ :

1. ਜਨ ਧਨ ਯੋਜਨਾ ਤਹਿਤ 26 ਕਰੋੜ ਖਾਤੇ ਖੋਲ੍ਹਣ ਦੀ ਅਪਾਰ ਸਫਲਤਾ।

2. ਮਾਈਕ੍ਰੋ ਕ੍ਰੈਡਿਟ ਦੇਣ ਲਈ ਮਾਈਕ੍ਰੋ ਯੂਨਿਟ ਡਿਵੈਲਪਮੈਂਟ ਰੀਫਾਈਨਾਂਸ ਏਜੰਸੀ (ਐੱਮ ਯੂ ਡੀ ਆਰ ਏ) ਦੀ ਸਥਾਪਨਾ।

3. ਸਮਾਜਿਕ ਖੇਤਰ ਦੀਆਂ ਕਈ ਸਕੀਮਾਂ ਜਿਵੇਂ ਅਟੱਲ ਪੈਨਸ਼ਨ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਜੋ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਗੀਆਂ।

4. ਬੈਂਕਿੰਗ ਸੰਵਾਦਦਾਤਾਵਾਂ ਅਤੇ ਕਾਰੋਬਾਰੀ ਸਹਾਇਕਾਂ ਦੁਆਰਾ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨਾ।

5. ਕ੍ਰੈਡਿਟ ਅਤੇ ਡੈਬਿਟ ਲੈਣ-ਦੇਣ ਉਤੇ ਪ੍ਰਸਤਾਵਿਤ ਰਿਆਇਤਾਂ।

6. ਅਧਾਰ ਨਾਲ ਚੱਲਣ ਵਾਲੇ ਏ ਟੀ ਐੱਮ ਅਤੇ ਰੁਪੈ ਕਾਰਡ ਨਕਦ ਲੈਣ-ਦੇਣ ਦੀ ਥਾਂ ਲੈਣਗੇ।

7. 11 ਪੇਮੈਂਟ ਬੈਂਕਾਂ ਅਤੇ 10 ਛੋਟੇ ਵਿੱਤੀ ਬੈਂਕਾਂ ਨੂੰ ਦਿੱਤੇ ਨਵੇਂ ਲਾਇਸੰਸਾਂ ਰਾਹੀਂ ਅੰਤਰਾਲ ਬੈਂਕਿੰਗ ਨੂੰ ਉਤਸ਼ਾਹਿਤ ਕਰਨਾ।

• ਪਰ, ਇਹ ਪਹਿਲਕਦਮੀਆਂ ਕੁੱਝ ਚੁਨੌਤੀਆਂ ਵੀ ਪੇਸ਼ ਕਰਦੀਆਂ ਹਨ : ਪ੍ਰਧਾਨ ਮੰਤਰੀ ਜਨ ਧਨ ਯੋਜਨਾ ਵਿੱਚ ਬਹੁਤ ਖਾਤਿਆਂ ਦੀ ਸਮੱਸਿਆ ਹੈ। ਇਸ ਯੋਜਨਾ ਤਹਿਤ ਖੋਲ੍ਹੇ ਗਏ ਜ਼ਿਆਦਾਤਰ ਖਾਤਿਆਂ ਵਿੱਚ ਪੈਸਾ ਨਹੀਂ ਹੈ ਅਤੇ ਖਾਲੀ ਪਏ ਹਨ ਜਿਸ ਨਾਲ ਬੈਂਕਾਂ ਵਲੋਂ ਇਨ੍ਹਾਂ ਖਾਤਿਆਂ ਨੂੰ ਚਲਦੇ ਰੱਖਣ ਦੀ ਲਾਗਤ ਵਧਦੀ ਹੈ। ਗਰੀਬ ਲੋਕ ਕਮਾਈ ਦੇ ਗੁਜ਼ਾਰੇ ਦੇ ਪੱਧਰ ਉਤੇ ਰਹਿੰਦੇ ਹਨ ਜਿਨ੍ਹਾਂ ਦੀ ਕਮਾਈ ਦਾ ਕੋਈ ਨਿਯਮਤ ਸਰੋਤ ਨਹੀਂ ਹੁੰਦਾ। ਉਨ੍ਹਾਂ ਕੋਲ ਬੈਂਕ ਖਾਤੇ ਵਿੱਚ ਰੱਖਣ ਲਈ ਵਾਧੂ ਧਨ ਨਹੀਂ ਹੁੰਦਾ ਅਤੇ ਨਾ ਹੀ ਉਹ ਕੋਈ ਦੂਜਾ ਵਿੱਤੀ ਸਾਧਨ ਵਰਤ ਸਕਦੇ ਹਨ। ਸਿੱਟੇ ਵਜੋਂ ਵਿੱਤੀ ਸਮਾਵੇਸ਼ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਹੈ।

• ਤਕਨਾਲੋਜੀ ਅਧਾਰਤ ਸੇਵਾਵਾਂ ਜਿਵੇਂ ਕਿ ਜਨ ਧਨ, ਅਧਾਰ ਅਤੇ ਮੋਬਾਈਲ (ਜੇ ਏ ਐੱਮ) ਨੂੰ ਜੋੜਨ ਦੀ ਪ੍ਰਕਿਰਿਆ ਹੌਲੀ ਚੱਲ ਰਹੀ ਹੈ।

ਪੇਮੈਂਟ ਬੈਂਕਾਂ ਨੂੰ ਵਿਸ਼ਾਲ ਦਾਇਰੇ ਦਾ ਲਾਭ ਹੋਵੇਗਾ ਪਰ ਉਨ੍ਹਾਂ ਨੂੰ ਜਟਿਲ ਵਰਤੋਂਕਾਰ ਇੰਟਰਫੇਸ, ਇੰਟਰਨੈੱਟ ਘਣਤਾ ਦੀ ਕਮੀ, ਸ਼ਿਕਾਇਤ ਨਿਵਾਰਣ ਤੰਤਰ ਦੀ ਕਮੀ ਆਦਿ ਮੁੱਦਿਆਂ ਦਾ ਸਾਹਮਣਾ ਕਰਨਾ ਪਵੇਗਾ ਜੋ ਵਰਤੋਂਕਾਰਾਂ ਨੂੰ ਨਿਰਉਤਸ਼ਾਹਿਤ ਕਰ ਸਕਦਾ ਹੈ। ਨਵੀਆਂ ਪੇਮੈਂਟ ਬੈਂਕਾਂ ਦੀ ਜ਼ਿੰਮੇਵਾਰੀ ਕਰਕੇ ਰਿਜ਼ਰਵਬੈਂਕ ਦੀ ਜਵਾਬਦੇਹੀ ਵਧ ਜਾਵੇਗੀ।

• ਡਾਇਰੈਕਟ ਬੈਨੇਫਿਟ ਟ੍ਰਾਂਸਫਰ ਵਿੱਚ ਪੂਰਵਵਰਤੀ ਵਿਚੋਲਿਆਂ ਦੀ ਬੈਂਕ ਅਧਿਕਾਰੀਆਂ ਨਾਲ ਗੰਢ-ਸੰਢ ਹੋ ਸਕਦੀ ਹੈ ਜਿਸ ਨਾਲ ਲਾਭ ਮਿਲਣ ਵਿੱਚ ਦੇਰੀ/ਨਾਂਹ ਵੀ ਹੋ ਸਕਦੀ ਹੈ।

• ਪੇਮੈਂਟ ਬੈਂਕਾਂ ਦਾ ਪਸਾਰ ਹੋਣ ਨਾਲ ਨਿਯਮਤ ਬੈਂਕਾਂ ਨੂੰ ਗਾਹਕਾਂ ਨੂੰ ਮਿਲਣ ਵਾਲੀ ਫੀਸ ਤੋਂ ਹੱਥ ਧੋਣੇ ਪੈ ਸਕਦੇ ਹਨ ਜਿਵੇਂ ਡਿਮਾਂਡ



ਡ੍ਰਾਫਟ ਬਣਾਉਣ, ਨਕਦ ਟ੍ਰਾਂਸਫਰ, ਪੈਸੇ ਭੇਜਣੇ, ਚੈੱਕ ਰਾਹੀਂ ਪੈਸੇ ਕਢਵਾਉਣੇ ਅਤੇ ਏ ਟੀ ਐੱਮ ਲੈਣ-ਦੇਣ ਫੀਸ ਆਦਿ।

• ਪੀ ਐੱਮ ਜੇ ਜੇ ਬੀ ਵਾਈ, ਪੀ ਐੱਮ ਐੱਸ ਬੀ ਵਾਈ, ਏ ਪੀ ਵਾਈ ਆਦਿ ਯੋਜਨਾਵਾਂ ਜ਼ਿਆਦਾਤਰ ਬੈਂਕਾਂ ਵਲੋਂ ਗਰੀਬਾਂ ਤੱਕ ਪਹੁੰਚ ਕਰਨ ਉਤੇ ਨਿਰਭਰ ਹਨ ਅਤੇ ਇਨ੍ਹਾਂ ਸਾਹਮਣੇ ਪਹਾੜ ਜਿੱਡਾ ਕੰਮ ਹੈ ਕਿਉਂਕਿ ਜਨਸੰਖਿਆ ਦੇ ਇਕ ਵੱਡੇ ਵਰਗ ਕੋਲ ਪੈਨਸ਼ਨ ਜਾਂ ਦੂਜੇ ਉਤਪਾਦਾਂ ਤੱਕ ਪਹੁੰਚ ਜਾਂ ਜਾਗਰੂਕਤਾ ਨਹੀਂ ਹੈ।

• ਬਹੁਤ ਸਾਰੇ ਮਾਮਲਿਆਂ ਵਿੱਚ ਵਪਾਰਕ ਸੰਵਾਦਦਾਤਾਵਾਂ ਉਤੇ ਪੈਸੇ ਹੜੱਪਣ ਦੇ ਦੋਸ਼ ਲੱਗੇ ਹਨ।

• ਬੈਂਕਿੰਗ ਤਕਨਾਲੋਜੀ ਨਾਲ ਸੰਬੰਧਿਤ ਧੋਖਾਧੜੀਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

• ਪੇਂਡੂ ਅਤੇ ਅੰਦਰੂਨੀ ਇਲਾਕਿਆਂ ਵਿੱਚ ਮੋਬਾਈਲ ਸੰਚਾਰ ਦਾ ਹਾਲੇ ਵੀ ਬੁਰਾ ਹਾਲ ਹੈ।

• ਤਰਜੀਹੀ ਖੇਤਰ ਵਿੱਚ ਉਧਾਰ ਦੇਣ ਦੇ ਟੀਚੇ ਹਾਲੇ ਪੂਰੇ ਹੁੰਦੇ ਨਹੀਂ ਦਿਸਦੇ ਕਿਉਂਕਿ ਬਹੁਤ ਸਾਰੇ ਬੈਂਕ ਗਰੀਬਾਂ ਨੂੰ ਉਧਾਰ ਦੇਣ ਤੋਂ ਟਾਲਾ ਵੱਟਦੇ ਹਨ। ਇਸ ਲਈ ਟੀਚੇ ਪੂਰੇ ਕਰਨ ਵਾਸਤੇ ਉਹ ਗਲਤ ਬੰਦਿਆਂ ਨੂੰ ਕਰਜ਼ਾ ਦੇ ਦਿੰਦੇ ਹਨ ਜੋ ਕਰਜ਼ਾ ਲੈਣ ਲਈ ਗਲਤ ਦਸਤਾਵੇਜ਼ ਤਿਆਰ ਕਰ ਲੈਂਦੇ ਹਨ। ਮਿਸਾਲ ਦੇ ਤੌਰ ਤੇ , ਕਿਸਾਨਾਂ ਨੂੰ ਸੋਨੇ ਉਤੇ ਕਰਜ਼ਾ ਘੱਟ ਦਰਾਂ ਉਤੇ ਦਿੱਤਾ ਜਾਂਦਾ ਹੈ। ਪਰ, ਜਿਹੜੇ ਲੋਕ ਖੇਤੀਬਾੜੀ ਨਹੀਂ ਵੀ ਕਰਦੇ, ਉਹ ਆਪਣੇ ਬੈਂਕ ਵਿਚਲੇ ਸੰਪਰਕਾਂ ਦੀ ਮਦਦ ਨਾਲ ਇਹ ਕਰਜ਼ਾ ਹਾਸਲ ਕਰ ਲੈਂਦੇ ਹਨ। ਸੋ ਇਥੇ ਤਰਜੀਹੀ

ਖੇਤਰ ਦਾ ਉਧਾਰ ਠੀਕ ਵਿਆਕਤੀਆਂ ਦੀ ਬਜਾਇ ਗਲਤ ਹੱਥਾਂ ਵਿੱਚ ਚਲਾ ਜਾਂਦਾ ਹੈ। ਸਰਕਾਰ ਨੂੰ ਇਸ ਮਸਲੇ ਉਤੇ ਗੌਰ ਕਰਨਾ ਚਾਹੀਦਾ ਹੈ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਰਜ਼ਾ ਯੋਗ ਵਿਅਕਤੀਆਂ ਨੂੰ ਹੀ ਦਿੱਤਾ ਜਾਵੇ ਅਤੇ ਧੋਖੇਬਾਜ਼ਾਂ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਬੈਂਕ ਅਧਿਕਾਰੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

**ਮੈਂ ਇਸ ਉਮੀਦ ਨਾਲ ਆਪਣੀ ਗੱਲ ਖਤਮ ਕਰਦੀ ਹਾਂ ਕਿ ਰਿਜ਼ਰਵ ਬੈਂਕ ਇਕ ਮੁਆਫਕ ਨਿਯਮਕ ਵਾਤਾਵਰਨ ਦਾ ਨਿਰਮਾਣ ਕਰਨ ਲਈ ਪ੍ਰਤਿਬੱਧ ਰਹੇ ਜਿਥੇ ਵਿੱਤੀ ਸੰਸਥਾਵਾਂ ਆਪਣੀ ਵਿੱਤੀ ਸਥਿਰਤਾ ਨਾਲ ਸਮਝੌਤਾ ਕਰੇ ਬਗੈਰ, ਰੁਕਾਵਟ ਰਹਿਤ ਵਿੱਤੀ ਸੇਵਾਵਾਂ ਗਰੀਬਾਂ ਨੂੰ ਦੇਣੀਆਂ ਯਕੀਨੀ ਬਣਾ ਸਕਣ।**

ਪ੍ਰਸੰਗਿਕ ਰੂਪ ਵਿੱਚ, ਬੈਂਕਾਂ ਨੂੰ ਆਪਣੀਆਂ ਵਿੱਤੀ ਸਮਾਵੇਸ਼ੀ ਰਣਨੀਤੀਆਂ ਨਿਰਧਾਰਤ ਕਰਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ ਜੋ ਉਨ੍ਹਾਂ ਦੇ ਕਾਰੋਬਾਰੀ ਸਿਧਾਂਤਾਂ ਦਾ ਹਿੱਸਾ ਹੋਣਗੀਆਂ। ਬੈਂਕਾਂ ਵਲੋਂ ਇਸ ਨੂੰ ਵਪਾਰਕ ਗਤੀਵਿਧੀ ਵਜੋਂ ਚਲਾਉਣ ਦੀ ਆਗਿਆ ਹੋਣੀ ਚਾਹੀਦੀ ਹੈ ਜਿਸ ਵਿੱਚ ਜੋਖ਼ਮ ਅਤੇ ਉਤਪਾਦ ਆਧੁਨਿਕਤਾ ਨੂੰ ਵੀ ਮੱਦੇਨਜ਼ਰ ਰੱਖਿਆ ਜਾਣਾ ਚਾਹੀਦਾ ਹੈ। ਕੁੱਝ ਵਿੱਤੀ ਸੇਵਾਵਾਂ ਦੇਣ ਵਾਲਿਆਂ, ਖ਼ਾਸ ਕਰਕੇ ਪੂਰਵਵਰਤੀ ਮਾਈਕ੍ਰੋ ਫਾਇਨਾਂਸ ਸੇਵਾ ਪ੍ਰਦਾਤੇ ਨੂੰ ਬੈਂਕ ਬਣਨ ਦੀ ਆਗਿਆ ਦੇਣ, ਛੋਟੇ ਬੈਂਕਾਂ ਅਤੇ ਪੇਮੈਂਟ ਬੈਂਕਾਂ ਨੂੰ ਲਾਇਸੰਸ ਦੇਣ ਦੀ ਸੰਭਾਵਿਤ ਸ਼ੁਰੂਆਤ ਨਾਲ ਅਤੇ ਤਰਜੀਹੀ ਖੇਤਰ ਦੀਆਂ ਲੋੜਾਂ ਦੇ ਸੰਦਰਭ ਵਿੱਚ ਵਿਦੇਸ਼ੀ ਬੈਂਕ ਦਾ ਦਾਖਲਾ ਹੋਣ ਨਾਲ, ਇਹ ਆਸ ਕੀਤੀ ਜਾਂਦੀ ਹੈ ਕਿ ਪੇਂਡੂ ਵਿੱਤੀ ਪ੍ਰਣਾਲੀ ਦੇ ਅਕਾਰ ਅਤੇ ਸੰਭਾਵਨਾਵਾਂ ਵਿੱਚ ਵਾਧਾ ਹੋਵੇਗਾ ਜਿਸ ਨਾਲ ਦਿਹਾਤੀ ਵਿੱਤ ਦੀਆਂ ਲਗਾਤਾਰ ਅਤੇ ਉੱਭਰ ਰਹੀਆਂ ਚੁਣੌਤੀਆਂ ਨਾਲ ਸਿੱਝਣ ਵਿੱਚ ਮਦਦ ਮਿਲੇਗੀ ਅਤੇ ਪੇਂਡੂ ਲੋਕਾਂ ਦੀ ਹਾਲਤ ਵਿੱਚ ਗਿਣਾਤਮਕ ਅਤੇ ਗੁਣਾਤਮਕ ਸੁਧਾਰ ਹੋਵੇਗਾ। ਆਓ ਪੇਂਡੂ ਬੈਂਕਿੰਗ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲਦਾ ਵੇਖੀਏ।

*(ਲੇਖਕ ਨਾਬਾਰਡ ਦੇ ਹਰਿਆਣਾ ਰੀਜਨਲ ਆਫਿਸ, ਚੰਡੀਗੜ੍ਹ ਦੇ ਅਸਿਸਟੈਂਟ ਜਨਰਲ ਮੈਨੇਜਰ ਹਨ)*

*e-mail :manjula.jaipur@gmail.com*

***ਸਫ਼ਾ 40 ਦਾ ਬਾਕੀ***

ਭਾਰਤੀ ਦੰਡਾਵਲੀ ਦੀ ਧਾਰਾ 420 ਕ੍ਰੈਡਿਟ ਕਾਰਡ ਫਰਾਡ ਉੱਤੇ ਲਾਗੂ ਹੁੰਦੀ ਹੈ। ਇਸ ਅਧੀਨ 7 ਸਾਲ ਤੱਕ ਦੀ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ।

ਭਾਵੇਂ ਕਿ ਇਕ ਗਾਹਕ ਨੂੰ ਉੱਪਰ ਦੱਸੀ ਸਭ ਤਰ੍ਹਾਂ ਦੀ ਸੁਰੱਖਿਆ ਆਈ ਟੀ ਕਾਨੂੰਨ, 2000, 2008 ਦੀਆਂ ਧਾਰਾਵਾਂ ਅਧੀਨ ਹਾਸਿਲ ਹੈ, ਫੇਰ ਵੀ ਆਰ ਬੀ ਆਈ ਨੇ ਸਾਰੇ ਬੈਂਕਾਂ ਨੂੰ ਹਦਾਇਤ ਕੀਤੀ ਹੋਈ ਹੈ ਕਿ ਉਹ ਸਾਈਬਰ ਫਰਾਡ ਵਿਰੁੱਧ ਸੁਰੱਖਿਆ ਮੁੜ ਯਕੀਨੀ ਬਣਾਉਣ।

### ਭਾਰਤੀ ਰਿਜ਼ਰਵ ਬੈਂਕ ਦੀਆਂ ਹਦਾਇਤਾਂ

ਭਾਰਤੀ ਰਿਜ਼ਰਵ ਬੈਂਕ ਨੇ ਗਾਹਕਾਂ ਦੇ ਹਿੱਤਾਂ ਦੀ ਰਾਖੀ ਦੀਆਂ ਹਦਾਇਤਾਂ ਗਾਹਕ ਸੁਰੱਖਿਆ ਬਾਰੇ ਆਪਣੇ ਸਰਕੂਲਰ ਵਿੱਚ ਦਿੱਤੀਆਂ ਹੋਈਆਂ ਹਨ। ਆਰ ਬੀ ਆਈ ਨੇ ਇਹ ਵੀ ਕਿਹਾ ਹੈ ਕਿ ਜੇ ਫਰਾਡ ਬਾਰੇ ਇਕ ਮਿੱਥੇ ਸਮੇਂ ਵਿੱਚ ਬੈਂਕ ਨੂੰ ਸੂਚਨਾ ਦਿੱਤੀ ਜਾਵੇ ਤਾਂ ਗਾਹਕ ਦੀ ਜ਼ੀਰੋ ਜਵਾਬਦੇਹੀ ਜਾਂ ਸੀਮਿਤ ਜਵਾਬਦੇਹੀ ਹੋਵੇਗੀ।

ਇਕ ਗਾਹਕ ਦੀ ਜਵਾਬਦੇਹੀ ਜ਼ੀਰੋ ਹੋਵੇਗੀ ਜੇ ਧੋਖੇ ਨਾਲ ਕੋਈ ਲੈਣ-ਦੇਣ ਹੋ ਜਾਵੇ ਜਾਂ ਬੈਂਕ ਦੀ ਅਣਗਹਿਲੀ ਕਾਰਨ ਕੋਈ ਫਰਾਡ ਹੋ ਜਾਵੇ। ਗਾਹਕ ਤਾਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ ਜੇ ਕੋਈ ਤੀਸਰੀ ਧਿਰ ਬੈਂਕ ਦੀ ਸ਼ਮੂਲੀਅਤ ਤੋਂ ਬਿਨਾਂ ਕਿਸੇ ਨਾਲ ਧੋਖਾ ਕਰਦੀ ਹੈ ਅਤੇ ਬੈਂਕ ਨੂੰ ਇਸ ਬਾਰੇ 3 ਦਿਨ ਦੇ ਅੰਦਰ ਸੂਚਨਾ ਦੇ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਧੋਖੇ ਨਾਲ ਕਢਵਾਈ ਗਈ ਰਕਮ ਸੰਬੰਧਿਤ ਖਾਤੇ ਵਿੱਚ 10 ਦਿਨਾਂ ਦੇ ਅੰਦਰ ਬੈਂਕ ਨੂੰ ਜਮ੍ਹਾਂ ਕਰਵਾਉਣੀ ਪਵੇਗੀ।

ਭਾਰਤੀ ਰਿਜ਼ਰਵ ਬੈਂਕ ਨੇ ਬੈਂਕਾਂ ਲਈ ਲਾਜ਼ਮੀ ਕਰ ਦਿੱਤਾ ਹੈ ਕਿ ਉਹ ਸਾਰੇ ਗਾਹਕਾਂ ਨੂੰ ਅਲਰਟ ਸੰਦੇਸ਼ ਭੇਜਣ ਲਈ ਉਨ੍ਹਾਂ ਦਾ ਨਾਂ ਆਪਣੇ ਕੋਲ ਰਜਿਸਟਰ ਕਰਨ। ***ਬੈਂਕ ਗ਼ੈਰ-ਅਧਿਕਾਰਤ*** ਲੈਣ-ਦੇਣ ਬਾਰੇ ਆਪਣੀ ਵੈੱਬਸਾਈਟ ਉੱਤੇ ਸ਼ਿਕਾਇਤ ਦਰਜ ਕਰਵਾਉਣ ਦਾ ਅਧਿਕਾਰ ਦੇਣ ਜਿਸ ਨਾਲ ਗਾਹਕ ਦੀ ਸ਼ਿਕਾਇਤ ਦਾ ਨਿਪਟਾਰਾ ਸੌਖਾ ਹੋ ਸਕੇਗਾ। ਫਰਾਡ ਦੀ ਸ਼ਿਕਾਇਤ ਕਿਸੇ ਵੀ ਇਕ ਢੰਗ ਨਾਲ ਬੈਂਕ ਕੋਲ ਪਹੁੰਚਾਈ ਜਾ ਸਕਦੀ ਹੈ ਜਿਨ੍ਹਾਂ ਵਿੱਚ ਫ਼ੋਨ ਬੈਂਕਿੰਗ, ਐੱਸ ਐੱਮ ਐੱਸ, ਈ-ਮੇਲ, ਕਾਲ ਸੈਂਟਰ ਅਤੇ ਇੰਟਰਐਕਟਿਵ ਵਾਇਸ ਰਿਸਪਾਂਸ ਸਿਸਟਮ ਸ਼ਾਮਿਲ ਹਨ, ਪਰ ਜੇ ਨੁਕਸਾਨ ਗਾਹਕ ਦੀ ਅਣਗਹਿਲੀ ਕਾਰਨ ਹੋਇਆ ਹੋਵੇ ਤਾਂ ਉਸ ਨੂੰ ਪੂਰਾ ਨੁਕਸਾਨ ਸਹਿਣਾ ਪਵੇਗਾ ਬਸ਼ਰਤੇ ਕਿ ਉਸ ਨੇ ਇਸ ਬਾਰੇ ਬੈਂਕ ਨੂੰ ਸੂਚਿਤ ਕਰ ਦਿੱਤਾ ਹੋਵੇ।

ਜੇ ਕਿਸੇ ਤੀਜੀ ਧਿਰ ਵਲੋਂ ਨੁਕਸਾਨ ਕਰਵਾਇਆ ਗਿਆ ਹੋਵੇ ਤਾਂ ਗਾਹਕ ਨੂੰ ਉਸ ਦਾ ਹਰਜਾਨਾ ਆਪ ਭਰਨਾ ਪਵੇਗਾ ਜੇ ਉਸ ਨੇ ਇਸ ਫਰਾਡ ਬਾਰੇ ਅਲਰਟ ਮਿਲਣ ਤੋਂ 4-7 ਦਿਨ ਦੇ ਅੰਦਰ ਇਸ ਦੀ ਰਿਪੋਰਟ ਬੈਂਕ ਨੂੰ ਨਾ ਕੀਤੀ ਹੋਵੇ। ਜੇ ਕੋਈ ਫਰਾਡ ਬੈਂਕ ਨੂੰ 4-7 ਦਿਨਾਂ ਦੇ ਅੰਦਰ ਨਹੀਂ ਦੱਸਿਆ ਜਾਂਦਾ ਤਾਂ ਗਾਹਕ ਦੀ ਵੱਧ ਤੋਂ ਵੱਧ ਜਵਾਬਦੇਹੀ 5,000 ਤੋਂ 25,000 ਰੁਪਏ ਦਰਮਿਆਨ ਹੋਵੇਗੀ। ਅਜਿਹਾ ਖਾਤੇ ਦੀ ਕਿਸਮ ਅਤੇ ਕ੍ਰੈਡਿਟ ਕਾਰਡ ਦੀ ਲਿਮਿਟ ਉੱਤੇ ਨਿਰਭਰ ਕਰੇਗਾ।

### ਸਾਰ

**ਸਈਬਰ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਇਨ੍ਹਾਂ ਸਾਰਿਆਂ ਕਦਮਾਂ ਦੇ ਨਾਲ ਸਾਡਾ ਦੇਸ਼ ਇਕ ਮੁਕੰਮਲ ਸਾਈਬਰ ਸੁਰੱਖਿਅਤ ਅਤੇ ਭਰੋਸੇਯੋਗ ਢਾਂਚਾ ਡਿਜੀਟਲ ਲੈਣ-ਦੇਣ ਲਈ ਮੁਹੱਈਆ ਕਰਵਾਉਂਦਾ ਹੈ ਪਰ ਇਸ ਨੂੰ ਲਗਾਤਾਰ ਅਪਗ੍ਰੇਡ ਕਰਨ ਦੀ ਲੋੜ ਹੈ ਕਿਉਂਕਿ ਨਵੀਆਂ ਚੁਣੌਤੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਸੁਰੱਖਿਆ ਇਕ ਯਾਤਰਾ ਹੈ। ਜਾਗਰੂਕਤਾ ਨਾਲ ਜੋਖਿਮ ਘਟਣਗੇ।**

*(ਲੇਖਕ ਇੰਡੀਅਨ ਓਵਰਸੀਜ਼ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਤੇ ਚੀਫ ਐਗਜ਼ੈਕਟਿਵ ਅਫਸਰ ਹਨ)*

*e-mail :mdsec@iob.in*

# ਮਿਸ਼ਨ ਇੰਦਰਧਨੁਸ਼ : ਭਾਰਤ ਵਿੱਚ ਜਨਤਕ ਖੇਤਰ ਦੀਆਂ ਬੈਂਕਾਂ ਦਾ ਕਾਇਆਕਲਪ

ਡੀ ਐੱਸ ਮਲਿਕ

**ਇਸ ਚੁਨੌਤੀ ਉੱਤੇ ਪਾਰ ਪਾਉਣ ਲਈ ਸਰਕਾਰ ਨੇ 2015 ਵਿੱਚ ਇਕ ਯੋਜਨਾ ਤਿਆਰ ਕੀਤੀ ਜਿਸ ਨੂੰ ਆਮ ਤੌਰ ਤੇ ਇੰਦਰਧਨੁਸ਼ ਯੋਜਨਾ ਕਿਹਾ ਜਾਂਦਾ ਹੈ। ਇਹ ਯੋਜਨਾ ਸਰਕਾਰ ਵਲੋਂ 14 ਅਗਸਤ, 2015 ਨੂੰ ਰਾਸ਼ਟਰੀ ਰਾਜਧਾਨੀ ਵਿੱਚ ਐਲਾਨੀ ਗਈ ਅਤੇ ਇਹ ਸਰਕਾਰੀ ਬੈਂਕਾਂ ਨੂੰ ਮੁੜ ਲੀਹ ਉਤੇ ਲਿਆਉਣ ਅਤੇ ਉਨ੍ਹਾਂ ਦੇ ਸੁਧਾਰ ਦੀ ਇਕ ਵਿਸਤ੍ਰਿਤ ਯੋਜਨਾ ਸੀ ਜੋ ਕਿ 1970 ਵਿੱਚ ਬੈਂਕਾਂ ਦੇ ਰਾਸ਼ਟਰੀਕਰਨ ਤੋਂ ਬਾਅਦ ਹੱਥ ਵਿੱਚ ਲਈ ਗਈ ਸੀ।**

ਪਿਛਲੇ ਦੋ ਮਹੀਨਿਆਂ ਵਿੱਚ, ਵਿੱਤੀ ਸੇਵਾਵਾਂ ਖੇਤਰ ਇਸ ਗੱਲ ਉੱਤੇ ਖ਼ੁਸ਼ ਹੈ ਕਿ ਸਰਕਾਰ ਨੇ ਜਨਤਕ ਖੇਤਰ ਦੇ ਬੈਂਕਾਂ ਵਿੱਚ 2.11 ਲੱਖ ਕਰੋੜ ਰੁਪਏ ਦੀ ਪੂੰਜੀ ਅਗਲੇ ਦੋ ਸਾਲਾਂ ਵਿੱਚ ਪਾਉਣ ਦਾ ਫੈਸਲਾ ਕੀਤਾ ਹੈ। ਅਜਿਹਾ ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ (ਆਈ ਬੀ ਸੀ) ਵਿੱਚ ਕੀਤੀਆਂ ਸੋਧਾਂ ਕਾਰਨ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਅਜਿਹਾ ਪੀ ਐੱਸ ਬੀਜ਼ ਦੇ ਰਲੇਵੇਂ ਲਈ ਕੀਤਾ ਜਾ ਰਿਹਾ ਹੈ। ਇਸ ਦੇ ਲਈ ਇਕ ਬਦਲਵਾਂ ਪ੍ਰਬੰਧ ਤਿਆਰ ਕੀਤਾ ਗਿਆ ਸੀ ਤਾਂ ਕਿ ਇਕਸਾਰਤਾ ਤੇਜ਼ੀ ਨਾਲ ਕਾਇਮ ਹੋ ਸਕੇ। ਇਨ੍ਹਾਂ ਨੂੰ ਜਨਤਕ ਖੇਤਰ ਦੇ ਬੈਂਕਾਂ ਦੀ ਹਾਲਤ ਸੁਧਾਰਨ ਦੇ ਇਕ ਅਚਾਨਕ ਚੁੱਕੇ ਗਏ ਕਦਮ ਵਜੋਂ ਵੇਖਿਆ ਜਾ ਰਿਹਾ ਹੈ। ਪਰ ਇਹ ਪਹਿਲਕਦਮੀਆਂ ਸਰਕਾਰ ਵਲੋਂ ਇਕ ਯੁੱਧਨੀਤਕ ਢੰਗ ਨਾਲ ਯੋਜਨਾਬੱਧ ਕੀਤੀਆਂ ਗਈਆਂ ਹਨ ਅਤੇ ਹੁਣ ਇਨ੍ਹਾਂ ਉੱਤੇ ਅਮਲ ਹੋ ਰਿਹਾ ਹੈ। ਜਦੋਂ ਤੋਂ 2014 ਵਿੱਚ ਮੌਜੂਦਾ ਸਰਕਾਰ ਨੇ ਸੱਤਾ ਸੰਭਾਲੀ ਸੀ, ਪੀ ਐੱਸ. ਬੀਜ਼ ਦੀ ਕਾਰਗੁਜ਼ਾਰੀ ਉੱਤੇ ਬਹਿਸ ਚੱਲ ਪਈ ਸੀ ਕਿਉਂਕਿ ਇਹ ਬੈਂਕ ਭਾਰਤ ਦੀ ਆਰਥਿਕਤਾ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਪਿਛਲੇ ਕੁੱਝ ਸਾਲਾਂ ਵਿੱਚ ਢਾਂਚੇ ਦੀ ਫਾਈਨੈਂਸਿੰਗ ਵਿੱਚ ਪੀ ਐੱਸ ਬੀਜ਼ ਦਾ ਵੱਡਾ ਹਿੱਸਾ ਹੈ ਅਤੇ ਇਹ ਬੈਂਕ ਕਈ ਕਾਰਨਾਂ ਕਰਕੇ, ਜਿਨ੍ਹਾਂ ਵਿੱਚ ਪ੍ਰਵਾਨਗੀਆਂ ਵਿੱਚ ਅਤੇ ਭੌਂ ਪ੍ਰਾਪਤੀ ਵਿੱਚ ਦੇਰੀ, ਘੱਟ ਵਿਸ਼ਵ ਅਤੇ ਘਰੇਲੂ ਮੰਗ ਵਗੈਰਾ ਕਾਰਨ ਕਰਕੇ, ਬੁਰੀ ਤਰ੍ਹਾਂ ਪ੍ਰਭਾਵਿਤ ਸਨ। ਇਸ ਦੇ ਨਤੀਜੇ ਵਜੋਂ ਮੁਨਾਫਾ ਘੱਟ ਹੋ ਰਿਹਾ ਸੀ। ਇਸ ਚੁਨੌਤੀ ਉੱਤੇ ਪਾਰ ਪਾਉਣ ਲਈ ਸਰਕਾਰ ਨੇ 2015 ਵਿੱਚ ਇਕ ਯੋਜਨਾ ਤਿਆਰ ਕੀਤੀ ਜਿਸ ਨੂੰ ਆਮ ਤੌਰ ਤੇ ਇੰਦਰਧਨੁਸ਼ ਯੋਜਨਾ ਕਿਹਾ ਜਾਂਦਾ ਹੈ। ਇਹ ਯੋਜਨਾ ਸਰਕਾਰ ਵਲੋਂ 14 ਅਗਸਤ, 2015 ਨੂੰ ਰਾਸ਼ਟਰੀ ਰਾਜਧਾਨੀ ਵਿੱਚ ਐਲਾਨੀ ਗਈ ਅਤੇ ਇਹ ਸਰਕਾਰੀ ਬੈਂਕਾਂ ਨੂੰ ਮੁੜ ਲੀਹ ਉਤੇ ਲਿਆਉਣ ਅਤੇ ਉਨ੍ਹਾਂ ਦੇ ਸੁਧਾਰ ਦੀ ਇਕ ਵਿਸਤ੍ਰਿਤ ਯੋਜਨਾ ਸੀ ਜੋ ਕਿ 1970 ਵਿੱਚ ਬੈਂਕਾਂ ਦੇ ਰਾਸ਼ਟਰੀਕਰਨ ਤੋਂ ਬਾਅਦ ਹੱਥ ਵਿੱਚ ਲਈ ਗਈ ਸੀ।

## ਇੰਦਰਧਨੁਸ਼ ਯੋਜਨਾ ਦੇ ਅਹਿਮ ਪਹਿਲੂ

***ਨਿਯੁਕਤੀਆਂ :*** ਸਰਕਾਰ ਨੇ ਫੈਸਲਾ ਕੀਤਾ ਕਿ ਅੱਗੇ ਤੋਂ ਭਰਤੀ ਲਈ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਦੀ ਅਸਾਮੀ ਨੂੰ ਵੱਖ-ਵੱਖ ਕਰ ਦਿੱਤਾ ਜਾਵੇ। ਸੀ ਈ ਓ ਨੂੰ ਐੱਮ ਡੀ ਅਤੇ ਸੀ ਈ ਓ ਦਾ ਨਾਂ ਦਿੱਤਾ ਗਿਆ ਅਤੇ ਇਕ ਹੋਰ ਵਿਅਕਤੀ ਦੀ ਨਿਯੁਕਤੀ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਦੀ ਅਸਾਮੀ ਦਾ ਨਾਂ ਨਾਨ-ਐਗਜ਼ੈਕਟਿਵ ਚੇਅਰਮੈਨ ਰੱਖਿਆ ਗਿਆ।

- ***ਬੈਂਕ ਬੋਰਡ ਬਿਊਰੋ (ਬੀ ਬੀ ਬੀ) :*** ਬੈਂਕ ਬੋਰਡ ਬਿਉਰੋ ਇਕ ਅਹਿਮ ਪੇਸ਼ੇਵਰਾਂ ਅਤੇ ਅਧਿਕਾਰੀਆਂ ਦੀ ਇਕ ਸੰਸਥਾ ਹੋਵੇਗੀ ਜੋ ਕਿ ਨਿਯੁਕਤੀ ਬੋਰਡ ਦੀ ਜਗ੍ਹਾ ਲਵੇਗੀ। ਇਸ ਵਲੋਂ ਪੀ ਐੱਸ ਬੀਜ਼ ਦੇ ਕੁਲਵਕਤੀ ਡਾਇਰੈਕਟਰਾਂ ਅਤੇ ਗ਼ੈਰ ਐਗਜ਼ੈਕਟਿਵ ਚੇਅਰਮੈਨ ਦੀ ਨਿਯੁਕਤੀ ਕੀਤੀ ਜਾਵੇਗੀ। ਇਹ ਬਿਊਰੋ ਨਿਰੰਤਰ ਤੌਰ ਤੇ ਸਾਰੇ ਪੀ ਐੱਸ ਬੀਜ਼ ਦੇ ਬੋਰਡ ਆਫ ਡਾਇਰੈਕਟਰਾਂ ਨਾਲ ਸੰਪਰਕ ਵਿੱਚ ਰਹੇਗਾ ਅਤੇ ਉਨ੍ਹਾਂ ਦੇ ਵਿਕਾਸ ਲਈ ਮਿਲ ਕੇ ਨੀਤੀਆਂ ਤਿਆਰ ਕੀਤੀਆਂ ਜਾਣਗੀਆਂ।
- ***ਪੂੰਜੀਕਰਨ :*** ਇਸ ਵੇਲੇ ਪੀ ਐੱਸ ਬੀਜ਼ ਕੋਲ ਕਾਫੀ ਪੂੰਜੀਕਰਨ ਹੈ ਅਤੇ ਉਹ ਬੇਸਿਲ-3 ਅਤੇ ਆਰ ਬੀ ਆਈ ਦੇ ਸਾਰੇ

**ਇੰਦਰਧਨੁਸ਼ ਯੋਜਨਾ ਦੇ ਪ੍ਰਮੁੱਖ ਪਹਿਲੂ**




ਮਿਆਰਾਂ ਨੂੰ ਪੂਰਾ ਕਰ ਰਹੇ ਹਨ। ਪਰ ਭਾਰਤ ਸਰਕਾਰ ਚਾਹੁੰਦੀ ਹੈ ਕਿ ਇਨ੍ਹਾਂ ਬੈਂਕਾਂ ਦਾ ਹੋਰ ਵਧੇਰੇ ਢੁੱਕਵੇਂ ਢੰਗ ਨਾਲ ਪੂੰਜੀਕਰਨ ਹੋਵੇ ਤਾਂ ਕਿ ਉਹ ਬੇਸਿਲ-3 ਤੋਂ ਵੱਧ ਹੀ ਸਟਾਕ ਰੱਖਣ। ਅਗਲੇ 4 ਸਾਲਾਂ ਤੱਕ ਭਾਵ ਵਿੱਤੀ ਸਾਲ 2019 ਤੱਕ ਵਾਧੂ ਪੂੰਜੀ ਦੀ ਲੋੜ ਤਕਰੀਬਨ 1,80,000 ਕਰੋੜ ਰੁਪਏ ਦੀ ਹੋਵੇਗੀ। ਇਹ ਅਨੁਮਾਨ ਚਾਲੂ ਸਾਲ ਵਿੱਚ ਕਰਜ਼ੇ ਦੀ 12 ਪ੍ਰਤਿਸ਼ਤ ਪ੍ਰਸਾਰ ਦਰ ਉੱਤੇ ਅਤੇ ਅਗਲੇ ਤਿੰਨ ਸਾਲ ਲਈ 12 ਪ੍ਰਤਿਸ਼ਤ ਤੋਂ 15 ਪ੍ਰਤਿਸ਼ਤ ਦੀ ਵਾਧਾ ਦਰ ਉੱਤੇ ਅਧਾਰਿਤ ਹੈ। ਇਹ ਬੈਂਕ ਦੇ ਆਕਾਰ ਅਤੇ ਉਸ ਦੀ ਵਾਧਾ ਸਮਰੱਥਾ ਉੱਤੇ ਨਿਰਭਰ ਕਰੇਗਾ। ਕੁੱਲ ਲੋੜ ਵਿੱਚੋਂ, ਭਾਰਤ ਸਰਕਾਰ ਚਾਰ ਸਾਲ ਵਿੱਚ ਬਜਟ ਅਲਾਟਮੈਂਟ ਵਿੱਚੋਂ 70,000 ਕਰੋੜ ਰੁਪਏ ਦਾ ਪ੍ਰਬੰਧ ਕਰੇਗੀ। ਜਿਸ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ।

***(ੳ) ਪੀ ਐੱਸ ਬੀਜ਼ ਦਾ ਬੋਝ ਘੱਟ ਕਰਨਾ :*** ਢਾਂਚਾ ਖੇਤਰ ਅਤੇ ਕੋਰ ਖੇਤਰ ਦੇ ਪ੍ਰਾਜੈਕਟ ਪਿਛਲੇ ਦਹਾਕੇ ਵਿੱਚ ਪੀ ਐੱਸ ਬੀਜ਼ ਤੋਂ ਸਭ ਤੋਂ ਵੱਧ ਪੈਸਾ ਲੈਣ ਵਾਲੇ ਰਹੇ ਹਨ ਪਰ ਕਈ ਕਾਰਨਾਂ ਕਰਕੇ ਇਹ ਪ੍ਰਾਜੈਕਟ ਰੁਕ ਗਏ ਜਾਂ ਇਨ੍ਹਾਂ ਉੱਤੇ ਬੋਝ ਪੈ ਗਿਆ ਜਿਸ ਨਾਲ ਐੱਨ ਪੀ ਏ ਦਾ ਬੋਝ ਬੈਂਕਾਂ ਉੱਤੇ ਵਧ ਗਿਆ। ਇਕ ਤਾਜ਼ਾ ਜਾਇਜ਼ੇ ਵਿੱਚ ਬਿਜਲੀ, ਸਟੀਲ ਅਤੇ ਸੜਕ ਖੇਤਰ ਦੀਆਂ ਬੋਝ ਪਾਉਣ ਵਾਲੀਆਂ ਸਮੱਸਿਆਵਾਂ ਦੀ ਘੋਖ ਕੀਤੀ ਗਈ। ਵਿਸ਼ੇਸ਼ ਖੇਤਰਾਂ ਨਾਲ ਸੰਬੰਧਿਤ ਧਿਰਾਂ ਨਾਲ ਚਰਚਾ ਕੀਤੀ ਗਈ। ਇਨ੍ਹਾਂ ਮੀਟਿੰਗਾਂ ਤੋਂ ਬਾਅਦ ਕੀਤੀਆਂ ਗਈਆਂ ਕੁੱਝ ਕਾਰਵਾਈਆਂ ਹੇਠਾਂ ਲਿਖੇ ਅਨੁਸਾਰ ਹਨ :

- ਪ੍ਰਾਜੈਕਟ ਮਾਨੀਟਰਿੰਗ ਗਰੁੱਪ (ਕੈਬਨਿਟ ਸਕੱਤਰੇਤ)/ਸੰਬੰਧਿਤ ਮੰਤਰਾਲਿਆਂ ਵਲੋਂ ਸੰਬੰਧਿਤ ਏਜੰਸੀਆਂ ਕੋਲ ਮਾਮਲਾ ਉਠਾਇਆ ਜਾਵੇਗਾ ਤਾਂ ਕਿ ਰੁਕੀਆਂ ਪਈਆਂ ਪ੍ਰਵਾਨਗੀਆਂ/ਪਰਮਿਟ ਤੇਜ਼ੀ ਨਾਲ ਜਾਰੀ ਹੋ ਸਕਣ।
- ਨੀਤੀ ਸੰਬੰਧੀ ਫੈਸਲਿਆਂ ਨੂੰ ਸੰਬੰਧਿਤ ਮੰਤਰਾਲਿਆਂ/ਵਿਭਾਗਾਂ ਵਲੋਂ ਤੇਜ਼ੀ ਨਾਲ ਹੱਥ ਵਿੱਚ ਲਿਆ ਜਾਵੇਗਾ ਤਾਂ ਜੋ ਪ੍ਰਾਜੈਕਟ ਨੂੰ ਲਾਗੂ ਕਰਨ, ਆਪ੍ਰੇਸ਼ਨ ਦਾ ਕੰਮ ਚੱਲ ਸਕੇ।

| | |
|---|---|
| ਵਿੱਤੀ ਸਾਲ 2015-16 ਰੁਪਏ 25,000 ਕਰੋੜ | ਵਿੱਤੀ ਸਾਲ 2016-17 ਰੁਪਏ 25,000 ਕਰੋੜ |
| ਵਿੱਤੀ ਸਾਲ 2017-18 ਰੁਪਏ 10,000 ਕਰੋੜ | ਵਿੱਤੀ ਸਾਲ 2018-19 ਰੁਪਏ 10,000 ਕਰੋੜ |

- ਕੋਲਾ/ਪੀ ਐੱਨ ਜੀ ਮੰਤਰਾਲਾ ਵਲੋਂ ਇਨ੍ਹਾਂ ਪ੍ਰਾਜੈਕਟਾਂ ਲਈ ਈਧਨ ਮੁਹੱਈਆ ਕਰਵਾਉਣ ਦਾ ਕੰਮ ਤੇਜ਼ ਕਰਨ ਲਈ ਨੀਤੀਆਂ ਬਣਾਈਆਂ ਜਾਣਗੀਆਂ।
- ਜਲਦੀ ਸੁਧਾਰਾਂ ਲਈ ਸੰਬੰਧਿਤ ਡਿਸਕਾਮ ਮੁਹੱਈਆ ਕਰਵਾਏ ਜਾਣਗੇ।
- ਪ੍ਰੋਮੋਟਰਾਂ ਨੂੰ ਕਿਹਾ ਜਾਵੇਗਾ ਕਿ ਉਹ ਇਨ੍ਹਾਂ ਪ੍ਰਾਜੈਕਟਾਂ ਦੇ ਵਿਗੜ ਰਹੇ ਸੰਤੁਲਨ ਅਨੁਪਾਤ ਨੂੰ ਠੀਕ ਕਰਨ ਲਈ ਵਾਧੂ ਇਕਵਿਟੀ ਲੈ ਕੇ ਆਉਣ। ਜਦੋਂ ਪ੍ਰੋਮੋਟਰ ਇਸ ਮੰਗ ਨੂੰ ਪੂਰਾ ਕਰ ਦੇਣਗੇ, ਬੈਂਕ ਮੈਨੇਜਮੈਂਟ ਕੰਟਰੋਲ ਹੱਥ ਵਿੱਚ ਲੈਣ ਲਈ ਜਾਂ ਹੋਰ ਕਿਸੇ ਬਦਲ ਬਾਰੇ ਵਿਚਾਰ ਕਰੇਗੀ।
- ਆਰ ਬੀ ਆਈ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਬੈਂਕਾਂ ਨੂੰ ਵਧੇਰੇ ਲਚਕਤਾ ਪ੍ਰਦਾਨ ਕਰਨ ਵਾਲੇ ਪ੍ਰਸਤਾਵਾਂ ਉੱਤੇ ਵਿਚਾਰ ਕਰਨ ਤਾਂ ਕਿ ਕਰਜ਼ੇ ਦੇ ਮੌਜੂਦਾ ਢਾਂਚੇ ਨੂੰ ਸਹੀ ਰਾਹ ਉੱਤੇ ਪਾਇਆ ਜਾ ਸਕੇ।

***(ਅ) ਰਿਸਕ ਕੰਟਰੋਲ ਕਦਮਾਂ ਅਤੇ ਐੱਨ ਪੀ ਏ ਪ੍ਰਗਟਾਵਿਆਂ ਨੂੰ ਮਜ਼ਬੂਤ ਕਰਨਾ।***

ਡੀ ਆਰ ਟੀ ਅਤੇ ਸਰਫਾਸੀ ਢਾਂਚੇ ਅਧੀਨ ਵਸੂਲੀ ਦੇ ਯਤਨ ਕਰਨ ਤੋਂ ਇਲਾਵਾ ਐੱਨ ਪੀ ਏ ਦਾ ਮਸਲਾ ਹੱਲ ਕਰਨ ਲਈ ਹੇਠ ਲਿਖੇ ਵਾਧੂ ਕਦਮ ਚੁੱਕੇ ਗਏ ਹਨ :

- ਆਰ ਬੀ ਆਈ ਨੇ 2014 ਵਿੱਚ "ਵਿੱਤੀ ਸਮੱਸਿਆ ਦੀ ਜਲਦੀ ਪਛਾਣ, ਉਸ ਦੇ ਹੱਲ ਲਈ ਤੇਜ਼ੀ ਨਾਲ ਕਦਮ ਚੁੱਕਣ ਅਤੇ ਲੈਣਦਾਰ ਦੀ ਸਹੀ ਵਸੂਲੀ - ਆਰਥਿਕਤਾ ਵਿੱਚ ਮੁਸ਼ਕਿਲ ਵਿੱਚ ਫਸੇ ਅਸਾਸਿਆਂ ਦੀ ਮਜ਼ਬੂਤੀ" ਦੇ ਸਿਰਲੇਖ ਹੇਠ ਅਗਵਾਈ ਲੀਹਾਂ ਜਾਰੀ ਕੀਤੀਆਂ ਜਿਨ੍ਹਾਂ ਵਿੱਚ ਮੁਸ਼ਕਿਲ ਵਿੱਚ ਫਸੇ ਅਸਾਸਿਆਂ ਦੀ ਤੇਜ਼ੀ ਨਾਲ ਪਛਾਣ ਅਤੇ ਹੱਲ ਲਈ ਰਾਹ ਦੱਸੇ ਗਏ।
- ਆਰ ਬੀ ਆਈ ਨੇ ਹੁਣ ਕਰਜ਼ਾ ਲੈਣ ਵਾਲਿਆਂ ਦਾ ਇਕ ਨਵਾਂ ਵਰਗ ਸਾਹਮਣੇ ਲਿਆਂਦਾ ਹੈ ਜਿਸ ਨੂੰ ਗ਼ੈਰ ਸਹਿਕਾਰੀ ਕਰਜ਼ਾ

ਲੈਣ ਵਾਲੇ ਦਾ ਨਾਂ ਦਿੱਤਾ ਗਿਆ ਹੈ। ਗ਼ੈਰ-ਸਹਿਕਾਰੀ ਕਰਜ਼ਾ ਲੈਣ ਵਾਲਿਆਂ ਦੇ ਇਸ ਵਰਗ ਨੂੰ ਅੱਗੇ ਲਿਆਉਣ ਲਈ ਪੈਸੇ ਦੇ ਵਧੇਰੇ ਪ੍ਰਬੰਧ ਦੀ ਲੋੜ ਹੋਵੇਗੀ।

• ***ਅਸੈਂਟ ਰੀਕੰਸਟ੍ਰਕਸ਼ਨ ਕੰਪਨੀਜ਼ (ਏ ਆਰ ਸੀਜ਼) :*** ਆਰ ਬੀ ਆਈ ਨੇ ਅਸੈਂਟ ਰੀਕੰਸਟ੍ਰਕਸ਼ਨ ਕੰਪਨੀਆਂ (ਏ ਆਰ ਸੀਜ਼) ਲਈ ਨਿਯਮ ਸਖਤ ਕਰ ਦਿੱਤੇ ਹਨ। ਇਨ੍ਹਾਂ ਵਿੱਚ ਸੁਰੱਖਿਆ ਰਸੀਦਾਂ ਵਿੱਚ ਘੱਟੋ-ਘੱਟ 15 ਪ੍ਰਤਿਸ਼ਤ ਨਿਵੇਸ਼ ਕਰਨਾ ਪਵੇਗਾ ਜਦ ਕਿ ਪਹਿਲਾਂ ਇਹ ਸਿਰਫ 5 ਪ੍ਰਤਿਸ਼ਤ ਸੀ। ਇਸ ਕਦਮ ਨਾਲ ਏ ਆਰ ਸੀਜ਼ ਵਲੋਂ ਖਰੀਦੇ ਜਾਣ ਵਾਲੇ ਅਸੈਂਟਸ ਵਿੱਚ ਉਨ੍ਹਾਂ ਦਾ ਨਕਦੀ ਹਿੱਸਾ ਵਧੇਗਾ। ਇਸ ਤੋਂ ਇਲਾਵਾ ਵਧੇਰੇ ਨਕਦੀ ਵਾਲਾ ਫਰੰਟ ਹੋਣ ਕਾਰਨ ਬੈਂਕਾਂ ਨੂੰ ਆਪਣੀਆਂ ਬੈਲੈਂਸ ਸ਼ੀਟਾਂ ਕਲੀਅਰ ਕਰਨ ਲਈ ਵਧੇਰੇ ਸਹੂਲਤ ਮਿਲੇਗੀ।

• ***6 ਨਵੇਂ ਡੀ ਆਰ ਟੀਜ਼ ਦੀ ਸਥਾਪਨਾ :*** ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਚੰਡੀਗੜ੍ਹ, ਬੰਗਲੂਰੂ, ਐਰਨਾਕੁਲਮ, ਸਿਲੀਗੁੜੀ, ਦੇਹਰਾਦੂਨ ਅਤੇ ਹੈਦਰਾਬਾਦ ਵਿਖੇ 6 ਨਵੇਂ ਡੈਬਿਟ ਰਿਕਵਰੀ ਟ੍ਰਿਬਿਊਨਲ ਸਥਾਪਤ ਕੀਤੇ ਜਾਣ ਤਾਂ ਕਿ ਮਾੜੇ ਕਰਜ਼ਿਆਂ ਦੀ ਵਸੂਲੀ ਤੇਜ਼ ਹੋ ਸਕੇ।

***ਸਸ਼ਕਤੀਕਰਨ :*** ਸਰਕਾਰ ਨੇ ਇਕ ਸਰਕੂਲਰ ਜਾਰੀ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਵਲੋਂ ਕੋਈ ਦਖਲਅੰਦਾਜ਼ੀ ਨਹੀਂ ਹੋਵੇਗੀ ਅਤੇ ਬੈਂਕਾਂ ਨੂੰ ਆਪਣੇ ਫੈਸਲੇ ਸੁਤੰਤਰ ਤੌਰ ਤੇ ਲੈਣ ਲਈ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਕਿ ਉਹ ਆਪਣੇ ਵਪਾਰਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਲੈ ਸਕਣ।

## ਜਵਾਬਦੇਹੀ ਦਾ ਢਾਂਚਾ

• ਪ੍ਰਮੁੱਖ ਕਾਰਗੁਜ਼ਾਰੀ ਸੰਕੇਤਾਂ (ਕੇ ਪੀ ਆਈਜ਼) ਦਾ ਇਕ ਨਵਾਂ ਢਾਂਚਾ ਬਣਿਆ ਜੋ ਕਿ ਪੀ ਐੱਸ ਬੀਜ਼ ਦੀ ਕਾਰਗੁਜ਼ਾਰੀ ਨੂੰ ਮਾਪੇਗਾ।

• ਵਿੱਤੀ ਸੇਵਾਵਾਂ ਵਿਭਾਗ (ਡੀ ਐੱਫ ਐੱਸ) ਵਿਭਾਗ, ਵਿੱਤ ਮੰਤਰਾਲਾ ਨੇ ਪੀ ਐੱਸ ਬੀਜ਼ ਨੂੰ ਇਕ ਸਰਕੂਲਰ ਜਾਰੀ ਕੀਤਾ ਹੈ ਜਿਸ ਵਿੱਚ ਫਰਾਡ ਦੇ ਮਾਮਲੇ ਸੀ ਬੀ ਆਈ ਨੂੰ ਸੌਂਪਣ ਲਈ ਇਕ ਕਰੜੀ ਸਮੇਂ ਦੀ ਪਾਬੰਦੀ ਦਰਸਾਈ ਗਈ ਹੈ ਅਤੇ ਨਾਲ ਹੀ ਹਰ ਮਾਮਲੇ ਉੱਤੇ ਰੋਜ਼ਾਨਾ ਅਧਾਰ ਉੱਤੇ ਨਜ਼ਰ ਰੱਖਣ ਲਈ ਵੀ ਕਿਹਾ ਗਿਆ ਹੈ।

ਭਾਰਤ ਸਰਕਾਰ

ਵਿੱਤ ਮੰਤਰੀ ਦੀ ਅਗਵਾਈ ਵਿੱਚ ਪੀ ਐੱਸ ਯੂ ਬੈਂਕਾਂ ਦੇ ਰਲੇਵੇਂ ਉੱਤੇ ਨਜ਼ਰ ਰੱਖਣ ਲਈ ਪੈਨਲ

**ਪੀ ਐੱਸ ਯੂ ਬੈਂਕਾਂ ਦੀ ਇਕਸਾਰਤਾ ਲਈ ਤੇਜ਼ੀ ਲਿਆਉਣ ਲਈ ਬਦਲਵੀਂ ਮਸ਼ੀਨਰੀ**




ਸਰਕਾਰ ਨੇ ਇਕ ਮੰਤਰੀਆਂ ਦਾ ਪੈਨਲ ਐਲਾਨਿਆ ਜਿਸ ਦੀ ਅਗਵਾਈ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਕਰ ਰਹੇ ਹਨ, ਪੈਨਲ 21 ਜਨਤਕ ਖੇਤਰ ਦੇ ਬੈਂਕਾਂ ਦੇ ਰਲੇਵੇਂ ਉੱਤੇ ਨਜ਼ਰ ਰੱਖੇਗਾ।

ਸਰਕਾਰ ਵਲੋਂ ਬੈਂਕਾਂ ਲਈ ਐਲਾਨੀ 2.11 ਟ੍ਰਿਲੀਅਨ ਪੁਨਰ ਪੂੰਜੀਕਰਨ ਦੀ ਯੋਜਨਾ ਦੇ ਇਕ ਹਫ਼ਤੇ ਦੇ ਅੰਦਰ ਲਿਆ ਗਿਆ ਫੈਸਲਾ

ਪੈਨਲ ਦੇ ਮੈਂਬਰ : • ਰੇਲਵੇ ਅਤੇ ਕੋਲਾ ਮੰਤਰੀ ਪੀਯੂਸ਼ ਗੋਇਲ • ਰੱਖਿਆ ਮੰਤਰੀ ਨਿਰਮਲਾ ਸੀਤਾਰਮਣ

**ਚੱਕਬੰਦੀ**

- ਇਕੋ ਖੇਤਰ ਵਿੱਚ ਸੋਮਿਆਂ ਦੇ ਬਹੁਤਾਤ ਦੇ ਖਰਚੇ ਨੂੰ ਰੋਕੇਗਾ
- ਇਸ ਨਾਲ ਉਸ ਨੂੰ ਆਪਣੇ ਕ੍ਰੈਡਿਟ ਪੋਰਟਫੋਲਿਓ, ਜਿਸ ਵਿੱਚ ਦਬਾਅ ਹੇਠ ਆਏ ਅਸਾਸੇ ਵੀ ਸ਼ਾਮਿਲ ਹਨ, ਨਾਲ ਸਹੀ ਢੰਗ ਨਾਲ ਨਜਿੱਠਣ ਵਿੱਚ ਮਦਦ ਮਿਲ ਸਕੇਗੀ
- ਬੈਂਕਾਂ ਨੂੰ ਝਟਕਿਆਂ ਨਾਲ ਨਜਿੱਠਣ ਵਿੱਚ ਮਜ਼ਬੂਤੀ ਮਿਲੇਗੀ
- ਕਮਜ਼ੋਰ ਬੈਂਕਾਂ ਵਿੱਚ ਪੂੰਜੀ ਪਾਉਣ ਦੀ ਯੋਜਨਾ ਵਰਗੇ ਕਦਮਾਂ ਨਾਲ ਬਹਾਲੀ ਦੀ ਸੰਭਾਵਨਾ ਵਿੱਚ ਰੋਕ ਪਵੇਗੀ

• ਵੱਡੇ ਫਰਾਡਾਂ ਦੇ ਮਾਮਲੇ ਵਿੱਚ ਤੁਰੰਤ ਵਿਜੀਲੈਂਸ ਕਾਰਵਾਈ ਲਈ ਨਿਯਮਾਂ ਨੂੰ ਠੀਕ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਆਰ ਬੀ ਆਈ ਨੇ ਮਈ 2015 ਵਿੱਚ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਤਾਂ ਕਿ ਕਰਜ਼ਾ ਧੋਖਾ-ਧੜੀਆਂ ਨਾਲ ਨਜਿੱਠਣ ਦੇ ਢਾਂਚੇ ਨੂੰ ਨਿਯਮਬੱਧ ਕੀਤਾ ਜਾ ਸਕੇ।

## ਪ੍ਰਬੰਧਕੀ ਸੁਧਾਰ

ਪ੍ਰਬੰਧਕੀ ਸੁਧਾਰਾਂ ਦਾ ਅਮਲ 'ਗਿਆਨ ਸੰਗਮ' ਨਾਲ ਸ਼ੁਰੂ ਕੀਤਾ ਗਿਆ। ਇਹ ਇਕ ਸੰਮੇਲਨ ਸੀ ਜੋ ਕਿ ਪੀ ਐੱਸ ਬੀਜ਼ ਵਲੋਂ ਆਫ ਆਈਜ਼ ਦੀ ਮਦਦ ਨਾਲ ਪੁਣੇ ਵਿੱਚ 2015 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਵਿੱਚ ਸਾਰੇ ਭਾਈਵਾਲਾਂ ਨੇ ਜਿਨ੍ਹਾਂ ਵਿੱਚ ਗਵਰਨਰ ਆਰ ਬੀ ਆਈ ਅਤੇ ਸਾਰੇ ਪੀ ਐੱਸ ਬੀਜ਼ ਅਤੇ ਐਫ ਬੀ ਆਈ ਦੇ ਸੀ ਐੱਮ ਡੀ ਸ਼ਾਮਿਲ ਹੋਏ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ, ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਅਤੇ ਵਿੱਤ ਰਾਜ ਮੰਤਰੀ ਸ੍ਰੀ ਜਯੰਤ ਸਿਨਹਾ ਨੇ ਇਸ ਨੂੰ ਸੰਬੋਧਨ ਕੀਤਾ ਅਤੇ ਹਿੱਸਾ ਲੈਣ ਵਾਲਿਆਂ ਨਾਲ ਖੁੱਲ੍ਹ ਕੇ ਚਰਚਾ ਕੀਤੀ ਤਾਂ ਕਿ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾ ਸਕਣ।

ਪ੍ਰਧਾਨ ਮੰਤਰੀ ਨੇ ਬੈਂਕਾਂ ਦੀ ਕਾਰਗੁਜ਼ਾਰੀ ਸੁਧਾਰਨ ਲਈ ਸਰਕਾਰ ਦਾ ਸਮੁੱਚਾ ਨਜ਼ਰੀਆ ਪੇਸ਼ ਕੀਤਾ। ਉਨ੍ਹਾਂ ਨੇ ਬੈਂਕਾਂ ਨੂੰ ਵਿੱਤੀ ਖੁਦਮੁਖਤਾਰੀ ਦੇਣ ਅਤੇ ਸਰਕਾਰ ਦੀ ਕੋਈ ਦਖਲਅੰਦਾਜ਼ੀ ਨਾ ਹੋਣ ਦਾ ਭਰੋਸਾ ਵੀ ਦਿੱਤਾ। ਪਰ ਉਨ੍ਹਾਂ ਕਿਹਾ ਕਿ ਇਸ ਲਈ ਜਵਾਬਦੇਹੀ ਜ਼ਰੂਰੀ ਹੈ।

ਗਿਆਨ ਸੰਗਮ ਦੀਆਂ ਸਿਫਾਰਸ਼ਾਂ ਵਿੱਚ ਹੋਰਨਾਂ ਤੋਂ ਇਲਾਵਾ ਰਿਸਕ ਮੈਨੇਜਮੈਂਟ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਵੀ ਸੀ। ਮੁੱਖ ਜ਼ੋਰ ਐੱਚ ਆਰ ਮੈਨੇਜਮੈਂਟ ਢੰਗਾਂ ਵਿੱਚ ਸੁਧਾਰ ਕਰਨਾ ਅਤੇ ਰੁਕਾਵਟਾਂ ਨੂੰ ਹਟਾਉਣ ਉੱਤੇ ਸੀ ਤਾਂ ਕਿ ਬੈਂਕ ਸਾਂਝੇ ਸੋਮਿਆਂ ਉੱਤੇ ਆਪਣੇ ਵਿਚਾਰ ਸਾਂਝੇ ਕਰ ਸਕਣ। ਬੈਂਕ ਬੋਰਡਾਂ ਨੂੰ ਸ਼ਕਤੀ ਦੇਣ ਲਈ ਕਈ ਕਦਮ ਚੁੱਕੇ ਗਏ।

ਪਿਛਲੇ ਇਕ ਸਾਲ ਵਿੱਚ ਬੈਂਕਿੰਗ ਸੁਧਾਰ ਨਾਲ ਸੰਬੰਧਿਤ ਪਹਿਲਕਦਮੀਆਂ ਇਸ ਤਰ੍ਹਾਂ ਕੀਤੀਆਂ ਗਈਆਂ

• ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ : ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ 28 ਮਈ 2016 ਨੂੰ ਪਾਸ ਕੀਤਾ ਗਿਆ। ਇਸ ਦਾ ਉਦੇਸ਼ ਕੰਪਨੀਆਂ ਦੇ ਦੀਵਾਲੀਏਪਨ ਨਾਲ ਸੰਬੰਧਿਤ ਕਾਨੂੰਨਾਂ ਨੂੰ ਮਜ਼ਬੂਤ ਕਰਨਾ ਸੀ। ਇਸ ਤੋਂ ਇਲਾਵਾ ਇਸ ਦਾ ਉਦੇਸ਼ ਅਸੀਮਤ ਦੇਣਦਾਰੀਆਂ ਭਾਈਵਾਲੀਆਂ, ਜਿਨ੍ਹਾਂ ਦਾ ਕਿ ਇਸ ਵੇਲੇ ਕਈ



ਕਾਨੂੰਨਾਂ ਵਿੱਚ ਜ਼ਿਕਰ ਆਉਂਦਾ ਹੈ, ਨੂੰ ਇਕ ਹੀ ਕਾਨੂੰਨ ਅਧੀਨ ਲਿਆਉਣਾ ਸੀ। ਬੀਤੇ ਦਿਨੀਂ ਆਈ ਬੀ ਸੀ ਵਿੱਚ ਕਈ ਸੋਧਾਂ ਕੀਤੀਆਂ ਗਈਆਂ ਤਾਂ ਕਿ ਇਹ ਯਕੀਨੀ ਬਣ ਸਕੇ ਕਿ ਜੋ ਜਾਣ ਬੁੱਝ ਕੇ ਅਦਾਇਗੀਆਂ ਨਹੀਂ ਕਰਦੇ ਉਨ੍ਹਾਂ ਨੂੰ ਆਪਣੇ ਹੀ ਨੀਲਾਮ ਹੋ ਰਹੇ ਅਦਾਰਿਆਂ ਦੀ ਮੁੜ ਬੋਲੀ ਦੇਣ ਤੋਂ ਰੋਕਿਆ ਜਾ ਸਕੇ ਕਿਉਂਕਿ ਇਸ ਨਾਲ ਬੈਂਕਾਂ ਦਾ ਐੱਨ ਪੀ ਏ ਵਧ ਰਿਹਾ ਹੈ।

***ਪੀ ਐੱਸ ਬੀਜ਼ ਦਾ ਪੁਨਰ ਪੂੰਜੀਕਰਨ :*** ਕਰਜ਼ੇ ਦੇ ਵਿਕਾਸ ਨੂੰ ਅਤੇ ਹੋਰ ਨੌਕਰੀਆਂ ਪੈਦਾ ਕਰਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੇ ਸਰਕਾਰੀ ਬੈਂਕਾਂ ਦਾ ਪੁਨਰ ਪੂੰਜੀਕਰਨ ਕਰਨ ਦਾ ਫੈਸਲਾ ਕੀਤਾ ਹੈ। ਇਸ ਅਧੀਨ ਚਾਲੂ ਮਾਲੀ ਸਾਲ ਵਿੱਚ ਵੱਧ ਤੋਂ ਵੱਧ ਅਲਾਟਮੈਂਟ ਹੋਵੇਗੀ ਅਤੇ ਅਗਲੇ ਦੋ ਸਾਲਾਂ ਵਿੱਚ 2,11,000 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ, ਜਿਸ ਵਿੱਚੋਂ 18139 ਕਰੋੜ ਰੁਪਏ ਬਜਟ ਸਹਾਇਤਾ ਵਜੋਂ, 1,35,000 ਕਰੋੜ ਰੁਪਏ ਬਾਂਡ ਜਾਰੀ ਕਰਕੇ ਅਤੇ ਬਾਕੀ ਰਕਮ ਮਾਰਕੀਟ ਵਿੱਚੋਂ ਸਰਕਾਰੀ ਇਕਵਿਟੀ ਰਾਹੀਂ ਹਾਸਿਲ ਕੀਤੀ ਜਾਵੇਗੀ (ਅਨੁਮਾਨਤ 58,000 ਕਰੋੜ ਰੁਪਏ)। ਇਨ੍ਹਾਂ ਸਭ ਕਦਮਾਂ ਦਾ ਉਦੇਸ਼ ਕਰਜ਼ਾ ਸਹਾਇਤਾ ਅਤੇ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਦੇਣਾ ਹੈ।

ਬੈਂਕਾਂ ਵਿੱਚ ਇਕਸਾਰਤਾ ਲਿਆਉਣਾ : ਭਾਵੇਂ ਕਿ ਇਕਸਾਰਤਾ ਲਿਆਉਣਾ ਪਿਛਲੇ ਸਾਲਾਂ ਤੋਂ ਰਿਜ਼ਰਵ ਬੈਂਕ ਦੇ ਏਜੰਡੇ ਵਿੱਚ ਹੈ ਪਰ ਐਸ ਬੀ ਆਈ ਦੇ 6 ਸਹਾਇਕ ਬੈਂਕਾਂ ਅਤੇ ਮਹਿਲਾ ਬੈਂਕ ਨੂੰ ਇਸ ਵਿੱਚ ਮਿਲਾਉਣ ਤੋਂ ਇਲਾਵਾ ਕੋਈ ਵੱਡਾ ਰਲੇਵਾਂ ਨਹੀਂ ਹੋਇਆ। ਇਕਸਾਰਤਾ ਸਿਰਫ ਕੁੱਝ ਨਿੱਜੀ ਬੈਂਕਾਂ ਤੱਕ ਹੀ ਸੀਮਤ ਰਹੀ। ਆਰ ਬੀ ਆਈ ਗਵਰਨਰ ਡਾ. ਊਰਜਿਤ ਪਟੇਲ ਨੇ ਕਿਹਾ ਹੈ ਕਿ ਇੰਡੀਅਨ ਬੈਂਕ ਸਿਸਟਮ ਵਧੀਆ ਹੋ ਜਾਣਾ ਸੀ ਜੇ ਜਨਤਕ ਖੇਤਰ ਦੇ ਕੁੱਝ ਹੋਰ ਬੈਂਕ ਇਕੱਠੇ ਹੋ ਗਏ ਹੁੰਦੇ।

ਇਸ ਦੌਰਾਨ ਜਨਤਕ ਖੇਤਰ ਦੇ ਬੈਂਕਾਂ ਨੂੰ ਇਕੱਠਾ ਕਰਨ ਉੱਤੇ ਵਿਚਾਰ ਲਈ ਇਕ ਬਦਲਵੀਂ ਮਸ਼ੀਨਰੀ ਕਾਇਮ ਕੀਤੀ ਗਈ ਹੈ। ਇਹ ਮਸ਼ੀਨਰੀ ਕੇਂਦਰੀ ਵਿੱਤ ਅਤੇ ਕਾਰਪੋਰੇਟ ਮਾਮਲਿਆਂ ਦੇ ਮੰਤਰੀ ਸ਼੍ਰੀ ਅਰੁਣ ਜੇਤਲੀ ਦੀ ਅਗਵਾਈ ਹੇਠ ਕਾਇਮ ਕੀਤੀ ਗਈ ਹੈ। ਇਹ ਮਸ਼ੀਨਰੀ ਹੇਠ ਲਿਖੇ ਅਨੁਸਾਰ ਹੋਵੇਗੀ। :

***ਚੇਅਰਪਰਸਨ :*** ਸ਼੍ਰੀ ਅਰੁਣ ਜੇਤਲੀ, ਵਿੱਤੀ ਅਤੇ ਕਾਰਪੋਰੇਟ ਮਾਮਲਿਆਂ ਦੇ ਮੰਤਰੀ।

***ਮੈਂਬਰ*** – ਸ਼੍ਰੀ ਪੀਯੂਸ਼ ਗੋਇਲ, ਰੇਲ ਅਤੇ ਕੋਲਾ ਮੰਤਰੀ।

***ਮੈਂਬਰ*** – ਸ਼੍ਰੀਮਤੀ ਨਿਰਮਲਾ ਸੀਤਾਰਮਣ, ਰੱਖਿਆ ਮੰਤਰੀ।

ਬੈਂਕਾਂ ਤੋਂ ਸਿਧਾਂਤਕ ਤੌਰ ਤੇ ਰਲੇਵੇਂ ਬਾਰੇ ਜੋ ਪ੍ਰਸਤਾਵ ਹਾਸਿਲ ਹੋਣਗੇ ਉਨ੍ਹਾਂ ਨੂੰ ਉਕਤ ਮਸ਼ੀਨਰੀ ਸਾਹਮਣੇ ਰੱਖਿਆ ਜਾਵੇਗਾ। ਇਸ ਮਸ਼ੀਨਰੀ ਵੱਲੋਂ ਪਾਸ ਕੀਤੇ ਗਏ ਪ੍ਰਸਤਾਵਾਂ ਨੂੰ ਹਰ ਤਿੰਨ ਮਹੀਨੇ ਬਾਅਦ ਮੰਤਰੀ ਮੰਡਲ ਕੋਲ ਭੇਜਿਆ ਜਾਵੇਗਾ। ਇਹ ਮਸ਼ੀਨਰੀ ਬੈਂਕਾਂ ਨੂੰ ਆਪ ਵੀ ਰਲੇਵੇਂ ਦੇ ਪ੍ਰਸਤਾਵਾਂ ਉੱਤੇ ਵਿਚਾਰ ਕਰਨ ਲਈ ਕਹਿ ਸਕਦੀ ਹੈ। ਇਸ ਸੰਬੰਧੀ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਇਸ ਨੂੰ ਸੁਝਾਅ ਮਿਲਣਗੇ। ਇਹ ਬਦਲਵੀਂ ਮਸ਼ੀਨਰੀ ਰਲੇਵੇਂ ਦੇ ਪ੍ਰਸਤਾਵਾਂ ਉੱਤੇ ਵਿਚਾਰ ਕਰਨ ਲਈ ਆਪਣਾ ਢੰਗ ਤਰੀਕਾ ਆਪ ਤਿਆਰ ਕਰੇਗੀ। ਇਸ ਦੇ ਲਈ ਇਸ ਨੂੰ ਰਾਸ਼ਟਰੀਕਰਨ ਕਾਨੂੰਨ (ਬੈਂਕਿੰਗ ਕੰਪਨੀਜ਼, ਅਦਾਰਿਆਂ ਦੀ ਪ੍ਰਾਪਤੀਆਂ ਅਤੇ ਤਬਾਦਲਾ) ਕਾਨੂੰਨ, 1970 ਅਤੇ 1980 ਤੋਂ ਮਦਦ ਮਿਲੇਗੀ। ਤਿਆਰ ਕੀਤੀ ਅੰਤਿਮ ਸਕੀਮ ਨੂੰ ਕੇਂਦਰ ਸਰਕਾਰ ਵਲੋਂ ਪ੍ਰਵਾਨਗੀ ਦਿੱਤੀ ਜਾਵੇਗੀ ਅਤੇ ਉਸ ਨੂੰ ਸੰਸਦ ਦੇ ਦੋਹਾਂ ਸਦਨਾਂ ਵਿੱਚ ਰੱਖਿਆ ਜਾਵੇਗਾ। ਬਦਲਵੀਂ ਮਸ਼ੀਨਰੀ ਦੀ ਸੇਵਾ ਵਿੱਤ ਸੇਵਾਵਾਂ ਬਾਰੇ ਵਿਭਾਗ ਵਲੋਂ ਕੀਤੀ ਜਾਵੇਗੀ।

ਉਪਰੋਕਤ ਤੋਂ ਇਲਾਵਾ ਕੇਂਦਰ ਸਰਕਾਰ ਨੇੜ ਭਵਿੱਖ ਵਿੱਚ ਇੰਦਰਧਨੁਸ਼ 2.0 ਯੋਜਨਾ ਨਾਲ ਸਾਹਮਣੇ ਆਵੇਗੀ। ਇਹ ਯੋਜਨਾ ਜਨਤਕ ਖੇਤਰ ਦੇ ਉਧਾਰ ਦੇਣ ਵਾਲੇ ਦੇ ਪੁਨਰ ਪੂੰਜੀਕਰਨ ਲਈ ਹੋਵੇਗੀ ਅਤੇ ਇਸ ਵਿੱਚ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹ ਕੰਪਨੀਆਂ ਪੂਰੀ ਤਰ੍ਹਾਂ ਵਿਸ਼ਵ ਪੂੰਜੀ ਲਗਾਉਣ ਦੀਆਂ ਬੈਸਿਲ-3 ਸ਼ਰਤਾਂ ਨੂੰ ਪੂਰਾ ਕਰਦੀਆਂ ਹੋਣ ਪਰ ਇੰਦਰਧਨੁਸ਼-2 ਨੂੰ ਅਸੈੱਟ ਕਵਾਲਿਟੀ ਜਾਇਜ਼ੇ (ਏ ਕਿਊ ਆਰ) ਦੇ ਬਾਅਦ ਅੰਤਿਮ ਰੂਪ ਦਿੱਤਾ ਜਾਵੇਗਾ। ਇਹ ਜਾਇਜ਼ਾ ਰਿਜ਼ਰਵ ਬੈਂਕ ਆਫ ਇੰਡੀਆ ਵਲੋਂ ਲਿਆ ਜਾਵੇਗਾ। ਨੰਬਰਾਂ ਉੱਤੇ ਸੋਧੇ ਹੋਏ ਪ੍ਰੋਗਰਾਮਾਂ ਅਨੁਸਾਰ ਮੁੜ ਨਜ਼ਰ ਮਾਰੀ ਜਾ ਰਹੀ ਹੈ ਅਤੇ ਸਰਕਾਰੀ ਬੈਂਕਾਂ ਦੇ ਪੂੰਜੀਕਰਨ ਦਾ ਇਕ ਸੋਧਿਆ ਹੋਇਆ ਇੰਦਰਧਨੁਸ਼-2 ਅਧੀਨ ਜਾਰੀ ਕੀਤਾ ਜਾਵੇਗਾ।

*(ਲੇਖਕ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਦੇ ਪੱਤਰ ਸੂਚਨਾ ਦਫ਼ਤਰ ਦੇ ਡਾਇਰੈਕਟਰ ਜਨਰਲ ਹਨ)*

*e-mail :dprfinance@gmail.com*

# ਹਾਈਵੇ ਵਿਕਾਸ ਵਿੱਚ ਇਕ ਨਵੀਂ ਘਟਨਾ

ਯੁੱਧਵੀਰ ਸਿੰਘ ਮਲਿਕ

> **ਭਾਰਤਮਾਲਾ ਅਗਾਂਹ ਵੱਲ ਨੂੰ ਇਕ ਵੱਡਾ ਕਦਮ ਹੈ ਜੋ ਕਿ ਦੇਸ਼ ਭਰ ਵਿੱਚ ਰਾਸ਼ਟਰੀ ਹਾਈਵੇਜ਼ (ਐੱਨ ਐੱਚ) ਦੇ ਵਿਕਾਸ, ਆਪਰੇਸ਼ਨ ਅਤੇ ਸਾਂਭ ਸੰਭਾਲ ਲਈ ਹੈ ਅਤੇ ਕਾਰੀਡੋਰ ਪਹੁੰਚ ਉੱਤੇ ਅਧਾਰਤ ਹੈ। ਭਾਰਤਮਾਲਾ ਦਾ ਉਦੇਸ਼ ਦੇਸ਼ ਵਿੱਚ ਰਾਸ਼ਟਰੀ ਹਾਈਵੇਜ਼ ਉੱਤੇ ਵਿਅਕਤੀਆਂ ਅਤੇ ਸਮਾਨ ਦੀ ਵੱਧ ਤੋਂ ਵੱਧ ਆਵਾਜਾਈ ਨੂੰ ਯਕੀਨੀ ਬਣਾਉਣਾ ਹੈ।**

## ਜਾਣ-ਪਛਾਣ

ਮੰਤਰੀ ਮੰਡਲ ਦੀ ਆਰਥਿਕ ਮਾਮਲਿਆਂ ਬਾਰੇ ਕਮੇਟੀ ਵਲੋਂ ਭਾਰਤਮਾਲਾ ਪਰਿਯੋਜਨਾ ਦੇ ਪਹਿਲੇ ਪੜਾਅ ਨੂੰ ਪ੍ਰਵਾਨਗੀ 24 ਅਕਤੂਬਰ 2017 ਨੂੰ ਹੋਈ ਆਪਣੀ ਮੀਟਿੰਗ ਵਿੱਚ ਦਿੱਤੀ ਗਈ ਸੀ। ਭਾਰਤਮਾਲਾ ਦੇਸ਼ ਲਈ ਇਕ ਵਿਸਤ੍ਰਿਤ ਹਾਈਵੇ ਵਿਕਾਸ ਪ੍ਰੋਗਰਾਮ ਹੈ। ਹਾਈਵੇਜ਼ ਖੇਤਰ ਭਾਰਤ ਵਿੱਚ ਇਕ ਅਹਿਮ ਢਾਂਚਾ ਖੇਤਰ ਵਜੋਂ ਚੱਲਿਆ ਆ ਰਿਹਾ ਹੈ ਕਿਉਂਕਿ ਢੁਆਈ ਦੀਆਂ ਵਧ ਰਹੀਆਂ ਲੋੜਾਂ ਅਤੇ ਇਨ੍ਹਾਂ ਨੂੰ ਪੂਰਾ ਕਰਨ ਵਿੱਚ ਖੱਪਾ ਮੌਜੂਦ ਹੈ। ਭਾਰਤਮਾਲਾ ਦੇਸ਼ ਵਿੱਚ ਹਾਈਵੇਜ਼ ਢਾਂਚੇ ਦੇ ਖੇਤਰ ਵਿੱਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੈ।

- ਨੈਸ਼ਨਲ ਹਾਈਵੇਜ਼ ਡਿਵੈਲਪਮੈਂਟ ਪ੍ਰਾਜੈਕਟ (ਐੱਨ ਐੱਚ ਡੀ ਪੀ) ਦੇਸ਼ ਵਿੱਚ ਪਹਿਲਾ ਪ੍ਰਮੁੱਖ ਹਾਈਵੇ ਵਿਕਾਸ ਪ੍ਰਾਜੈਕਟ ਸੀ ਜੋ ਕਿ ਐੱਨ ਡੀ ਏ ਸਰਕਾਰ ਵਲੋਂ 1998 ਵਿੱਚ ਸ਼ੁਰੂ ਕੀਤਾ ਗਿਆ ਸੀ। ਐੱਨ ਐੱਚ ਡੀ ਪੀ ਤੋਂ ਮਿਲੇ ਤਜਰਬੇ ਦੇ ਅਧਾਰ ਉੱਤੇ, ਭਾਰਤਮਾਲਾ ਅਗਾਂਹ ਵੱਲ ਨੂੰ ਇਕ ਵੱਡਾ ਕਦਮ ਹੈ ਜੋ ਕਿ ਦੇਸ਼ ਭਰ ਵਿੱਚ ਰਾਸ਼ਟਰੀ ਹਾਈਵੇਜ਼ (ਐੱਨ ਐੱਚ) ਦੇ ਵਿਕਾਸ, ਆਪਰੇਸ਼ਨ ਅਤੇ ਸਾਂਭ ਸੰਭਾਲ ਲਈ ਹੈ ਅਤੇ ਕਾਰੀਡੋਰ ਪਹੁੰਚ ਉੱਤੇ ਅਧਾਰਤ ਹੈ। ਭਾਰਤਮਾਲਾ ਦਾ ਉਦੇਸ਼ ਦੇਸ਼ ਵਿੱਚ ਰਾਸ਼ਟਰੀ ਹਾਈਵੇਜ਼ ਉੱਤੇ ਵਿਅਕਤੀਆਂ ਅਤੇ ਸਮਾਨ ਦੀ ਵੱਧ ਤੋਂ ਵੱਧ ਆਵਾਜਾਈ ਨੂੰ ਯਕੀਨੀ ਬਣਾਉਣਾ ਹੈ।

### ਭਾਰਤਮਾਲਾ ਦੀ ਡਿਜ਼ਾਈਨਿੰਗ ਲਈ ਪਹੁੰਚ

- ਵਧੇਰੇ ਆਬਾਦੀ ਵਾਲੇ ਸ਼ੁਰੂ ਤੋਂ ਅਖੀਰ ਤੱਕ ਦੇ ਟਿਕਾਣਿਆਂ (ਓ-ਡੀ ਪੇਅਰਜ਼) ਤੱਕ ਵਸਤਾਂ ਦੀ ਆਵਾਜਾਈ ਬਾਰੇ ਇਕ ਵਿਸਤ੍ਰਿਤ ਅਧਿਐਨ ਵਿਗਿਆਨਕ ਢੰਗ ਨਾਲ ਕਰਵਾਇਆ ਗਿਆ। ਇਸ ਤੋਂ ਬਾਅਦ ਇਕ ਸੋਚੀ ਹੋਈ ਰਣਨੀਤੀ ਤਿਆਰ ਕੀਤੀ ਗਈ ਤਾਂ ਕਿ ਨਵੇਂ ਆਰਥਿਕ ਕਾਰੀਡੋਰ ਵਿਕਸਤ ਕੀਤੇ ਜਾ ਸਕਣ ਅਤੇ ਆਰਥਿਕ ਖੇਤਰ ਦੀ ਮੁਹਾਰਤ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ ਜਿਸ ਦਾ ਆਰਥਿਕਤਾ ਉੱਤੇ ਬਹੁ-ਪੱਖੀ ਪ੍ਰਭਾਵ ਪਵੇ। ਇਸ ਓ ਡੀ ਅਧਿਐਨ ਵੇਲੇ ਐੱਨ ਐੱਚ ਡੀ ਪੀ ਅਧੀਨ ਚੱਲ ਰਹੇ ਪ੍ਰਾਜੈਕਟਾਂ ਨੂੰ ਆਰਥਿਕ ਕਾਰੀਡੋਰ ਨਾਲ ਸੰਗਠਿਤ ਕਰਨ ਨੂੰ ਧਿਆਨ ਵਿੱਚ ਰੱਖਿਆ ਗਿਆ।

- ਇਸ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਕਿ ਦੇਸ਼ ਦੇ ਵਧੇਰੇ ਆਰਥਿਕ ਕਾਰੀਡੋਰਾਂ ਵਿੱਚ ਬੇਤਰਤੀਬਾ ਜਿਹਾ ਢਾਂਚਾ ਹੈ। ਉਦਾਹਰਣ ਵਜੋਂ ਮੁੰਬਈ-ਕੋਲਕਾਤਾ ਕਾਰੀਡੋਰ ਵਿੱਚ ਓਡੀਸ਼ਾ ਰਾਜ ਵਿੱਚ ਇਕ ਅਜਿਹਾ ਹਿੱਸਾ ਵੀ ਹੈ ਜੋ ਕਿ ਦੋ ਸੜਕੀ ਹੈ ਅਤੇ ਇਸ ਵਿੱਚ ਕਈ ਵਾਰੀ ਲੇਨ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਜੇ ਇਸ ਸਾਰੇ ਹਿੱਸੇ ਨੂੰ ਅੱਪਗ੍ਰੇਡ ਕਰਕੇ ਇਸ ਵਿੱਚ ਫੋਰ ਲੇਨ ਸਹੂਲਤ ਮੁਹੱਈਆ ਨਾ ਕਰਵਾਈ ਗਈ ਤਾਂ ਟ੍ਰੈਫਿਕ ਆਵਾਜਾਈ ਵਿੱਚ ਰੁਕਾਵਟ ਪੈਂਦੀ ਰਹੇਗੀ ਜਿਸ ਨਾਲ ਢੁਆਈ ਦਾ ਖਰਚਾ ਵਧਦਾ ਰਹੇਗਾ ਅਤੇ ਇਸ ਤਰ੍ਹਾਂ ਸਟੀਲ ਅਤੇ ਬਿਜਲੀ ਦੇ ਭਾਅ ਵਧਦੇ ਰਹਿਣਗੇ। ਇਸ ਲਈ ਦੇਸ਼ ਭਰ ਵਿੱਚ ਕਾਰੀਡੋਰਾਂ ਵਿੱਚ ਇਕਸੁਰਤਾ ਬਣਾਈ ਰੱਖਣ ਦੀ ਭਾਰੀ ਲੋੜ ਹੈ।

- ਨਵੇਂ ਕਾਰੀਡੋਰਾਂ ਅਤੇ ਫੀਡਰ ਰੂਟਾਂ ਦੇ ਵਿਕਾਸ ਤੋਂ ਇਲਾਵਾ ਰਾਸ਼ਟਰੀ ਹਾਈਵੇਜ਼ ਵਿਕਾਸ ਪ੍ਰਾਜੈਕਟਾਂ (ਐੱਨ ਐੱਚ ਡੀ ਪੀ) ਅਧੀਨ ਸਾਰੇ ਸੜਕ ਟੁਕੜਿਆਂ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ। ਤਾਂ ਕਿ ਇਨ੍ਹਾਂ ਖੇਤਰਾਂ ਵਿੱਚ ਬਾਈਪਾਸਾਂ, ਰਿੰਗ ਸੜਕਾਂ ਦਾ ਵਿਕਾਸ ਕਰਕੇ ਭੀੜ-ਭੜੱਕਾ ਘਟਾਇਆ ਜਾ ਸਕੇ ਅਤੇ ਨਾਲ ਹੀ ਮਲਟੀਮਾਡਲ

ਲਾਜਿਸਟਿਕਸ ਪਾਰਕ ਵਿਕਸਤ ਕੀਤੇ ਜਾਣ।

• ਸਰਹੱਦੀ ਅਤੇ ਸਮੁੰਦਰ ਕੰਢੇ ਦੇ ਨਾਲ-ਨਾਲ ਢਾਂਚੇ ਦਾ ਵਿਕਾਸ ਭਾਰਤ ਦੀਆਂ ਬਰਾਮਦਾਂ-ਦਰਾਮਦਾਂ (ਐਕਸਿਮ) ਵਪਾਰ ਵਿੱਚ ਵਾਧੇ ਲਈ ਅਹਿਮ ਹੈ। ਸਰਹੱਦੀ ਸੜਕਾਂ ਦੀ ਪਛਾਣ ਨਾਜ਼ੁਕਤਾ ਦੀ ਅਹਿਮੀਅਤ ਦੇ ਅਧਾਰ ਉੱਤੇ ਕੀਤੀ ਗਈ ਹੈ ਤਾਂ ਕਿ ਭਾਰਤ ਦੇ ਗੁਆਂਢੀਆਂ - ਨੇਪਾਲ, ਬੰਗਲਾਦੇਸ਼ ਅਤੇ ਭੂਟਾਨ ਨਾਲ ਵਪਾਰ ਸੰਪਰਕ ਵਧਾਏ ਜਾ ਸਕਣ। ਸਮੁੰਦਰੀ ਕੰਢੇ ਦੀਆਂ ਸੜਕਾਂ ਦਾ ਵਿਕਾਸ ਅਤੇ ਬੰਦਰਗਾਹਾਂ ਨਾਲ ਸੰਪਰਕ ਜਹਾਜ਼ਰਾਨੀ ਮੰਤਰਾਲਾ ਦੇ ਸਾਗਰਮਾਲਾ ਪ੍ਰਾਜੈਕਟ ਅਧੀਨ ਕੀਤਾ ਗਿਆ ਹੈ।

• ਪ੍ਰਾਜੈਕਟ ਅਧਾਰਤ ਸੜਕ ਵਿਕਾਸ ਤੋਂ ਧਿਆਨ ਹਟਾ ਕੇ ਇਸ ਨੂੰ ਕਾਰੀਡੋਰ ਅਧਾਰਤ ਕਰਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਅਤੇ ਨਾਜ਼ੁਕ ਖੱਪਿਆਂ ਨੂੰ ਪੂਰਦੇ ਹੋਏ ਹੀ ਮਾਰਥ (ਐੱਮ ਓ ਆਰ ਟੀ ਐੱਚ) ਨੇ ਭਾਰਤਮਾਲਾ ਪਰਿਯੋਜਨਾ ਦਾ ਡਿਜ਼ਾਈਨ ਤਿਆਰ ਕੀਤਾ।


## ਭਾਰਤਮਾਲਾ-ਛੇ ਅੰਗ

• ***ਆਰਥਿਕ ਕਾਰੀਡੋਰ*** – ਆਰਥਿਕ ਅਹਿਮੀਅਤ ਵਾਲੇ ਪਛਾਣੇ ਗਏ ਆਰਥਿਕ ਕਾਰੀਡੋਰਾਂ ਰਾਹੀਂ ਆਉਣ ਵਾਲੇ ਸਾਲਾਂ ਵਿੱਚ 25 ਪ੍ਰਤਿਸ਼ਤ ਸਮਾਨ ਦੀ ਢੁਆਈ ਕੀਤੇ ਜਾਣ ਦੀ ਆਸ ਹੈ। ਇਕ ਵਾਰੀ ਤਿਆਰ ਹੋ ਜਾਣ ਉੱਤੇ ਰਾਸ਼ਟਰੀ ਅਤੇ ਆਰਥਿਕ ਕਾਰੀਡੋਰ ਅੰਦਰੂਨੀ ਕਾਰੀਡੋਰਾਂ ਅਤੇ ਫੀਡਰ ਰੂਟਾਂ ਨਾਲ ਮਾਲ ਟ੍ਰੈਫਿਕ ਦੇ 80 ਪ੍ਰਤਿਸ਼ਤ ਦੀ ਢੁਆਈ ਕਰ ਸਕਣਗੇ। ਕੁੱਲ 26200 ਕਿਲੋਮੀਟਰ ਕਾਰੀਡੋਰਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦਾ ਆਰਥਿਕ ਕਾਰੀਡੋਰਾਂ ਵਜੋਂ ਵਿਕਾਸ ਕੀਤਾ ਜਾਵੇਗਾ। ਇਨ੍ਹਾਂ ਵਿੱਚੋਂ ਪਹਿਲੇ ਪੜਾਅ ਵਿੱਚ 9000 ਕਿਲੋਮੀਟਰ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ।

• ***ਅੰਤਰ-ਕਾਰੀਡੋਰ ਅਤੇ ਫੀਡਰ ਰੋਡਜ਼*** – ਤਕਰੀਬਨ 8000 ਕਿਲੋਮੀਟਰ ਅੰਤਰ ਕਾਰੀਡੋਰ ਅਤੇ ਲਗਭਗ 7500 ਕਿਲੋਮੀਟਰ ਪੀਡਰ ਰੂਟਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਵਿੱਚੋਂ 6000 ਕਿਲੋਮੀਟਰ ਦਾ ਕੰਮ ਪਹਿਲੇ ਪੜਾਅ ਵਿੱਚ ਕੀਤਾ ਜਾ ਰਿਹਾ ਹੈ।

• ***ਰਾਸ਼ਟਰੀ ਕਾਰੀਡੋਰ ਨਿਪੁੰਨਤਾ ਵਿੱਚ ਸੁਧਾਰ*** – ਗੋਲਡਨ ਕੁਆਰਡਰੀ ਲੈਟਰਲ ਅਤੇ ਉੱਤਰ ਦੱਖਣੀ ਅਤੇ ਉੱਤਰ ਪੱਛਮੀ ਕਾਰੀਡੋਰ ਦੇਸ਼ ਦੇ ਕੁੱਲ ਸਮਾਨ ਦਾ 35 ਪ੍ਰਤਿਸ਼ਤ ਲਿਜਾਉਂਦੇ ਹਨ ਅਤੇ ਇਨ੍ਹਾਂ ਨੂੰ ਕੌਮੀ ਕਾਰੀਡੋਰ ਐਲਾਨੇ ਜਾਣ ਦਾ ਪ੍ਰਸਤਾਵ ਹੈ। ਇਨ੍ਹਾਂ 6 ਰਾਸ਼ਟਰੀ ਕਾਰੀਡੋਰਾਂ ਉੱਤੇ ਔਸਤਨ ਟ੍ਰੈਫਿਕ 30,000 ਪੀ ਸੀ ਯੂ ਤੋਂ ਜ਼ਿਆਦਾ ਹੈ। ਇਨ੍ਹਾਂ ਕਾਰੀਡੋਰਾਂ ਦੀ 6 ਅਤੇ 8 ਲੇਨਿੰਗ ਲੋੜ ਅਨੁਸਾਰ ਕੀਤੀ ਜਾਵੇਗੀ। ਰਾਸ਼ਟਰੀ ਕਾਰੀਡੋਰਾਂ ਦਾ ਵਿਕਾਸ ਚੌਂਕ ਪੁਆਇੰਟਸ ਦੇ ਹਿਸਾਬ ਨਾਲ ਕੀਤਾ ਗਿਆ ਹੈ ਜਿਸ ਨਾਲ ਲਾਜਿਸਟਿਕਸ ਦੀ ਨਿਪੁੰਨਤਾ ਪ੍ਰਭਾਵਿਤ ਹੁੰਦੀ ਹੈ। ਇਸ ਗੱਲ ਦੀ ਲੋੜ ਹੈ ਕਿ ਰਿੰਗ ਸੜਕਾਂ ਅਤੇ ਐਲੀਵੇਟਿਡ ਕਾਰੀਡੋਰਾਂ ਦੀ ਉਸਾਰੀ ਕੀਤੀ ਜਾਵੇ ਅਤੇ ਨਾਲ ਹੀ ਰਾਸ਼ਟਰੀ ਕਾਰੀਡੋਰਾਂ ਤੋਂ ਭੀੜ ਘਟਾਉਣ ਲਈ ਗਲੀਆਂ ਦਾ ਵਿਸਤਾਰ ਕੀਤਾ ਜਾਵੇ। ਇਸ ਤੋਂ ਇਲਾਵਾ ਲਾਜਿਸਟਿਕਸ ਪਾਰਕਸ ਕੁਝ ਚੋਣਵੀਆਂ ਥਾਵਾਂ ਉੱਤੇ ਵਿਕਸਤ ਕਰਨ ਦੀ ਯੋਜਨਾ ਹੈ। ਤਕਰੀਬਨ 5000 ਕਿਲੋਮੀਟਰ ਦਾ ਕੰਮ ਪਹਿਲੇ ਪੜਾਅ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ।

• ***ਸਰਹੱਦੀ ਅਤੇ ਕੌਮਾਂਤਰੀ ਸੰਪਰਕ ਸੜਕਾਂ*** – ਲਗਭਗ 3300 ਕਿਲੋਮੀਟਰ ਸਰਹੱਦੀ ਸੜਕਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਨੂੰ ਕੌਮਾਂਤਰੀ ਸਰਹੱਦ ਦੇ ਨਾਲ-ਨਾਲ ਉਸਾਰਿਆ ਜਾਣਾ ਹੈ। ਲਗਭਗ 2000 ਕਿਲੋਮੀਟਰ ਸੜਕਾਂ ਦੀ ਲੋੜ ਹੈ ਜੋ ਕਿ ਭਾਰਤ ਦੀਆਂ ਪ੍ਰਮੁੱਖ ਹਾਈਵੇਜ਼ ਕਾਰੀਡੋਰਾਂ ਨੂੰ ਕੌਮਾਂਤਰੀ ਵਪਾਰ ਪੁਆਇੰਟਾਂ ਨਾਲ ਜੋੜਨਗੀਆਂ ਤਾਂ ਕਿ ਗੁਆਂਢੀ ਦੇਸ਼ਾਂ – ਨੇਪਾਲ, ਭੂਟਾਨ, ਬੰਗਲਾਦੇਸ਼ ਅਤੇ ਮਿਆਂਮਾਰ ਨਾਲ ਬਰਾਮਦ-ਦਰਾਮਦ ਵਪਾਰ (ਐਕਸਿਮ) ਦੀ ਸਹੂਲਤ ਹੋ ਸਕੇ। 3300 ਕਿਲੋਮੀਟਰ ਵਿੱਚੋਂ ਲਗਭਗ 2000 ਕਿਲੋਮੀਟਰ ਸੜਕਾਂ ਇਸ ਵਰਗ ਵਿੱਚ





| ਤਾਲਿਕਾ-1 | | | |
|---|---|---|---|
| ਕ੍ਰ.ਸੰ. | ਹਿੱਸਾ | ਲੰਬਾਈ ਕਿ.ਮੀ. | ਖਰਚਾ ਕਰੋੜ ਰੁਪਏ ਵਿੱਚ |
| (1) | ਆਰਥਿਕ ਕਾਰੀਡੋਰ ਦਾ ਵਿਕਾਸ | 9,000 | 1,20,000 |
| (2) | ਅੰਤਰ ਕਾਰੀਡੋਰ ਅਤੇ ਫੀਡਰ ਸੜਕਾਂ | 6,000 | 80,000 |
| (3) | ਰਾਸ਼ਟਰੀ ਕਾਰੀਡੋਰ ਨਿਪੁੰਨਤਾ ਸੁਧਾਰ | 5,000 | 100,000 |
| (4) | ਸਰਹੱਦੀ ਅਤੇ ਸੰਪਰਕੀ ਸੜਕਾਂ | 2,000 | 25,000 |
| (5) | ਸਮੁੰਦਰ ਕੰਢੇ ਅਤੇ ਬੰਦਰਗਾਹਾਂ ਦੀਆਂ ਸੰਪਰਕੀ ਸੜਕਾਂ | 2,000 | 20,000 |
| (6) | ਐਕਸਪ੍ਰੈਸਵੇਜ਼ | 800 | 40,000 |
| | **ਕੁੱਲ** | **24,800** | **385,000** |
| | ਐੱਨ ਐੱਚ ਡੀ ਪੀ ਅਧੀਨ ਸੜਕਾਂ ਦਾ ਬਕਾਇਆ ਕੰਮ | **10,000** | **1,50,000** |
| | **ਕੁੱਲ** | | **5,35,000** |

ਪਹਿਲੇ ਪੜਾਅ ਵਿੱਚ ਹੱਥ ਵਿੱਚ ਲਈਆਂ ਗਈਆਂ ਹਨ।

● ***ਸਮੁੰਦਰ ਕੰਢੇ ਬੰਦਰਗਾਹਾਂ ਨੂੰ ਜੋੜਨ ਵਾਲੀਆਂ ਸੜਕਾਂ*** – ਤਕਰੀਬਨ 2100 ਕਿਲੋਮੀਟਰ ਸਮੁੰਦਰੀ ਕੰਢੇ ਦੀਆਂ ਸੜਕਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦਾ ਵਿਕਾਸ ਭਾਰਤ ਦੇ ਸਮੁੰਦਰੀ ਕੰਢਿਆਂ ਉੱਤੇ ਕੀਤਾ ਜਾਣਾ ਹੈ। ਇਨ੍ਹਾਂ ਸੜਕਾਂ ਦੇ ਬਣਨ ਨਾਲ ਸੈਰ-ਸਪਾਟੇ ਨੂੰ ਉਤਸ਼ਾਹ ਮਿਲੇਗਾ ਅਤੇ ਸਮੁੰਦਰ ਕੰਢੇ ਦੇ ਖੇਤਰ ਵਿੱਚ ਸਨਅਤੀ ਵਿਕਾਸ ਹੋਵੇਗਾ। ਲਗਭਗ 2000 ਕਿਲੋਮੀਟਰ ਦੀਆਂ ਸਮੁੰਦਰ ਕੰਢੇ ਦੀਆਂ ਸੜਕਾਂ ਦੀ ਪਛਾਣ ਕੀਤੀ ਗਈ ਹੈ ਜੋ ਕਿ ਐਕਸਿਮ ਵਪਾਰ ਵਧਾਉਣ ਵਿੱਚ ਸਹਾਈ ਹੋਣਗੀਆਂ। ਜਿਨ੍ਹਾਂ ਸੜਕਾਂ ਦੀ ਪਛਾਣ ਕੀਤੀ ਗਈ ਹੈ ਉਨ੍ਹਾਂ ਦਾ ਜਹਾਜ਼ਰਾਣੀ ਮੰਤਰਾਲਾ ਦੇ ਸਾਗਰਮਾਲਾ ਪ੍ਰੋਗਰਾਮ ਨਾਲ ਤਾਲਮੇਲ ਰਹੇਗਾ। ਲਗਭਗ 2000 ਕਿਲੋਮੀਟਰ ਅਜਿਹੀਆਂ ਸੜਕਾਂ ਪਹਿਲੇ ਪੜਾਅ ਹੇਠ ਹੱਥ ਵਿੱਚ ਲਈਆਂ ਗਈਆਂ ਹਨ।

● ***ਗ੍ਰੀਨਫੀਲਡ ਐਕਸਪ੍ਰੈੱਸ ਵੇਜ਼*** – ਰਾਸ਼ਟਰੀ ਅਤੇ ਆਰਥਿਕ ਕਾਰੀਡੋਰਾਂ ਦੇ ਕੁੱਝ ਹਿੱਸਿਆਂ ਵਿੱਚ ਟਰੈਫਿਕ 50,000 ਪੀ ਸੀ ਯੂਜ਼ ਦੇ ਬਰਾਬਰ ਹੋ ਜਾਂਦੀ ਹੈ ਅਤੇ ਇਨ੍ਹਾਂ ਉੱਤੇ ਕਈ ਚੈੱਕ ਪੁਆਇੰਟਸ ਵਿਕਸਤ ਕੀਤੇ ਗਏ ਹਨ। ਤਕਰੀਬਨ 1900 ਕਿਲੋਮੀਟਰ ਟੋਟਿਆਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦਾ ਗ੍ਰੀਨਫੀਲਡ ਐਕਸਪ੍ਰੈਸਵੇਜ਼ ਵਜੋਂ ਵਿਕਾਸ ਕੀਤਾ ਜਾਵੇਗਾ। ਇਸ ਵਿੱਚੋਂ 600 ਕਿਲੋਮੀਟਰ ਦਾ ਕੰਮ ਪਹਿਲੇ ਪੜਾਅ ਵਿੱਚ ਲਿਆ ਜਾ ਰਿਹਾ ਹੈ।

## ਭਾਰਤਮਾਲਾ ਫੇਸ-1 : ਹਿੱਸੇ ਅਤੇ ਉਨ੍ਹਾਂ ਉੱਤੇ ਹੋਣ ਵਾਲਾ ਨਿਵੇਸ਼

● ***ਭਾਰਤਮਾਲਾ ਫੇਸ-1*** ਵਿੱਚ ਲਗਭਗ 24,800 ਕਿਲੋਮੀਟਰ ਸੜਕਾਂ ਦਾ ਪਹਿਲੇ ਪੜਾਅ ਵਿੱਚ ਵਿਕਾਸ ਕੀਤਾ ਜਾਵੇਗਾ। ਫੇਸ-1 ਵਿੱਚ ਲਗਭਗ 10,000 ਕਿਲੋਮੀਟਰ ਬਾਕੀ ਰਹਿੰਦਾ ਸੜਕਾਂ ਦਾ ਕੰਮ ਐੱਨ ਐੱਚ ਡੀ ਪੀ ਅਧੀਨ ਪੂਰਾ ਕੀਤਾ ਜਾਵੇਗਾ। ਪਹਿਲੇ ਪੜਾਅ ਲਈ ਤਕਰੀਬਨ 5,35,000 ਕਰੋੜ ਰੁਪਏ ਖਰਚੇ ਜਾਣ ਦਾ ਅਨੁਮਾਨ ਹੈ ਜੋ ਕਿ 5 ਸਾਲ ਵਿੱਚ ਕੀਤਾ ਜਾਵੇਗਾ।

● ***ਪ੍ਰਵਾਨਤ ਫੇਸ-1*** ਹਿੱਸਿਆਂ ਦਾ ਸੰਖੇਪ ਵੇਰਵਾ ਅਤੇ ਉਨ੍ਹਾਂ ਲਈ ਪ੍ਰਵਾਨਤ ਖਰਚਾ ਤਾਲਿਕਾ-1 ਅਨੁਸਾਰ ਹੈ।

● 24,000 ਕਿਲੋਮੀਟਰ ਦੀਆਂ ਇਨ੍ਹਾਂ ਸੜਕਾਂ ਦੀ ਪਛਾਣ ਵਿੱਚ ਕਾਫੀ ਲਚਕਤਾ ਵਰਤੀ ਗਈ ਹੈ ਜਿਵੇਂ ਕਿ ਸੜਕ ਆਵਾਜਾਈ ਮੰਤਰੀ ਨੂੰ ਅਧਿਕਾਰਤ ਕੀਤਾ ਗਿਆ ਹੈ ਕਿ ਉਹ ਇਸ ਲੰਬਾਈ ਦਾ 15 ਪ੍ਰਤਿਸ਼ਤ ਵਧੇਰੇ ਹਿੱਸਾ ਦੂਜੇ ਢੁਕਵੇਂ ਪ੍ਰਾਜੈਕਟਾਂ ਨਾਲ ਬਦਲ ਸਕਦਾ ਹੈ। ਅਜਿਹਾ ਉਸ ਸੂਰਤ ਵਿੱਚ ਹੋ ਸਕਦਾ ਹੈ ਜੇ ਕੁੱਝ ਪਛਾਣੇ ਹੋਏ ਹਿੱਸਿਆਂ ਦਾ ਕੰਮ ਭੂਮੀ ਪ੍ਰਾਪਤੀ ਜਾਂ ਕਿਸੇ ਹੋਰ ਸਮੱਸਿਆ ਕਾਰਨ ਜਾਂ ਕੁੱਝ ਹੋਰ ਕਾਰਨਾਂ ਕਰਕੇ ਹੱਥ ਵਿੱਚ ਨਹੀਂ ਲਿਆ ਜਾ ਸਕਦਾ ਤਾਂ ਅਜਿਹਾ ਕੀਤਾ ਜਾ ਸਕਦਾ ਹੈ।

## ਪ੍ਰਾਜੈਕਟਾਂ ਦਾ ਮੁੱਲਾਂਕਣ ਅਤੇ ਪ੍ਰਵਾਨਗੀ

● ਨਿੱਜੀ ਐੱਨ ਐੱਚ ਪ੍ਰਾਜੈਕਟਾਂ ਦਾ ਪ੍ਰਭਾਵੀ ਮੁੱਲਾਂਕਣ/ਪ੍ਰਵਾਨਗੀ ਇਸ ਪ੍ਰੋਗਰਾਮ ਦਾ ਇਕ ਵਿਸ਼ੇਸ਼ ਗੁਣ ਹੈ। ਇਸ ਨਾਲ ਪਛਾਣੇ ਗਏ ਪ੍ਰਾਜੈਕਟਾਂ ਨੂੰ ਸਮੇਂਬੱਧ ਢੰਗ ਨਾਲ ਅਲਾਟ ਕੀਤਾ ਜਾ ਸਕੇਗਾ ਅਤੇ ਉਹ ਤੇਜ਼ੀ ਨਾਲ ਲਾਗੂ ਕੀਤੇ ਜਾ ਸਕਣਗੇ। ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ (ਐੱਨ ਐੱਚ ਏ ਆਈ) ਨੂੰ ਇਸ ਗੱਲ ਦਾ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਪ੍ਰਾਜੈਕਟਾਂ ਦਾ ਮੁੱਲਾਂਕਣ ਕਰ ਕੇ ਪ੍ਰਵਾਨਗੀ ਦੇਵੇ। ਇਸ ਦੇ ਨਾਲ ਹੀ ਇਹ ਯਕੀਨੀ ਬਣਾਉਣ ਵੱਲ ਪੂਰਾ ਧਿਆਨ ਦਿੱਤਾ ਗਿਆ ਹੈ ਕਿ ਮੁੱਲਾਂਕਣ/ਪ੍ਰਵਾਨਗੀ ਵੇਲੇ ਮਿਆਰ ਵਿੱਚ ਕੋਈ ਢਿੱਲ ਨਾ ਵਰਤੀ ਜਾਵੇ। ਸਾਰੇ ਪ੍ਰਾਜੈਕਟ ਤਕਨੀਕੀ ਤੌਰ ਤੇ, ਵਿੱਤੀ ਤੌਰ ਤੇ ਅਤੇ ਆਰਥਿਕ ਤੌਰ ਤੇ ਬਿਲਕੁਲ ਠੀਕ ਢੰਗ ਨਾਲ ਪ੍ਰਾਜੈਕਟ ਮੁੱਲਾਂਕਣ ਅਤੇ ਤਕਨੀਕੀ ਜਾਂਚ ਕਮੇਟੀਆਂ ਤੋਂ ਪਾਸ ਹੋਣੇ ਚਾਹੀਦੇ ਹਨ। ਇਹ ਕਮੇਟੀਆਂ ਐੱਨ ਐੱਚ ਏ ਆਈ ਅਤੇ ਮੋਰਥ (ਐੱਮ ਓ ਆਰ ਟੀ ਐੱਚ) ਵਲੋਂ ਸਥਾਪਿਤ ਹੁੰਦੀਆਂ ਹਨ ਅਤੇ ਇਨ੍ਹਾਂ ਵਿੱਚ ਨੀਤੀ ਆਯੋਗ ਦੇ ਮਾਹਿਰ ਹੁੰਦੇ ਹਨ।

**ਪ੍ਰਾਜੈਕਟ ਤਿਆਰੀ ਸਰਗਰਮੀਆਂ ਦੀ ਲਾਗੂ ਕਰਨ ਵਾਲੀਆਂ ਏਜੰਸੀਆਂ ਵਲੋਂ ਸ਼ੁਰੂਆਤ ਹੋ ਚੁੱਕੀ ਹੈ ਤਾਂ ਕਿ ਜਲਦੀ ਤੋਂ ਜਲਦੀ ਕੰਮ ਅਲਾਟ ਕੀਤੇ ਜਾ ਸਕਣ। ਨੀਤੀ ਆਯੋਗ ਦੇ ਸੀ ਈ ਓ ਨੂੰ ਐੱਨ ਐੱਚ ਏ ਆਈ ਬੋਰਡ (ਅਥਾਰਿਟੀ) ਦੇ ਥੁੜ ਵਕਤੀ ਮੈਂਬਰ ਵਜੋਂ ਸ਼ਾਮਲ ਕਰ ਲਿਆ ਗਿਆ ਹੈ।**

## ਵਿਸ਼ਾਲ ਚੁਨੌਤੀ ਯੰਤਰ

ਸੂਬਾ ਸਰਕਾਰਾਂ ਨੂੰ ਵਿਕਾਸ ਪ੍ਰਣਾਲੀ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਨ ਲਈ ਇਕ ਵਿਸ਼ਾਲ ਚੁਨੌਤੀ ਯੰਤਰ ਦਾ ਪ੍ਰਬੰਧ ਇਸ ਪ੍ਰੋਗਰਾਮ ਦਾ ਇਕ ਹੋਰ ਵਿਸ਼ੇਸ਼ ਗੁਣ ਹੈ। ਇਸ ਢਾਂਚੇ ਅਧੀਨ ਪ੍ਰਾਜੈਕਟ, ਜਿਥੇ ਕਿ ਸੰਬੰਧਿਤ ਧਿਰਾਂ ਇਕ ਸਰਗਰਮ ਭੂਮਿਕਾ ਅਦਾ ਕਰਦੀਆਂ ਹਨ, ਵਿਸ਼ੇਸ਼ ਤੌਰ ਤੇ ਸੂਬਾ ਸਰਕਾਰਾਂ ਜਿਥੇ ਤੇਜ਼ੀ ਨਾਲ ਜ਼ਮੀਨ ਅਲਾਟ ਕਰਨ ਵਿੱਚ ਮਦਦ ਕਰਦੀਆਂ ਹਨ, ਉਨ੍ਹਾਂ ਨੂੰ ਲਾਗੂ ਕਰਨ ਵੇਲੇ ਪਹਿਲ ਦਿੱਤੀ ਜਾਂਦੀ ਹੈ।

## ਸੰਸਥਾਗਤ ਸਮਰੱਥਾ ਵਿੱਚ ਵਾਧਾ

ਪ੍ਰੋਗਰਾਮ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਮੋਰਥ (ਐੱਮ ਓ ਆਰ ਟੀ ਐੱਚ) ਅਤੇ ਇਸ ਦੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਦੀਆਂ ਅੰਦਰੂਨੀ ਸਮਰੱਥਾਵਾਂ ਵਧਾਉਣ ਦੇ ਯਤਨ ਕੀਤੇ ਜਾਂਦੇ ਹਨ। ਇਕ ਅਧਿਐਨ 'ਮੋਰਥ ਅਤੇ ਇਸ ਦੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਗਠਨ ਅਤੇ ਤਬਾਦਲੇ ਬਾਰੇ' ਕੀਤਾ ਗਿਆ ਅਤੇ ਇਸ ਅਧਿਐਨ ਦੀਆਂ ਕੁਝ ਸਿਫਾਰਸ਼ਾਂ ਪਹਿਲਾਂ ਹੀ ਲਾਗੂ ਵੀ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਵਿੱਚ ਭੂਮੀ ਪ੍ਰਾਪਤੀ ਨਾਲ ਸੰਬੰਧਿਤ ਸੁਧਾਰ, ਪ੍ਰਾਜੈਕਟਾਂ ਦੀ ਡੀ ਪੀ ਆਰ ਵਿੱਚ ਸੁਧਾਰ, ਇਕ ਆਨ ਲਾਈਨ ਪ੍ਰਾਜੈਕਟ ਮਾਨੀਟਰਿੰਗ ਸੂਚਨਾ ਸਿਸਟਮ (ਪੀ ਐੱਮ ਆਈ ਐੱਸ) ਅਤੇ ਹੋਰ ਵੀ ਕੁਝ ਸੁਧਾਰ ਸ਼ਾਮਿਲ ਹਨ।

## ਭਾਰਤਮਾਲਾ ਦਾ ਪ੍ਰਭਾਵ

- ਦੇਸ਼ ਭਰ ਵਿੱਚ ਸੜਕਾਂ ਉੱਤੇ ਟਰੈਫਿਕ ਆਵਾਜਾਈ ਦੀ ਨਿਪੁੰਨਤਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਇਕ ਢੁਕਵੀਂ ਕਾਰੀਡੋਰ ਪਹੁੰਚ ਨੂੰ ਅਪਣਾਉਣਾ। ਜਿਸ ਢਾਂਚੇ ਦੀ ਪਛਾਣ ਕੀਤੀ ਗਈ ਹੈ ਉਸ ਵਲੋਂ ਦੇਸ਼ ਭਰ ਵਿੱਚ 80 ਪ੍ਰਤਿਸ਼ਤ ਅੰਤਰ ਜ਼ਿਲ੍ਹਾ ਮਾਲ ਢੁਆਈ ਕੀਤੇ ਜਾਣ ਦੀ ਆਸ ਹੈ। ਇਸ ਨਾਲ ਦੇਸ਼ ਵਿੱਚ ਮੋਟਰ ਗੱਡੀਆਂ ਦੀ ਆਵਾਜਾਈ ਦੀ ਗਤੀ ਵਿੱਚ 20-25 ਪ੍ਰਤਿਸ਼ਤ ਵਾਧਾ ਹੋਵੇਗਾ।

- ਆਰਥਿਕ ਕਾਰੀਡੋਰਾਂ, ਸੰਬੰਧਿਤ ਅੰਤਰ ਕਾਰੀਡੋਰਾਂ ਅਤੇ ਫੀਡਰ ਰੂਟਾਂ ਦੇ ਵਿਕਾਸ ਨਾਲ ਸੁਧਰਿਆ ਹੋਇਆ ਸੜਕ ਢਾਂਚਾ ਹੋਂਦ ਵਿੱਚ ਆਵੇਗਾ, ਬਾਈਪਾਸ ਬਣਾ ਕੇ, ਰਿੰਗ ਸੜਕਾਂ ਆਦਿ ਉਸਾਰ ਕੇ ਨੈੱਟਵਰਕ ਉੱਤੇ ਭੀੜ-ਭੜੱਕਾ ਘੱਟ ਕੀਤਾ ਜਾਵੇਗਾ। ਪਹਿਲਕਦਮੀਆਂ ਜਿਵੇਂ ਕਿ ਕਾਰੀਡੋਰ ਦੇ ਹਿਸਾਬ ਨਾਲ ਦਾਖਲੇ/ਨਿਕਾਸੀ ਲਈ ਨਿਯੰਤ੍ਰਿਤ ਐਕਸਪ੍ਰੈਸਵੇਅਜ਼ ਦਾ ਪ੍ਰਬੰਧ ਹੋਣ ਨਾਲ ਹਾਈਵੇਜ਼ ਉੱਤੇ ਗੱਡੀਆਂ ਦੀ ਗਤੀ ਹੋਰ ਵਧਾਈ ਜਾ ਸਕੇਗੀ। ਮਾਲ ਢੋਣ ਵਾਲੀਆਂ ਗੱਡੀਆਂ ਦੀ ਔਸਤਨ ਗਤੀ ਵਿੱਚ ਸੁਧਾਰ ਹੋਣ ਦੇ ਤਿੰਨ ਲਾਭ ਹੋਣਗੇ ਜਿਵੇਂ ਕਿ (1) ਗੱਡੀਆਂ ਦੀ ਵਰਤੋਂ ਵਿੱਚ ਸੁਧਾਰ ਹੋਣ ਨਾਲ ਪ੍ਰਤੀ ਟਨ, ਪ੍ਰਤੀ ਕਿਲੋਮੀਟਰ ਢੁਆਈ ਖਰਚਾ ਘੱਟ ਹੋਵੇਗਾ, (2) ਗੱਡੀਆਂ ਵਿੱਚ ਈਂਧਨ ਦੀ ਬੱਚਤ ਹੋਵੇਗੀ ਅਤੇ ਖਰਚਾ ਵੀ ਘਟੇਗਾ, (3) ਤੇਜ਼ ਅਤੇ ਭਰੋਸੇਯੋਗ ਸਮਾਨ ਢੁਆਈ ਹੋਵੇਗੀ। ਇਕ ਵਾਰੀ ਢਾਂਚਾ ਵਿਕਸਤ ਹੋ ਗਿਆ ਤਾਂ ਇਸ ਨਾਲ ਦੇਸ਼ ਭਰ ਵਿੱਚ ਸਮੁੱਚੇ ਸਪਲਾਈ ਚੇਨ ਦੀ ਲਾਗਤ ਵਿੱਚ 5-6 ਪ੍ਰਤਿਸ਼ਤ ਦੀ ਕਮੀ ਆਵੇਗੀ। ਇਸ ਦਾ ਚੰਗਾ ਪ੍ਰਭਾਵ ਲਾਜਿਸਟਿਕਸ ਪਰਫਾਰਮੈਂਸ ਇੰਡੈਕਸ (ਐੱਲ ਪੀ ਆਈ) ਉੱਤੇ ਵੀ ਪਵੇਗਾ।

- ਐੱਨ ਐੱਚ ਸੰਪਰਕਾਂ ਰਾਹੀਂ ਦੇਸ਼ ਦੇ 550 ਜ਼ਿਲ੍ਹੇ ਜੁੜ ਜਾਣਗੇ। ਇਸ ਵੇਲੇ ਤਕਰੀਬਨ 350 ਜ਼ਿਲ੍ਹੇ ਹੀ ਜੁੜੇ ਹੋਏ ਹਨ।

- ਹਾਈਵੇਜ਼ ਉੱਤੇ ਨਿਵੇਸ਼ ਅਤੇ ਉਸਾਰੀ ਸਰਗਰਮੀਆਂ ਅਤੇ ਸੰਬੰਧਿਤ ਢਾਂਚੇ ਦੇ ਵਿਕਾਸ, ਆਪ੍ਰੇਸ਼ਨ ਅਤੇ ਸਾਂਭ-ਸੰਭਾਲ ਲਈ ਵੱਡੇ ਮੌਕੇ ਪੈਦਾ ਹੋ ਸਕਣਗੇ।

- ਭਾਰਤਮਾਲਾ ਦੇ ਪਹਿਲੇ ਪੜਾਅ ਵਿੱਚ 24,800 ਕਿਲੋਮੀਟਰ ਕਾਰੀਡੋਰ ਨੈੱਟਵਰਕ ਦੇ ਅੱਪਗ੍ਰੇਡੇਸ਼ਨ ਵਿੱਚ 34 ਕਰੋੜ ਮਨੁੱਖੀ ਦਿਨਾਂ ਦਾ ਰੋਜ਼ਗਾਰ ਉਸਾਰੀ ਪੜਾਅ ਵਿੱਚ ਪੈਦਾ ਹੋਵੇਗਾ ਅਤੇ ਲਗਭਗ 22 ਮਿਲੀਅਨ ਸਥਾਈ ਨੌਕਰੀਆਂ ਮਿਲਣਗੀਆਂ ਅਤੇ ਆਰਥਿਕ ਸਰਗਰਮੀਆਂ ਵਿੱਚ ਤੇਜ਼ੀ ਆਵੇਗੀ।

*(ਲੇਖਕ ਭਾਰਤ ਸਰਕਾਰ ਦੇ ਰੋਡ ਟ੍ਰਾਂਸਪੋਰਟ ਅਤੇ ਹਾਈਵੇਜ਼ ਮੰਤਰਾਲਾ ਦੇ ਸਕੱਤਰ ਹਨ।)*

*e-mail :secy-road@nic.in*



# ਭਾਰਤ ਦੀ ਕ੍ਰੈਡਿਟ ਰੇਟਿੰਗ ਵਿੱਚ ਹੋਇਆ ਵਾਧਾ ਬਿਲਕੁਲ ਢੁੱਕਵਾਂ

✍ ਪ੍ਰਵਾਕਰ ਸਾਹੂ, ਭਾਵੇਸ਼ ਗਰਗ

**ਇੰਡੀਆ ਦੀ ਮੈਕਰੋ ਇਕਨਾਮਿਕ ਸਥਿਤੀ, ਵਿਸ਼ੇਸ਼ ਤੌਰ ਤੇ ਇਸ ਦੀ ਨਿਵੇਸ਼ ਦੀ ਸਥਿਤੀ ਅਤੇ ਕਰਜ਼ੇ ਦੇ ਸੰਕੇਤ (ਆਰਥਿਕ ਵਾਧਾ, ਚਾਲੂ ਖਾਤਾ ਬੈਲੈਂਸ, ਐਫ ਡੀ ਆਈ ਪ੍ਰਵਾਹ ਅਤੇ ਵਿਦੇਸ਼ੀ ਕਰੰਸੀ ਦੇ ਭੰਡਾਰਾਂ ਵਿੱਚ 2013 ਤੋਂ ਸੁਧਾਰ ਹੋਇਆ ਹੈ। ਭਾਰਤ ਨੇ ਆਪਣੀ ਕਰਜ਼ਾ ਵਾਪਸ ਕਰਨ ਦੀ ਸਮਰੱਥਾ ਦਾ ਸਪੱਸ਼ਟ ਤੌਰ ਤੇ ਪ੍ਰਗਟਾਵਾ ਕਰ ਦਿੱਤਾ ਹੈ ਅਤੇ ਕਰਜ਼ਾ ਵਾਪਸੀ ਦੀ ਚਾਹਤ ਵੀ ਦਰਸਾਈ ਹੈ। ਇਹ ਕਿਸੇ ਵੀ ਦੇਣਦਾਰੀ ਦੇ ਮੋਰਚੇ ਉਤੇ ਅਸਫਲ ਨਹੀਂ ਹੋਇਆ। ਭਾਰਤ ਦੀ ਵੱਡਾ ਕਰਜ਼ਾ ਬਰਦਾਸ਼ਤ ਕਰਨ ਦੀ ਸਮਰੱਥਾ ਹੈ। ਇਹ ਸਥਿਰ ਹੈ ਅਤੇ ਬੜੀ ਤੇਜ਼ੀ ਨਾਲ ਵਧ ਰਹੀਆਂ ਆਰਥਿਕਤਾਵਾਂ ਵਿੱਚ ਸ਼ਾਮਲ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਿਛਲੇ ਕੁਝ ਸਾਲਾਂ ਨਾਲੋਂ ਇਥੇ ਨਿਵੇਸ਼ਕਾਂ ਪ੍ਰਤੀ ਹਾਂ-ਪੱਖੀ ਮਾਹੌਲ ਬਣਿਆ ਹੈ।**

ਇਸ ਸਾਲ ਦੇ ਸ਼ੁਰੂ ਵਿੱਚ, 2016-17 ਦੇ ਆਰਥਿਕ ਸਰਵੇਖਣ ਵਿੱਚ ਇਸ਼ਾਰਾ ਕੀਤਾ ਗਿਆ ਸੀ ਕਿ ਕੌਮਾਂਤਰੀ ਕ੍ਰੈਡਿਟ ਰੇਟਿੰਗ ਏਜੰਸੀਆਂ (ਸੀ ਆਰ ਏਜ਼) ਭਾਰਤ ਦੀ ਆਰਥਿਕਤਾ ਬਾਰੇ ਪੱਖਪਾਤੀ ਰਵੱਈਆ ਅਪਣਾਉਂਦੀਆਂ ਹਨ। ਇਸੇ ਬਹਿਸ ਦੇ ਪਿਛੋਕੜ ਵਿੱਚ ਕਿ ਭਾਰਤ ਦੀ ਕ੍ਰੈਡਿਟ ਰੇਟਿੰਗ ਦੀ ਅੱਪਗ੍ਰੇਡੇਸ਼ਨ (ਵਾਧਾ) ਹੋਣਾ ਚਾਹੀਦਾ ਹੈ ਜਾਂ ਨਹੀਂ, ਮੂਡੀ ਨੇ ਆਖਿਰਕਾਰ ਭਾਰਤ ਦੀ ਰੇਟਿੰਗ ਨੂੰ ਬੀ ਏ ਏ 3 ਤੋਂ ਵਧਾ ਕੇ ਬੀ ਏ ਏ 2 ਉਤੇ ਲੈ ਆਂਦਾ ਅਤੇ ਇਸ ਦੀ ਦਿੱਖ ਨੂੰ ਹਾਂ ਪੱਖੀ ਤੋਂ ਸਥਿਰ ਬਣਾ ਦਿੱਤਾ। ਇਹ ਵਾਧਾ 13 ਸਾਲ ਦੇ ਅਰਸੇ ਤੋਂ ਬਾਅਦ ਹੋਇਆ। ਮੂਡੀ ਨੇ ਇਸ ਅੱਪਗ੍ਰੇਡੇਸ਼ਨ ਲਈ ਕਈ ਕਾਰਨ ਵੀ ਦੱਸੇ ਜਿਵੇਂ ਕਿ ਵਸਤੂ ਅਤੇ ਸੇਵਾ ਟੈਕਸ (ਜੀ ਐੱਸ ਟੀ) ਲਾਗੂ ਹੋਣ ਨਾਲ ਟੈਕਸੇਸ਼ਨ ਢਾਂਚੇ ਵਿੱਚ ਤਬਦੀਲੀ ਆਈ, ਦੀਵਾਲੀਏਪਨ ਦੇ ਮਾਮਲਿਆਂ ਦੇ ਨਿਪਟਾਰੇ ਲਈ ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ ਕਾਇਮ ਕੀਤਾ ਗਿਆ, ਘੱਟ ਨਕਦੀ ਵਾਲੀ ਆਰਥਿਕਤਾ ਅਪਣਾਉਣ ਬਾਰੇ ਭਾਰਤ ਵਲੋਂ ਮਜ਼ਬੂਤ ਸਟੈਂਡ ਲਿਆ ਗਿਆ, ਵੱਖ-ਵੱਖ ਖੇਤਰਾਂ ਵਿੱਚ ਐਫ ਡੀ ਆਈ ਇਕਵਿਟੀ ਹੱਦ ਵਿੱਚ ਵਾਧਾ ਕੀਤਾ ਗਿਆ, ਢਾਂਚੇ ਦੇ ਵਿਕਾਸ ਉੱਤੇ ਜ਼ੋਰ ਦਿੱਤਾ ਗਿਆ ਅਤੇ ਕਈ ਨਵੇਂ ਪ੍ਰਾਜੈਕਟਾਂ ਦਾ ਐਲਾਨ ਕੀਤਾ ਗਿਆ ਤਾਂ ਕਿ ਭਾਰਤ ਦੇ ਸੜਕੀ ਅਤੇ ਬੰਦਰਗਾਹ ਨੈੱਟਵਰਕ ਵਿੱਚ ਵਾਧਾ ਕੀਤਾ ਜਾ ਸਕੇ ਜਿਸ ਨਾਲ ਵਿੱਤੀ ਮਜ਼ਬੂਤੀ ਵਾਲਾ ਰਾਹ ਤਿਆਰ ਹੋ ਸਕੇ। ਭਾਰਤੀ ਆਰਥਿਕਤਾ ਬਾਰੇ ਇਹ ਦੂਜੀ ਹਾਂ-ਪੱਖੀ ਖ਼ਬਰ ਸੀ ਕਿਉਂਕਿ ਇਸ ਤੋਂ ਪਹਿਲਾਂ ਵਿਸ਼ਵ ਬੈਂਕ ਭਾਰਤ ਨੂੰ ਕੰਮ ਅਸਾਨ ਕਰਨ (ਈਜ਼ ਆਫ ਡੂਇੰਗ ਬਿਜ਼ਨਸ) ਸੰਕੇਤਾਂ ਵਿੱਚ ਇਕ ਸਾਲ ਵਿੱਚ ਹੀ 30 ਅੰਕਾਂ ਦਾ ਸੁਧਾਰ ਦਰਸਾ ਕੇ ਵਿਸ਼ਵ ਵਿੱਚ 100ਵੇਂ ਨੰਬਰ ਉਤੇ ਲਿਆ ਚੁੱਕਾ ਸੀ। ਇਸ ਦੇ ਉਲਟ ਇਕ ਹੋਰ ਏਜੰਸੀ ਸਟੈਂਡਰਡ ਐਂਡ ਪੂਅਰ (ਐੱਸ ਐਂਡ ਪੀ) ਨੇ ਭਾਰਤ ਦੀ ਕ੍ਰੈਡਿਟ ਰੇਟਿੰਗ ਵਿੱਚ ਕੋਈ ਸੁਧਾਰ ਨਹੀਂ ਕੀਤਾ ਸੀ ਭਾਵੇਂ ਕਿ ਦੇਸ਼ ਦੀ ਸਮੁੱਚੀ ਆਰਥਿਕਤਾ ਦੀ ਸਿਹਤ ਪਿਛਲੇ ਕੁਝ ਸਾਲਾਂ ਵਿੱਚ ਕਾਫੀ ਸੁਧਰ ਚੁੱਕੀ ਸੀ। ਅਸਲ ਵਿੱਚ ਐਸ ਐਂਡ ਪੀ ਭਾਰਤ ਨੂੰ 2007 ਤੋਂ ਹੀ ਇਕ ਸਥਿਰ ਰੇਟਿੰਗ ਵਿੱਚ ਰੱਖ ਰਹੀ ਸੀ।

## ਕ੍ਰੈਡਿਟ ਰੇਟਿੰਗ ਦੀ ਅਹਿਮੀਅਤ ਅਤੇ ਅੱਪਗ੍ਰੇਡਿੰਗ (ਸੁਧਾਰ) ਦੇ ਲਾਭ

ਸੀ ਆਰ ਏ, ਰੇਟ ਨਿਵੇਸ਼ ਦੇ ਉਦੇਸ਼



ਲਈ, ਉਧਾਰ ਲੈਣ ਵਾਲੇ ਦੇਸ਼ ਦੇ ਵਿਸਤ੍ਰਿਤ ਵਿੱਤੀ, ਮੈਕ੍ਰੋਇਕਨਾਮਿਕ ਅਤੇ ਸਥਿਰਤਾ ਸੰਕੇਤਾਂ ਅਤੇ ਇਸ ਦੀ ਆਰਥਿਕ ਦਿੱਖ ਨੂੰ ਧਿਆਨ ਵਿੱਚ ਰੱਖ ਕੇ ਹੀ ਇਸ ਦੀ ਕਰਜ਼ਾ ਵਾਪਿਸ ਕਰਨ ਦੀ ਯੋਗਤਾ ਅਤੇ ਸਮਰੱਥਾ ਦਾ ਅੰਦਾਜ਼ਾ ਲਗਾਉਂਦੀ ਹੈ (ਅਤੇ ਇਸ ਦੇ ਕਰਜ਼ਾ ਵਾਪਿਸ ਨਾ ਕਰ ਸਕਣ ਬਾਰੇ ਵੀ) ਵਿਸ਼ਵ ਮਾਰਕੀਟ ਵਿੱਚ 3 ਕੌਮਾਂਤਰੀ ਸੀ ਆਰ ਏਜ਼ ਹੀ ਸਾਰੀ ਮਾਰਕੀਟ ਦਾ ਹਿਸਾਬ ਕਿਤਾਬ ਦੇਖਦੀਆਂ ਹਨ – ਸਟੈਂਡਰਡ ਐਂਡ ਪੂਅਰਜ਼ (ਐੱਸ ਐਂਡ ਪੀ), ਮੂਡੀ ਅਤੇ ਫਿੱਚ – ਅਤੇ ਇਹ ਵੀ ਕਹਿੰਦੀਆਂ ਹਨ ਕਿ ਕ੍ਰੈਡਿਟ ਰੇਟਿੰਗ ਨੂੰ ਕਿਸੇ ਕਰਜ਼ੇ ਦੇ ਮਿਆਰ ਦੀ ਗਾਰੰਟੀ ਵਜੋਂ ਨਹੀਂ ਲਿਆ ਜਾਣਾ ਚਾਹੀਦਾ, ਕਿਉਂਕਿ ਭਵਿੱਖ ਬਾਰੇ ਕੁਝ ਵੀ ਸਹੀ ਤੌਰ ਤੇ ਕਹਿਣਾ ਸੰਭਵ ਨਹੀਂ ਹੁੰਦਾ ਅਤੇ ਰੇਟਿੰਗ ਨੂੰ ਸਿਰਫ ਇਕ ਮਾਰਕੀਟ ਸਿਗਨਲ ਹੀ ਮੰਨਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਏਜੰਸੀਆਂ ਕ੍ਰੈਡਿਟ ਰੇਟਿੰਗ ਦੇ ਹਿਸਾਬ ਲਗਾਉਣ ਵੇਲੇ ਇਕੋ ਜਿਹਾ ਪੈਮਾਨਾ ਨਹੀਂ ਅਪਣਾਉਂਦੀਆਂ। ਵਿਸ਼ੇਸ਼ ਤੌਰ ਤੇ ਐੱਸ ਐਂਡ ਪੀ ਕਰਜ਼ਾ ਲੈਣ ਵਾਲੇ ਦੀ ਕਰਜ਼ੇ ਬਾਰੇ ਯੋਗਤਾ ਨੂੰ ਧਿਆਨ ਵਿੱਚ ਰੱਖਦੀ ਹੈ ਅਰਥਾਤ ਇਹ ਵੇਖਦੀ ਹੈ ਕਿ ਉਸ ਵਿੱਚ ਕਰਜ਼ਾ ਨਾ ਮੋੜਨ ਦੀਆਂ ਕਿੰਨੀਆਂ ਸੰਭਾਵਨਾਵਾਂ ਹਨ। ਦੂਜੇ ਪਾਸੇ ਮੂਡੀ ਇਹ ਵੇਖਦੀ ਹੈ ਕਿ ਕਰਜ਼ਾ ਨਾ ਮੋੜਨ ਦੀ ਸੂਰਤ ਵਿੱਚ ਦੇਣ ਵਾਲੇ ਦਾ ਕਿੰਨਾ ਕੁ ਨੁਕਸਾਨ ਹੋਵੇਗਾ। ਭਾਵੇਂ ਕਿ ਵਿੱਤੀ ਸੰਕਟ ਤੋਂ ਬਾਅਦ ਤੋਂ ਰੇਟਿੰਗ ਏਜੰਸੀਆਂ ਦੀ ਭਰੋਸੇਯੋਗਤਾ ਏ ਏ ਏ ਰੇਟ ਵਾਲੇ ਨਿਵੇਸ਼ਾਂ ਵਿੱਚ ਪੈਸਾ ਡੁੱਬ ਜਾਣ ਕਾਰਨ ਕੁੱਝ ਮੱਧਮ ਪਈ ਹੈ ਪਰ ਇਨ੍ਹਾਂ ਏਜੰਸੀਆਂ ਦੀ ਭਰੋਸੇਯੋਗਤਾ ਕਿਸੇ ਵੀ ਤਰ੍ਹਾਂ ਖਤਮ ਨਹੀਂ ਹੋਈ। ਕ੍ਰੈਡਿਟ ਰੇਟਿੰਗ ਵਿੱਚ ਕੋਈ ਨਿਯਮ ਅਧਾਰਤ ਢੰਗ ਨਹੀਂ ਅਪਣਾਇਆ ਜਾਂਦਾ ਅਤੇ ਇਹ ਅੰਤਰਮੁਖੀ ਹੁੰਦੀ ਹੈ ਪਰ ਇਸ ਨਾਲ ਕਰਜ਼ੇ ਦੀ ਲਾਗਤ ਅਤੇ ਕੌਮਾਂਤਰੀ ਪੂੰਜੀ ਮਾਰਕੀਟ ਤੱਕ ਪਹੁੰਚ ਪ੍ਰਭਾਵਿਤ ਹੁੰਦੀ ਹੈ ਇਸ ਲਈ ਇਹ ਅਹਿਮ ਰਹਿੰਦੀ ਹੈ ਅਤੇ ਦੇਸ਼ ਇਨ੍ਹਾਂ ਦੀ ਰੇਟਿੰਗ ਉੱਤੇ ਨਿਰਭਰ ਕਰਦੇ ਹਨ (ਕੇਰਵਰ 2005)।

ਮੂਡੀ ਵਲੋਂ ਰੇਟਿੰਗ ਵਿੱਚ ਜੋ ਸੁਧਾਰ ਕੀਤਾ ਗਿਆ ਹੈ ਉਸ ਨਾਲ ਭਾਰਤ ਨੂੰ ਕਈ ਤਰ੍ਹਾਂ ਨਾਲ ਲਾਭ ਹੋਵੇਗਾ। ਭਾਰਤ ਇਕ ਪੂੰਜੀ ਦੀ ਕਮੀ ਵਾਲਾ ਦੇਸ਼ ਹੈ ਅਤੇ ਰੇਟਿੰਗ ਵਿੱਚ ਸੁਧਾਰ ਆਉਣ ਨਾਲ ਦੂਜੇ ਦੇਸ਼ਾਂ ਤੋਂ ਪੂੰਜੀ ਹਾਸਲ ਕਰਨ ਵਿੱਚ ਕਾਫੀ ਮਦਦ ਮਿਲੇਗੀ ਅਤੇ ਨਤੀਜੇ ਵਜੋਂ ਆਰਥਿਕ ਵਿਕਾਸ ਵਿੱਚ ਤੇਜ਼ੀ ਆਵੇਗੀ। ਦੂਸਰਾ, ਨਿਵੇਸ਼ਕ ਹੁਣ ਘੱਟ ਦਰ ਉੱਤੇ ਕਰਜ਼ਾ ਦੇਣਗੇ ਕਿਉਂਕਿ ਕਰਜ਼ੇ ਦੇ ਪ੍ਰੀਮੀਅਮ ਉਤੇ ਜੋਖਿਮ ਘੱਟ ਹੋਵੇਗਾ। ਤੀਸਰਾ, ਵਿਦੇਸ਼ੀ ਘਾਟੇ ਹੁਣ ਘੱਟ ਦਰ ਉਤੇ ਫਾਈਨੈਂਸ ਕਰਵਾਏ ਜਾ ਸਕਣਗੇ ਅਤੇ ਨਿਵੇਸ਼ ਵਿੱਚ ਤੇਜ਼ੀ ਨਾਲ ਸਟਾਕ ਮਾਰਕੀਟ ਵਿੱਚ ਆਰਥਿਕਤਾ ਦੀ ਕਾਰਗੁਜ਼ਾਰੀ ਸੁਧਰੇਗੀ।

## ਭਾਰਤੀ ਆਰਥਿਕਤਾ ਦੀ ਕਾਰਗੁਜ਼ਾਰੀ

ਪਿਛਲੇ ਦਹਾਕੇ ਵਿੱਚ ਭਾਰਤੀ ਆਰਥਿਕਤਾ ਨੇ ਮੁਕਾਬਲਤਨ ਵਧੀਆ ਕਾਰਗੁਜ਼ਾਰੀ ਵਿਖਾਈ ਹੈ। ਔਸਤਨ ਆਰਥਿਕਤਾ ਵਿੱਚ 7.68 ਪ੍ਰਤਿਸ਼ਤ ਦਾ ਵਾਧਾ ਪਿਛਲੇ 10 ਸਾਲ ਵਿੱਚ ਹੋਇਆ ਹੈ। ਅਸਲ ਵਿੱਚ ਭਾਰਤ ਇਕ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀ ਆਰਥਿਕਤਾ ਵਜੋਂ ਸਾਹਮਣੇ ਆਇਆ ਹੈ ਅਤੇ 2017-18 ਦੇ ਮਾਲੀ ਸਾਲ ਵਿੱਚ ਇਸ ਦੀ ਕਾਰਗੁਜ਼ਾਰੀ 7.2 ਪ੍ਰਤਿਸ਼ਤ ਉੱਤੇ ਇਸ ਅਤੇ ਇਸ ਵਿੱਚ ਜੋ ਸੁਧਾਰ ਹੋ ਰਿਹਾ ਹੈ ਉਹ ਮੁੱਖ ਤੌਰ ਤੇ ਬਰਾਮਦਾਂ ਅਤੇ ਸਰਕਾਰੀ ਖਰਚੇ ਵਿੱਚ ਵਾਧੇ ਕਾਰਨ ਹੋ ਰਿਹਾ ਹੈ। ਭਾਰਤ ਨੇ ਹੋਰ ਵਿਕਾਸਸ਼ੀਲ ਦੇਸ਼ਾਂ ਨੂੰ ਪਿਛਾਂਹ ਛੱਡ ਦਿੱਤਾ ਹੈ ਜੋ ਕਿ 4.1 ਪ੍ਰਤਿਸ਼ਤ ਦੀ ਦਰ ਨਾਲ ਵਿਕਸਤ ਹੋਣਗੇ – (ਵਿਸ਼ਵ ਬੈਂਕ 2017)।

ਤਾਲਿਕਾ-1 ਭਾਰਤੀ ਆਰਥਿਕਤਾ ਦੇ ਅਹਿਮ ਮੈਕ੍ਰੋ ਇਕਨਾਮਿਕ ਸੰਕੇਤਾਂ ਦੇ ਅੰਕੜਿਆਂ ਨੂੰ ਦਰਸਾਉਂਦੀ ਹੈ। ਜਿਵੇਂ ਕਿ ਵੇਖਿਆ ਜਾ ਸਕਦਾ ਹੈ ਮੌਜੂਦਾ ਖਾਤਾ ਸਥਿਤੀ ਵਿੱਚ ਵਿਸ਼ਵਵਿਆਪੀ ਮਾਲੀ ਸੰਕਟ ਤੋਂ ਬਾਅਦ ਭਾਰੀ ਸੁਧਾਰ ਆਇਆ ਹੈ। ਚਾਲੂ ਖਾਤਾ ਘਾਟਾ 2013 ਵਿੱਚ 4.8 ਪ੍ਰਤਿਸ਼ਤ ਦੇ ਖ਼ਤਰਨਾਕ ਪੱਧਰ ਉੱਤੇ ਪਹੁੰਚ ਗਿਆ ਸੀ ਅਤੇ ਇਸ ਦੇ ਨਾਲ ਹੀ ਮਾਲੀ ਘਾਟਾ ਵੀ ਕੁੱਲ ਘਰੇਲੂ ਉਤਪਾਦ ਦੇ 7 ਪ੍ਰਤਿਸ਼ਤ ਉਤੇ ਪਹੁੰਚ ਗਿਆ ਸੀ ਜਿਸ ਨਾਲ ਮਾਰਕੀਟ ਵਿੱਚ ਕਾਇਮ ਰਹਿਣ ਦਾ ਖ਼ਤਰਾ ਵੀ ਬਣ ਗਿਆ ਸੀ। ਭਾਰਤ ਸਰਕਾਰ ਵਲੋਂ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਸਤੰਬਰ 2014 ਵਿੱਚ ਸ਼ੁਰੂ ਕੀਤੇ ਗਏ ਵਿਸ਼ਾਲ 'ਮੇਕ ਇਨ ਇੰਡੀਆ' ਪ੍ਰੋਗਰਾਮ ਨਾਲ ਦੇਸ਼ ਵਿੱਚ ਨਿਰਮਾਣ ਖੇਤਰ ਨੂੰ ਵੱਡਾ ਹੁੰਗਾਰਾ ਮਿਲਿਆ ਅਤੇ ਵਧੇਰੇ ਨੌਕਰੀਆਂ ਨਿਕਲਣ ਦੇ ਨਾਲ ਹੀ ਵਿਕਾਸ ਦੀ ਗਤੀ ਤੇਜ਼ ਹੋਈ। ਭਾਰਤੀ ਆਰਥਿਕਤਾ ਨੇ ਭਾਰੀ ਮਾਲੀ ਘਾਟੇ ਉੱਤੇ ਪਾਰ ਪਾਉਣ ਵਿੱਚ ਸਫਲਤਾ ਹਾਸਿਲ ਕੀਤੀ ਅਤੇ ਉਸ ਨੂੰ ਸਥਿਰ ਪੂੰਜੀ ਆਮਦ ਨਾਲ ਪੈਸਾ ਹਾਸਿਲ ਹੋਣ ਲੱਗਾ। ਐੱਫ ਡੀ ਆਈ ਆਮਦ, ਜੋ ਕਿ ਪੂੰਜੀ ਆਮਦ ਦਾ ਸਭ ਤੋਂ ਸਥਿਰ ਸਾਧਨ ਹੈ, ਵਿੱਚ ਦੋ ਗੁਣਾ ਵਾਧਾ ਹੋਇਆ ਅਤੇ ਇਹ 2007 ਦੇ 22.826 ਬਿਲੀਅਨ ਡਾਲਰ ਤੋਂ ਵਧ ਕੇ 2016 ਵਿੱਚ 55.558 ਅਮਰੀਕੀ ਡਾਲਰ ਉੱਤੇ ਪਹੁੰਚ ਗਿਆ। 'ਮੇਕ ਇਨ ਇੰਡੀਆ' ਪ੍ਰੋਗਰਾਮ ਵਿੱਚ 25 ਸਮਰੱਥ ਖੇਤਰਾਂ ਉੱਤੇ ਧਿਆਨ

ਤਾਲਿਕਾ-1: ਭਾਰਤੀ ਆਰਥਿਕਤਾ ਦੇ ਮੈਕ੍ਰੋਇਕਨਾਮਿਕ ਸੰਕੇਤ

| ਸਾਲ | ਚਾਲੂ ਖਾਤਾ ਘਾਟਾ (ਜੀ.ਡੀ.ਪੀ. ਦੀ % ਦੇ ਹਿਸਾਬ ਨਾਲ) | ਮਾਲੀ ਘਾਟਾ (ਜੀ.ਡੀ.ਪੀ. ਦੀ % ਦੇ ਹਿਸਾਬ ਨਾਲ) | ਐੱਫ ਡੀ ਆਈ ਇਨ ਫਲੋਅਜ਼ (ਅਮਰੀਕੀ ਡਾਲਰਾਂ ਵਿੱਚ) | ਗਰੌਸ ਡੈਬਿਟ (ਜੀ.ਡੀ.ਪੀ. ਦੀ % ਦੇ ਹਿਸਾਬ ਨਾਲ) |
|---|---|---|---|---|
| 2007 | 1.0 | 5.1 | 22.826 | 74.027 |
| 2008 | 1.3 | 4.0 | 34.844 | 74.536 |
| 2009 | 2.3 | 8.3 | 41.903 | 72.527 |
| 2010 | 2.8 | 9.3 | 37.745 | 67.458 |
| 2011 | 2.8 | 6.9 | 36.047 | 69.643 |
| 2012 | 4.2 | 7.8 | 46.551 | 69.105 |
| 2013 | 4.8 | 6.9 | 34.298 | 68.529 |
| 2014 | 1.7 | 6.7 | 36.047 | 68.576 |
| 2015 | 1.3 | 6.7 | 45.147 | 69.551 |
| 2016 | 1.1 | 7.5 | 55.558 | 69.537 |

ਸਰੋਤ : ਆਰ ਬੀ ਆਈ ਅਤੇ ਆਈ ਐੱਮ ਐੱਫ – ਆਈ ਐੱਨ ਐੱਸ)

ਕੇਂਦਰਿਤ ਕੀਤਾ ਗਿਆ ਤਾਂ ਕਿ 100 ਮਿਲੀਅਨ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ ਅਤੇ 2020 ਤੱਕ ਕੁੱਲ ਘਰੇਲੂ ਉਤਪਾਦ ਵਿੱਚ ਨਿਰਮਾਣ ਖੇਤਰ ਦਾ ਹਿੱਸਾ 25 ਪ੍ਰਤਿਸ਼ਤ ਹੋ ਸਕੇ। ਇਸ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਲੈ ਕੇ ਭਾਰਤ ਸਰਕਾਰ ਨੇ ਢਾਂਚਾ ਵਿਕਾਸ, ਵਾਤਾਵਰਨ ਸੰਬੰਧੀ ਪ੍ਰਵਾਨਗੀ ਨੂੰ ਆਸਾਨ ਬਣਾਉਣ, ਈਜ਼ ਆਫ ਡੂਇੰਗ ਬਿਜ਼ਨਸ, ਵਿਦਵਤਾ ਜਾਇਦਾਦ ਅਧਿਕਾਰ ਦੀ ਰਾਖੀ, ਛੋਟੇ ਅਤੇ ਦਰਮਿਆਨੇ ਅਦਾਰਿਆਂ ਨੂੰ ਸਹੂਲਤਾਂ ਪ੍ਰਦਾਨ ਕਰਨ, ਕਰ ਢਾਂਚੇ ਨੂੰ ਸੁਖਾਲਾ ਬਣਾਉਣ, ਐਫ ਡੀ ਆਈ ਮਿਆਰਾਂ ਨੂੰ ਸੁਖਾਲਾ ਬਣਾਉਣ ਅਤੇ ਖੁੱਲ੍ਹੀ ਆਰਥਿਕਤਾ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਹਨ। ਭਾਰਤ ਸਰਕਾਰ ਦੀਆਂ ਆਰਥਿਕ ਨੀਤੀਆਂ ਪਿਛਲੇ ਕੁਝ ਸਾਲਾਂ ਵਿੱਚ ਨਿਰੰਤਰਤਾ ਵਾਲੀਆਂ ਅਤੇ ਤਰੱਕੀ ਪਸੰਦ ਰਹੀਆਂ ਹਨ ਜਿਸ ਨਾਲ ਵਪਾਰ ਲਈ ਸਥਿਰ ਮਾਹੌਲ ਬਣਿਆ ਹੈ। ਪੂੰਜੀ ਪ੍ਰਵਾਹ ਵਿੱਚ ਵਾਧਾ ਦਰਸਾਉਂਦਾ ਹੈ ਕਿ ਨਿਵੇਸ਼ ਪੱਕਾ ਹੋਇਆ ਹੈ ਅਤੇ ਕਿਉਂਕਿ ਐਫ ਡੀ ਆਈ ਵਿਕਾਸ ਵਿੱਚ ਅਤੇ ਨੌਕਰੀਆਂ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ ਇਸ ਦਾ ਪਿਛਲੇ ਕੁਝ ਸਾਲਾਂ ਵਿੱਚ ਚੰਗਾ ਪ੍ਰਭਾਵ ਪਿਆ ਹੈ। ਵਿੱਤੀ ਸਥਿਤੀ ਵਿੱਚ ਭਾਵੇਂ ਥੋੜ੍ਹਾ ਜਿਹਾ ਨਿਘਾਰ ਆਇਆ ਹੈ, ਵਿੱਤੀ ਸੰਤੁਲਨ ਕਾਇਮ ਰੱਖਣ ਲਈ ਕਈ ਕਦਮ ਚੁੱਕੇ ਗਏ ਹਨ।

ਕੁੱਲ ਘਰੇਲੂ ਉਤਪਾਦ ਅਨੁਪਾਤ ਦੇ ਹਿਸਾਬ ਨਾਲ ਕੁੱਲ ਕਰਜ਼ਾ ਦੇਸ਼ ਦੀ ਰੇਟਿੰਗ ਵਿੱਚ ਇਕ ਅਹਿਮ ਤੱਤ ਹੈ। ਇਹ 2003 ਵਿੱਚ 84.2 ਪ੍ਰਤਿਸ਼ਤ ਉੱਤੇ ਸੀ ਅਤੇ ਇਸ ਵਿੱਚ ਹੌਲੀ-ਹੌਲੀ ਸੁਧਾਰ ਹੋਇਆ ਅਤੇ 2016 ਵਿੱਚ ਇਹ 69.5 ਪ੍ਰਤਿਸ਼ਤ ਉੱਤੇ ਪਹੁੰਚ ਗਿਆ। ਭਾਰਤ ਦੇ ਕੁੱਲ ਕਰਜ਼ੇ ਵਿੱਚੋਂ ਜਨਤਕ ਕਰਜ਼ਾ 42 ਪ੍ਰਤਿਸ਼ਤ ਉੱਤੇ ਸੀ। 2007 ਵਿੱਚ ਜਦੋਂ ਐੱਸ ਐਂਡ ਪੀ ਨੇ ਭਾਰਤ ਦੀ ਰੇਟਿੰਗ ਵਿੱਚ ਸੁਧਾਰ ਦਰਸਾਇਆ ਉਸ ਵੇਲੇ ਕਰਜ਼ੇ ਤੋਂ ਕੁੱਲ ਘਰੇਲੂ ਉਤਪਾਦ ਅਨੁਪਾਤ 77.1 ਪ੍ਰਤਿਸ਼ਤ ਸੀ ਜੋ ਕਿ 2016 ਵਿੱਚ ਸੁਧਰ ਕੇ 69.5 ਪ੍ਰਤਿਸ਼ਤ ਉੱਤੇ ਆ ਗਿਆ।

ਇਸ ਤੋਂ ਇਲਾਵਾ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐੱਮ) ਕਮੇਟੀ ਦਾ ਵਾਅਦਾ ਹੈ ਕਿ ਕਰਜ਼ੇ ਅਤੇ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ 2023 ਤੱਕ 60 ਪ੍ਰਤਿਸ਼ਤ ਤੋਂ ਹੇਠਾਂ ਲਿਆਂਦਾ ਜਾਵੇਗਾ। ਅਸਲ ਵਿੱਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਮੁੱਢਲਾ ਘਾਟਾ ਜੋ ਕਿ ਵਿੱਤੀ ਆਪਰੇਸ਼ਨ ਨੂੰ ਦਰਸਾਉਂਦਾ ਹੈ, ਉਹ ਜਦੋਂ ਭਾਰਤ ਦੀ ਵਿੱਤੀ ਮਜ਼ਬੂਤੀ ਦੀ ਸੜਕ ਉੱਤੇ ਕੰਮ ਕਰਦਾ ਹੈ ਉਹ ਵਧੀਆ ਕਾਰਗੁਜ਼ਾਰੀ ਦਰਸਾਉਂਦਾ ਹੈ। ਪਰ ਐੱਫ ਆਰ ਬੀ ਐੱਮ ਦਾ ਕਹਿਣਾ ਹੈ ਕਿ ਵਿਆਜ ਭੁਗਤਾਨ ਇਸ ਦਾ ਇਕ ਵੱਡਾ ਹਿੱਸਾ ਹੁੰਦਾ ਹੈ ਅਤੇ ਇਹ ਸਪੱਸ਼ਟ ਹੈ ਕਿ ਵਿੱਤੀ ਘਾਟੇ ਨਾਲ ਚਿੰਬੜੇ ਰਹਿਣ ਤਾਂ ਕਿ ਆਰਥਿਕਤਾ ਦੀ ਮਾਲੀ ਸਿਹਤ ਦਾ ਜਾਇਜ਼ਾ ਲਿਆ ਜਾ ਸਕੇ।

ਵਿਦੇਸ਼ੀ ਕਰਜ਼ਾ ਸੰਕੇਤਾਂ ਅਨੁਸਾਰ, ਲੰਬੀ ਮਿਆਦ ਦੇ ਕਰਜ਼ੇ ਵਿੱਚੋਂ 83 ਪ੍ਰਤਿਸ਼ਤ ਕੁੱਲ ਵਿਦੇਸ਼ੀ ਕਰਜ਼ੇ ਹਨ ਜਦ ਕਿ ਥੋੜ੍ਹੀ ਮਿਆਦ ਦੇ ਕਰਜ਼ੇ ਵਿੱਚੋਂ ਕੁੱਲ 17 ਪ੍ਰਤਿਸ਼ਤ ਵਿਦੇਸ਼ੀ ਕਰਜ਼ੇ ਵਿੱਚੋਂ ਹਨ – (ਤਾਲਿਕਾ-2)। ਕਰਜ਼ਾ ਸੇਵਾ ਅਨੁਪਾਤ 2014 ਵਿੱਚ ਜਿਥੇ 5.9 ਪ੍ਰਤਿਸ਼ਤ ਸੀ ਉਹ 2016 ਵਿੱਚ 8.8 ਪ੍ਰਤਿਸ਼ਤ ਉੱਤੇ ਪਹੁੰਚ ਗਿਆ ਅਤੇ ਇਹ ਕਾਫੀ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿੱਚ 2007 ਤੋਂ 2016 ਦਰਮਿਆਨ ਵਿਦੇਸ਼ੀ ਕਰਜ਼ਾ – ਕੁੱਲ ਘਰੇਲੂ ਉਤਪਾਦ ਅਨੁਪਾਤ 2007 ਨਾਲੋਂ 2016 ਵਿੱਚ 6 ਪ੍ਰਤਿਸ਼ਤ ਵਧ ਗਿਆ ਪਰ ਲੰਬੀ ਮਿਆਦ ਦੇ ਕਰਜ਼ੇ ਅਤੇ ਥੋੜ੍ਹੀ ਮਿਆਦ ਦੇ ਕਰਜ਼ੇ ਦਾ ਕੁੱਲ ਵਿਦੇਸ਼ੀ ਕਰਜ਼ੇ ਨਾਲੋਂ ਅਨੁਪਾਤ ਇਸ ਸਮੇਂ ਵਿੱਚ ਇਕ ਪ੍ਰਤਿਸ਼ਤ ਤਬਦੀਲ ਹੋ ਗਿਆ। ਲੰਬੀ ਮਿਆਦ ਦੇ ਕਰਜ਼ੇ ਅਤੇ ਛੋਟੀ ਮਿਆਦ ਦੇ ਕਰਜ਼ੇ ਦਾ ਕੁੱਲ ਵਿਦੇਸ਼ੀ ਕਰਜ਼ੇ ਨਾਲੋਂ ਲਿਆ ਗਿਆ ਜਾਇਜ਼ਾ ਦਰਸਾਉਂਦਾ ਹੈ ਕਿ ਹਾਲਾਤ ਕੁੱਝ ਚਿੰਤਾਜਨਕ ਹਨ ਕਿਉਂਕਿ ਪੂਰੇ ਅੰਕੜੇ ਲਾਗੂ ਹੋ ਸਕਦੇ ਹਨ। ਅਸਲ ਵਿੱਚ ਕੁੱਲ ਵਿਦੇਸ਼ੀ ਕਰਜ਼ੇ ਦਾ ਲੰਬੀ ਮਿਆਦ ਦੇ ਕਰਜ਼ੇ ਨਾਲ ਅਨੁਪਾਤ 2013 ਨਾਲੋਂ 2016 ਵਿੱਚ 6 ਪ੍ਰਤਿਸ਼ਤ ਵਧ ਗਿਆ ਹੈ ਜਿਸ ਨਾਲ ਥੋੜ੍ਹੀ ਮਿਆਦ ਲਈ ਚਿੰਤਾ ਕੁੱਝ ਘਟਦੀ ਹੈ।

ਵਿਦੇਸ਼ੀ ਕਰੰਸੀ ਦੇ ਭੰਡਾਰ ਕ੍ਰੈਡਿਟ ਰੇਟਿੰਗਜ਼ ਦੇ ਮਾਮਲੇ ਵਿੱਚ ਇਕ ਹੋਰ ਸਥਿਰਤਾ ਦਾ ਸੰਕੇਤ ਦਰਸਾਉਂਦੇ ਹਨ। ਭਾਰਤ ਦੇ ਵਿਦੇਸ਼ੀ ਕਰੰਸੀ ਦੇ ਭੰਡਾਰ 2007 ਵਿੱਚ ਜਿਥੇ 199.179 ਬਿਲੀਅਨ ਅਮਰੀਕੀ ਡਾਲਰ ਸਨ ਉਥੇ ਉਹ 2016 ਵਿੱਚ ਵਧ ਕੇ 360.176 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਏ ਜਿਸ ਨਾਲ ਜੇ ਨੇੜ ਭਵਿੱਖ ਵਿੱਚ ਪੂੰਜੀ ਪ੍ਰਵਾਹ ਅਤੇ ਵਟਾਂਦਰਾ ਦਰ ਦਾ ਦਬਾਅ ਵੱਧਦਾ ਵੀ ਹੈ ਤਾਂ ਵੀ ਸੁਖਾਲੀ ਸਥਿਤੀ ਹੀ ਬਣੀ ਰਹੇਗੀ। ਵਿਦੇਸ਼ੀ ਕਰੰਸੀ ਦੇ ਭੰਡਾਰਾਂ ਦੀ ਸਥਿਤੀ ਚੰਗੀ ਹੋਣ ਕਾਰਨ ਦਰਾਮਦਾਂ ਦੀ (ਮਹੀਨਿਆਂ ਵਿੱਚ) ਸਥਿਤੀ 2017 ਦੇ 12 ਮਹੀਨੇ ਠੀਕ ਬਣੀ ਰਹਿ ਰਹੀ ਹੈ। 2013 ਦੇ 7 ਮਹੀਨਿਆਂ ਵਿੱਚ ਵਿਦੇਸ਼ੀ ਕਰੰਸੀ ਦੇ ਭੰਡਾਰ

ਤਾਲਿਕਾ-2: ਭਾਰਤ ਦੇ ਮੁੱਖ ਵਿਦੇਸ਼ੀ ਕਰਜ਼ਾ ਸੰਕੇਤਕ ਅਤੇ ਅਨੁਪਾਤ

| ਸਾਲ | ਵਿਦੇਸ਼ੀ ਕਰਜ਼ਾ (ਅਮਰੀਕੀ ਡਾਲਰਾਂ ਵਿੱਚ) | ਵਿਦੇਸ਼ੀ ਕਰਜ਼ਾ ਜੀ.ਡੀ.ਪੀ. ਨੂੰ | ਲੰਬੀ ਮਿਆਦ ਦਾ ਕੁੱਲ ਵਿਦੇਸ਼ੀ ਕਰਜ਼ਾ | ਥੋੜ੍ਹੀ ਮਿਆਦ ਦਾ ਕੁੱਲ ਵਿਦੇਸ਼ੀ ਕਰਜ਼ਾ | ਕਰਜ਼ਾ ਸੇਵਾਵਾਂ |
|---|---|---|---|---|---|
| 2007 | 172.36 | 17.5 | 83.7 | 16.3 | 4.7 |
| 2008 | 224.407 | 18.0 | 79.6 | 20.4 | 4.8 |
| 2009 | 224.498 | 20.3 | 80.7 | 19.3 | 4.4 |
| 2010 | 260.935 | 18.2 | 79.9 | 20.1 | 5.8 |
| 2011 | 317.891 | 18.2 | 79.6 | 20.4 | 4.4 |
| 2012 | 360.766 | 21.1 | 78.3 | 21.7 | 6.0 |
| 2013 | 409.374 | 22.4 | 76.4 | 23.6 | 5.9 |
| 2014 | 446.178 | 23.8 | 79.5 | 20.5 | 5.9 |
| 2015 | 474.675 | 23.8 | 82.0 | 18.0 | 7.6 |
| 2016 | 485.023 | 23.7 | 82.8 | 17.2 | 8.8 |

ਸਰੋਤ : ਆਰ ਬੀ ਆਈ

### ਈਜ਼ ਆਫ ਡੂਇੰਗ ਬਿਜ਼ਨਸ ਲਈ ਕੀਤੀਆਂ ਗਈਆਂ ਤਾਜ਼ਾ ਪਹਿਲਕਦਮੀਆਂ


- ਬਹੁਪੱਖੀ ਪੇਸ਼ਗੀ ਪ੍ਰਵਾਨਗੀਆਂ ਦੀ ਲੋੜ ਨੂੰ ਖਤਮ ਕਰਨ ਲਈ ਇਕ ਮਾਹਿਰ ਕਮੇਟੀ ਕਾਇਮ
- 24 ਘੰਟੇ ਚੱਲਣ ਵਾਲਾ ਇਕ ਈ-ਬਿਜ਼ਨਸ ਪੋਰਟਲ ਸ਼ੁਰੂ ਕੀਤਾ ਗਿਆ ਜੋ ਕਿ ਇਕੋ ਥਾਂ ਉੱਤੇ 14 ਰੈਗੂਲੇਟਰੀ ਪ੍ਰਵਾਨਗੀਆਂ ਦੇਵੇਗਾ।
- ਅਗਲੇ 4 ਸਾਲ ਲਈ ਕਾਰਪੋਰੇਟ ਕਰ ਦਰ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕੀਤੀ ਗਈ।
- ਜਨਰਲ ਐਂਟੀ ਅਵਾਇਡੈਂਸ ਰੂਲ ਨੂੰ ਲਾਗੂ ਕਰਨ ਦਾ ਕੰਮ ਹੋਰ ਦੋ ਸਾਲ ਲਈ ਟਾਲ ਦਿੱਤਾ ਗਿਆ ਅਤੇ ਰੈਟਰੋਸਪੈਕਟਿਵ ਟੈਕਸ ਨੂੰ ਲਗਭਗ ਖਤਮ ਕਰ ਦਿੱਤਾ ਗਿਆ।
- ਇਕ ਨਵਾਂ ਦੀਵਾਲੀਆ ਕਾਨੂੰਨ ਬਣਾਉਣ ਦਾ ਪ੍ਰਸਤਾਵ ਹੈ ਤਾਂ ਕਿ ਨਿਵੇਸ਼ਕਾਂ ਨੂੰ ਕੰਮ ਵਿੱਚੋਂ ਅਸਾਨੀ ਨਾਲ ਬਾਹਰ ਨਿਕਲਣ ਦਾ ਮੌਕਾ ਮਿਲੇ। ਵਿਸਤ੍ਰਿਤ ਦੀਵਾਲੀਆ ਕਾਨੂੰਨ 2016 ਵਿੱਚ ਲਾਗੂ ਕੀਤਾ ਗਿਆ ਜੋ ਕਿ 2015 ਬੈਂਕਰਪਸੀ ਕੋਡ ਨਾਲੋਂ ਵਾਧੂ ਹੈ।
- ਵਪਾਰਕ ਝਗੜਿਆਂ ਦੇ ਜਲਦੀ ਹੱਲ ਲਈ ਇਕ ਨਵਾਂ ਕਾਨੂੰਨੀ ਤੰਤਰ ਕਾਇਮ ਕਰਨ ਦਾ ਪ੍ਰਸਤਾਵ।
- ਟੈਕਸ ਝਗੜਿਆਂ ਦਾ ਇਕੋ ਵਾਰੀ ਨਿਪਟਾਰਾ
- ਕੰਪਨੀ ਕਾਨੂੰਨ ਵਿੱਚ ਲਗਭਗ 50 ਸੋਧਾਂ ਦਾ ਪ੍ਰਸਤਾਵ।
- ਇਕ ਕੰਪਨੀ ਦਾ ਪੰਜੀਕਰਨ ਇਕ ਹੀ ਦਿਨ ਵਿੱਚ ਕਰਨ ਦਾ ਪ੍ਰਸਤਾਵ ਜਦ ਕਿ ਪਹਿਲਾਂ ਔਸਤਨ 15 ਤੋਂ 20 ਦਿਨ ਲਗਦੇ ਸਨ।
- ਰਾਸ਼ਟਰੀ ਮੁਹਾਰਤ ਵਿਕਾਸ ਕੌਂਸਲ ਤੋਂ ਇਲਾਵਾ 1500 ਬਹੁ ਮੁਹਾਰਤ ਸਿਖਲਾਈ ਸੰਸਥਾਨਾਂ ਨੂੰ ਵਧੇਰੇ ਫੰਡਾਂ ਦੀ ਵਿਤਰਣ ਕਰਕੇ ਨੌਜਵਾਨ ਭਾਰਤੀਆਂ ਨੂੰ ਸਿੱਖਿਅਤ ਕੀਤਾ ਜਾ ਸਕੇ।
- 1 ਮਾਰਚ, 2016 ਤੋਂ ਬਾਅਦ ਪੰਜੀਕ੍ਰਿਤ ਹੋਈਆਂ ਨਵੀਆਂ ਫਰਮਾਂ ਉੱਤੇ ਸਿਰਫ 25 ਪ੍ਰਤਿਸ਼ਤ ਦਾ ਕਾਰਪੋਰੇਟ ਕਰ ਲੱਗੇਗਾ ਅਤੇ ਸਟਾਰਟ ਅੱਪ ਲਈ 5 ਸਾਲਾਂ ਵਿੱਚੋਂ 3 ਸਾਲ ਤੱਕ ਟੈਕਸ ਦੀ ਛੁੱਟੀ।
- ਮਾਧਮਿਕ ਯੰਤਰਾਂ ਦੀ ਦਰਾਮਦ ਉੱਤੇ ਟੈਕਸ ਅਤੇ ਡਿਊਟੀ ਵਿੱਚ ਕਟੌਤੀ ਤਾਂ ਕਿ 'ਮੇਕ ਇਨ ਇੰਡੀਆ ਵਿੱਚ ਯੋਗਦਾਨ ਪਾਇਆ ਜਾ ਸਕੇ।
- ਕਾਰਜਕਾਰੀ ਅਧਿਕਾਰੀਆਂ ਅਤੇ ਨਿਆਂਪਾਲਿਕਾ ਦੇ ਮੈਂਬਰਾਂ ਦੀ ਜਵਾਬਦੇਹੀ ਵਿੱਚ ਸੁਧਾਰ ਲਈ ਤਕਨਾਲੋਜੀ ਦੀ ਵਰਤੋਂ।
- ਬਰਾਮਦਾਂ ਅਤੇ ਦਰਾਮਦਾਂ ਲਈ ਲੋੜੀਂਦੇ ਦਰਸਤਾਵੇਜ਼ਾਂ ਦੀ ਗਿਣਤੀ 11 ਤੋਂ ਘਟਾ ਕੇ 3 ਕੀਤੀ ਗਈ।
- ਰੱਖਿਆ ਮੱਦਾਂ ਦੀ ਲਾਇਸੈਂਸਿੰਗ ਨੂੰ ਖਤਮ ਕਰਨਾ – 56 ਪ੍ਰਤਿਸ਼ਤ ਰੱਖਿਆ ਵਸਤਾਂ ਨੂੰ ਲਾਇਸੈਂਸਿੰਗ ਦੀ ਲੋੜ ਤੋਂ ਬਾਹਰ ਕੱਢਿਆ ਗਿਆ।
- ਐੱਨ ਆਰ ਆਈ ਨਿਵੇਸ਼ ਨੂੰ ਭਾਰਤੀ ਨਿਵੇਸ਼ ਮੰਨਿਆ ਜਾਵੇਗਾ।

ਕੁੱਝ ਘਟੇ ਸਨ ਪਰ ਹੁਣ ਇਹ 400 ਬਿਲੀਅਨ ਡਾਲਰ ਨੂੰ ਪਾਰ ਕਰ ਚੁੱਕੇ ਹਨ।

ਮੈਕ੍ਰੋਇਕਨਾਮਿਕ ਸੰਕੇਤਾਂ ਤੋਂ ਸਥਿਤੀ ਵਿੱਚ ਸੁਧਾਰ ਹੋਣ ਬਾਰੇ ਪਤਾ ਲੱਗ ਰਿਹਾ ਹੈ, ਇਸ ਦੇ ਬਾਵਜੂਦ ਸਰਕਾਰ ਵਲੋਂ ਸੁਧਾਰ ਪਹਿਲਕਦਮੀਆਂ ਨਿਵੇਸ਼ ਅਤੇ ਵਿਕਾਸ ਦੇ ਸੰਬੰਧ ਵਿੱਚ ਜਾਰੀ ਹਨ। ਜਿਵੇਂ ਕਿ ਢਾਂਚਾ ਖੇਤਰ ਲਈ ਵਧੇਰੇ ਸੋਮੇ ਅਲਾਟ ਕੀਤੇ ਜਾ ਰਹੇ ਹਨ, ਕਈ ਨਾਜ਼ੁਕ ਖੇਤਰਾਂ ਲਈ ਐਫ ਡੀ ਆਈ ਇਕਵਿਟੀ ਵਧਾ ਦਿੱਤੀ ਗਈ ਹੈ, ਤੇਜ਼ ਪ੍ਰਵਾਨਗੀ ਅਤੇ ਕਲੀਅਰੈਂਸ ਲਈ ਪਾਰਦਰਸ਼ਤਾ ਲਿਆਂਦੀ ਗਈ, ਸੂਬਿਆਂ ਨੂੰ ਕਿਰਤ ਸੁਧਾਰਾਂ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਈਜ਼ ਆਫ ਡੂਇੰਗ ਬਿਜ਼ਨਸ ਲਈ ਕਈ ਕਦਮ ਚੁੱਕੇ ਗਏ ਹਨ ਜਿਵੇਂ ਕਿ ਇਨਸਾਲਵੈਂਸੀ ਐਂਡ ਬੈਂਕਰਪਸੀ ਕੋਡ ਲਿਆਂਦਾ ਗਿਆ ਹੈ ਅਤੇ ਅੰਤ ਵਿੱਚ ਵਸਤੂ ਅਤੇ ਸੇਵਾ ਟੈਕਸ ਲਾਗੂ ਕਰ ਦਿੱਤਾ ਗਿਆ ਹੈ। ਸਰਕਾਰ ਨੇ ਇਕ ਵੱਡਾ ਪ੍ਰੋਗਰਾਮ 'ਮੇਕ ਇਨ ਇੰਡੀਆ' ਅਤੇ ਇਸ ਨਾਲ ਸੰਬੰਧਿਤ ਹੋਰ ਕਈ ਪ੍ਰੋਗਰਾਮ 'ਸਟਾਰਟ ਅੱਪ ਇੰਡੀਆ', 'ਸਕਿੱਲ ਇੰਡੀਆ', 'ਡਿਜੀਟਲ ਇੰਡੀਆ' ਆਦਿ ਵੀ ਲਾਗੂ ਕੀਤੇ ਹਨ ਤਾਂ ਕਿ ਨਿਵੇਸ਼ ਵਿੱਚ ਵਾਧਾ ਹੋ ਸਕੇ, ਨਿਰਮਾਣ ਖੇਤਰ ਵਿੱਚ ਵਧੇਰੇ ਨੌਕਰੀਆਂ ਨਿਕਲ ਸਕਣ। ਇਕ ਸਭ ਤੋਂ ਵਧੀਆ ਚੀਜ਼ ਜਿਸ ਨਾਲ ਕਿ ਨਿਵੇਸ਼ ਰੇਟਿੰਗ ਸੁਧਾਰਨ ਵਿੱਚ ਮਦਦ ਮਿਲ ਰਹੀ ਹੈ, ਉਹ ਹੈ ਇਨਸਾਲਵੈਂਸੀ ਅਤੇ ਬੈਂਕਰਪਸੀ ਕੋਡ ਨੂੰ ਲਾਗੂ ਕਰਨਾ ਜਿਸ ਨਾਲ ਕਿ ਰੁਕੇ ਹੋਏ ਪ੍ਰਾਜੈਕਟ ਮੁੜ ਚਾਲੂ ਹੋ ਰਹੇ ਹਨ ਅਤੇ ਸਹਿਕਾਰੀ ਖੇਤਰ ਅਤੇ ਬੈਂਕਿੰਗ ਖੇਤਰ ਦੇ ਬੈਲੈਂਸਸ਼ੀਟ ਦੇ ਮਸਲੇ ਹੱਲ ਹੋ ਰਹੇ ਹਨ।

## ਪੱਖਪਾਤ ਨੂੰ ਖਤਮ ਕਰਨਾ – ਚੀਨ ਬਨਾਮ ਭਾਰਤ

ਭਾਰਤ ਵਿੱਚ ਨੀਤੀਆਂ ਘੜਨ ਵਾਲਿਆਂ ਨੇ ਮਹਿਸੂਸ ਕੀਤਾ ਕਿ ਸੀ ਆਰ ਏ ਦੇ ਮਿਆਰ ਫਰਕ ਵਾਲੇ ਹਨ ਖ਼ਾਸ ਤੌਰ ਤੇ ਭਾਰਤ ਅਤੇ ਚੀਨ ਨਾਲ ਨਜਿੱਠਣ ਲਈ। ਉਹ ਕ੍ਰੈਡਿਟ ਰੇਟਿੰਗ ਨਾਲ ਸਹਿਮਤ ਨਹੀਂ ਹਨ (ਭਾਰਤ ਸਰਕਾਰ, 2017)। ਇਹ ਬਹਿਸ ਇਸ ਸਾਲ ਸ਼ੁਰੂ ਵਿੱਚ ਬਹੁਤ ਤੇਜ਼ ਹੋਈ ਜਦੋਂ ਸਟੈਂਡਰਡ ਐਂਡ ਪੂਅਰਜ਼ (ਐੱਸ ਐਂਡ ਪੀ) ਨੇ ਬਿਲਕੁਲ ਸਹੀ ਢੰਗ ਨਾਲ ਚੀਨ ਦੀ ਰੇਟਿੰਗ ਨੂੰ ਏ+ ਤੋਂ ਏ ਏ – ਉਤੇ ਲੈ ਆਂਦਾ ਭਾਵ ਸਥਿਰ ਤੋਂ ਨਾਹ ਪੱਖੀ ਉਤੇ ਲੈ ਆਂਦਾ ਪਰ ਉਸ ਨੇ ਭਾਰਤ ਦੀ ਰੇਟਿੰਗ ਨੂੰ ਵਧਾਇਆ ਨਹੀਂ ਭਾਵੇਂ ਕਿ ਸਾਡੇ ਮੈਕਰੋ ਸਿਧਾਂਤਾਂ ਵਿੱਚ ਭਾਰੀ ਸੁਧਾਰ ਹੋਇਆ ਸੀ। ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਨੇ ਕਿਹਾ ਕਿ ਸੀ ਆਰ ਏ ਦੇ ਮਿਆਰ ਨੁਕਸਾਨਦਾਇਕ ਹਨ ਖ਼ਾਸ ਕਰਕੇ ਐੱਸ ਐਂਡ ਪੀ ਦੀ ਰੇਟਿੰਗ ਨੂੰ 'ਪੂਅਰ' ਕਰਾਰ ਦੇਣ ਦੇ ਮਾਮਲੇ ਵਿੱਚ। 2007 ਵਿੱਚ ਐੱਸ ਐਂਡ ਪੀ ਨੇ ਭਾਰਤ ਦੀ ਕ੍ਰੈਡਿਟ ਰੇਟਿੰਗ ਨੂੰ ਅੱਪਗ੍ਰੇਡ ਕਰਕੇ ਬੀ ਬੀ ਬੀ – ਉਤੇ ਲਿਆਂਦਾ ਸੀ, ਉਸ ਵੇਲੇ ਤੋਂ ਪਿਛਲੇ 10 ਸਾਲਾਂ ਵਿੱਚ ਉਸ ਕੰਪਨੀ ਨੇ ਭਾਰਤ ਦੀ ਚਾਰ ਵਾਰੀ ਰੇਟਿੰਗ ਕੀਤੀ (ਫ਼ਰਵਰੀ 2009, ਮਾਰਚ 2010, ਅਪ੍ਰੈਲ 2012 ਅਤੇ ਸਤੰਬਰ 2014) ਅਤੇ ਹਰ ਵਾਰੀ ਉਸੇ ਰੇਟਿੰਗ ਨੂੰ ਬਰਕਰਾਰ ਰੱਖਿਆ। ਮੂਡੀ ਨੇ ਭਾਰਤ ਦੀ ਰੇਟਿੰਗ ਵਿੱਚ ਸੁਧਾਰ ਲਈ 13 ਸਾਲ ਲਗਾ ਦਿੱਤੇ ਪਰ ਪਾਲਿਸੀ ਮਾਹਿਰਾਂ ਅਤੇ ਮਾਰਕੀਟ ਮਾਹਿਰਾਂ ਦਾ ਵਿਚਾਰ ਹੈ ਕਿ ਭਾਰਤ ਦੀ ਜੋ ਰੇਟਿੰਗ ਵਧਾਈ



*ਸਰੋਤ : ਸੀ ਈ ਆਈ ਸੀ*

ਗਈ ਹੈ, ਉਹ ਅਜੇ ਵੀ ਘੱਟ ਹੈ ਅਤੇ ਇਹ ਰੇਟਿੰਗ ਪਹਿਲਾਂ ਵਧਣੀ ਚਾਹੀਦੀ ਸੀ ਅਤੇ ਇਸ ਵਿੱਚ ਹੋਰ ਸੁਧਾਰ ਹੋਣਾ ਚਾਹੀਦਾ ਸੀ।


ਦੂਜੀਆਂ ਈ ਐੱਮ ਈਜ਼ ਦੇ ਮੁਕਾਬਲੇ ਵਿੱਚ ਐੱਸ ਐਂਡ ਪੀ ਨੇ ਕੁਝ ਹੋਰ ਉੱਭਰ ਰਹੀਆਂ ਮਾਰਕੀਟਾਂ (ਈ ਐੱਮ ਈਜ਼) ਨੂੰ ਬੀ ਬੀ ਬੀ – ਦੀ ਰੇਟਿੰਗ ਦਿੱਤੀ ਪਰ ਇਨ੍ਹਾਂ ਨੇ ਤਾਂ ਸੱਚਮੁਚ ਹੀ ਭਾਰਤ ਦੇ ਮੁਕਾਬਲੇ ਕੁਝ ਵਧੀਆ ਨਹੀਂ ਦੱਸੀ। 2014-16 ਵਿੱਚ ਹੰਗਰੀ ਵਿੱਚ ਕੁੱਲ ਘਰੇਲੂ ਉਤਪਾਦ ਦੀ ਵਾਧਾ ਦਰ 3.06 ਪ੍ਰਤਿਸ਼ਤ, ਇੰਡੋਨੇਸ਼ੀਆ ਵਿੱਚ 4.96 ਪ੍ਰਤਿਸ਼ਤ, ਰੂਸ ਵਿੱਚ –0.79 ਪ੍ਰਤਿਸ਼ਤ ਅਤੇ ਉਰੂਗਵੇ ਵਿੱਚ 1.88 ਪ੍ਰਤਿਸ਼ਤ ਰਹੀ (ਇਨ੍ਹਾਂ ਸਾਰਿਆਂ ਵਿੱਚ ਐੱਸ ਐਂਡ ਪੀ ਦੀ ਰੇਟਿੰਗ ਬੀ ਬੀ ਬੀ – ਰਹੀ)। ਪਰ ਭਾਰਤ ਵਿੱਚ 7.3 ਪ੍ਰਤਿਸ਼ਤ ਰਹੀ। ਇਸ ਤੋਂ ਪਤਾ ਲਗਦਾ ਹੈ ਕਿ ਭਾਰਤ ਨੇ ਦੂਜੇ ਦੇਸ਼ਾਂ ਨੂੰ ਕਿੰਨਾ ਪਛਾੜਿਆ ਹੈ। ਕਰੰਸੀ ਪਸਾਰ ਦੇ ਖੇਤਰ ਵਿੱਚ ਵੀ ਭਾਰਤ ਨੇ ਇੰਡੋਨੇਸ਼ੀਆ, ਰੂਸ ਅਤੇ ਉਰੂਗਵੇ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ। ਕੁੱਲ ਸਰਕਾਰੀ ਕਰਜ਼ੇ ਅਤੇ ਕੁੱਲ ਘਰੇਲੂ ਉਤਪਾਦ ਅਨੁਪਾਤ ਦੇ ਸੰਬੰਧ ਵਿੱਚ ਭਾਰਤ ਕਈ ਦੇਸ਼ਾਂ ਨਾਲੋਂ ਵਧੀਆ ਰਿਹਾ। ਹੰਗਰੀ ਨੇ (2016 ਵਿੱਚ 74.19) ਅਤੇ ਇਟਲੀ ਨੇ (2016 ਵਿੱਚ 132.60) ਦਾ ਪ੍ਰਦਰਸ਼ਨ ਵਿਖਾਇਆ। ਵਿਦੇਸ਼ੀ ਖੇਤਰ ਦੇ ਮੋਰਚੇ ਉੱਤੇ ਹੰਗਰੀ, ਇਟਲੀ, ਰੂਸ ਅਤੇ ਉਰੂਗਵੇ ਦਾ ਚਾਲੂ ਖਾਤਾ ਸਰਪਲਸ ਬਣਿਆ ਰਿਹਾ ਜਦ ਕਿ ਭਾਰਤ ਦਾ ਚਾਲੂ ਖਾਤਾ ਘਾਟਾ 2016 ਵਿੱਚ ਸਿਰਫ 1 ਪ੍ਰਤਿਸ਼ਤ ਰਿਹਾ ਜਦ ਕਿ 2013 ਵਿੱਚ ਇਹ 4.8 ਪ੍ਰਤਿਸ਼ਤ ਸੀ। ਭਾਰਤ ਭਾਰੀ ਖ਼ਤਰਨਾਕ ਸੰਕਟ ਸਮੇਂ ਵੀ ਕਦੀ ਵੀ ਆਪਣੀਆਂ ਦੇਣਦਾਰੀਆਂ ਤੋਂ ਨਹੀਂ ਪਿੱਛੇ ਹਟਿਆ ਜਿਸ ਤੋਂ ਪਤਾ ਲਗਦਾ ਹੈ ਕਿ ਭਾਰਤ ਦੀ ਕਰਜ਼ਾ ਵਾਪਸੀ ਦੀ ਸਮਰੱਥਾ ਚੰਗੀ ਹੈ। ਇਸ ਤੋਂ ਇਲਾਵਾ ਭਾਰਤ ਨੇ ਵੱਡੇ ਵਿਦੇਸ਼ੀ ਘਾਟਿਆਂ ਨੂੰ ਫਾਇਨਾਂਸ ਕਰਨ ਦੀ ਆਪਣੀ ਸਮਰੱਥਾ ਦਰਸਾਈ ਹੈ।

ਭਾਵੇਂ ਕਿ ਐੱਸ ਐਂਡ ਪੀ ਨੇ ਚੀਨ ਦੀ ਰੇਟਿੰਗ ਨੂੰ ਏ+ ਤੋਂ ਘਟਾ ਕੇ ਏ ਏ – ਕੀਤਾ ਹੈ ਅਤੇ ਇਸ ਲਈ ਉਸ ਨੇ ਵਧ ਰਹੇ ਕਰਜ਼ੇ ਦਾ ਜ਼ਿਕਰ ਕੀਤਾ ਹੈ ਪਰ ਉਸ ਨੇ ਭਾਰਤ ਦੀ ਰੇਟਿੰਗ ਪਹਿਲਾਂ ਵਾਲੀ ਹੀ ਕਾਇਮ ਰੱਖੀ ਹੈ ਭਾਵੇਂ ਕਿ ਆਪਣੇ ਆਰਥਿਕ ਵਾਧਾ ਦਰ, ਚਾਲੂ ਖਾਤਾ ਘਾਟੇ, ਪੂੰਜੀ ਦੇ ਪ੍ਰਵਾਹ, ਕਰਜ਼ਾ ਅਨੁਪਾਤ ਵਿੱਚ ਕਾਫੀ ਸੁਧਾਰ ਦਿਖਾਇਆ ਹੈ। ਭਾਰਤ ਅਤੇ ਚੀਨ ਉੱਭਰ ਰਹੇ ਵਿਸ਼ਾਲ ਦੇਸ਼ ਹਨ ਜੋ ਕਿ ਵਿਦੇਸ਼ੀ ਨਿਵੇਸ਼ ਨਾਲ ਮੁਕਾਬਲੇਬਾਜ਼ੀ ਕਰ ਰਹੇ ਹਨ ਪਰ ਉਨ੍ਹਾਂ ਦੇ ਮੈਕਰੋ ਇਕਨਾਮਿਕ ਸਿਧਾਂਤ ਅਤੇ ਕੌਮਾਂਤਰੀ ਨਿਵੇਸ਼ ਸਥਿਤੀਆਂ ਏਨੀਆਂ ਵੱਖ-ਵੱਖ ਹਨ ਕਿ ਇਨ੍ਹਾਂ ਦਾ ਮੁਕਾਬਲਾ ਕਰਨਾ ਠੀਕ ਨਹੀਂ ਲਗਦਾ।

ਚੀਨ ਦੇ ਉਲਟ ਭਾਰਤ ਵਿੱਚ ਇਕ ਮਾਰਕੀਟ ਆਧਾਰਿਤ ਵਟਾਂਦਰਾ ਦਰ ਢਾਂਚਾ ਖੁੱਲ੍ਹਦਿਲੀ ਵਾਲੀ ਨੀਤੀ ਲਾਗੂ ਹੋਣ ਤੋਂ ਬਾਅਦ ਕਾਇਮ ਹੋਇਆ ਹੈ। 1990 ਤੋਂ ਲੈ ਕੇ ਹੁਣ ਤੱਕ ਇਹ ਮਾਲੀ ਅਤੇ ਚਾਲੂ ਖਾਤਾ ਘਾਟੇ ਦਾ ਸ਼ਿਕਾਰ ਰਿਹਾ ਹੈ ਇਸ ਲਈ ਅਸੀਂ ਇਹ ਦਰਾਉਂਦੇ ਹਾਂ ਕਿ ਕਈ ਮੈਕਰੋ ਸੰਕੇਤਾਂ ਦੇ ਆਧਾਰ ਉਤੇ ਸਾਡੀ ਰੇਟਿੰਗ ਵਿੱਚ ਵਾਧਾ ਹੋਣਾ ਕਿਉਂ ਜ਼ਰੂਰੀ ਹੈ।

ਅਹਿਮ ਪੈਮਾਨਿਆਂ ਵਿੱਚੋਂ ਸਭ ਤੋਂ ਨਾਜ਼ੁਕ, ਸਮੁੱਚਾ ਕਰਜ਼ਾ ਤੋਂ ਕੁੱਲ ਘਰੇਲੂ ਉਤਪਾਦ ਅਨੁਪਾਤ ਕਈ ਦੇਸ਼ਾਂ ਵਿੱਚ ਵਿਗੜਿਆ ਹੈ। ਜਾਪਾਨ ਵਿੱਚ ਇਹ 239.2 ਪ੍ਰਤਿਸ਼ਤ ਤੱਕ ਪਹੁੰਚ ਗਿਆ ਹੈ, ਸਿੰਗਾਪੁਰ ਵਿੱਚ 112 ਪ੍ਰਤਿਸ਼ਤ, ਅਮਰੀਕਾ ਵਿੱਚ 107 ਪ੍ਰਤਿਸ਼ਤ ਅਤੇ ਸਪੇਨ ਵਿੱਚ 99 ਪ੍ਰਤਿਸ਼ਤ ਤੱਕ ਪਹੁੰਚਿਆ ਹੈ ਪਰ ਸੀ ਆਰ ਏਜ਼ ਵਿੱਚ ਇਨ੍ਹਾਂ ਰੇਟਿੰਗਜ਼ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਭਾਰਤ ਵਿੱਚ ਕੁੱਲ ਕਰਜ਼ੇ ਤੋਂ ਕੁੱਲ ਘਰੇਲੂ ਉਤਪਾਦ ਅਨੁਪਾਤ ਇਨ੍ਹਾਂ ਸਾਰੇ ਦੇਸ਼ਾਂ ਨਾਲੋਂ ਨੀਵਾਂ ਹੈ ਪਰ ਚੀਨ ਨਾਲੋਂ ਉੱਚਾ ਹੈ, ਜਿਸ ਦੀ ਉਦਾਹਰਣ ਤਾਜ਼ਾ ਕ੍ਰੈਡਿਟ ਰੇਟਿੰਗ ਦਰਸਾਉਣ ਵੇਲੇ ਕੰਪਨੀਆਂ ਵਲੋਂ ਦਿੱਤੀ ਗਈ (ਚਿੱਤਰ-1)। ਪਰ ਅਸਲ ਵਿੱਚ 2016 ਦੇ ਕੌਮਾਂਤਰੀ ਕਰਜ਼ਾ ਅੰਕੜਿਆਂ ਬਾਰੇ ਜੋ ਵਿਸ਼ਵ ਬੈਂਕ ਗਰੁੱਪ ਨੇ ਰਿਪੋਰਟ ਦਿੱਤੀ ਉਸ ਵਿੱਚ ਉਸ ਨੇ ਭਾਰਤ ਨੂੰ ਚੀਨ ਅਤੇ ਬ੍ਰਾਜ਼ੀਲ ਤੋਂ ਬਾਅਦ ਰੱਖਿਆ ਪਰ ਭਾਰਤ ਕਦੀ ਵੀ ਵਿੱਤੀ ਮੋਰਚੇ ਜਾਂ ਵਿਦੇਸ਼ੀ ਕਰਜ਼ੇ ਦੇ ਮੋਰਚੇ ਉੱਤੇ ਉੱਕਿਆ ਨਹੀਂ। ਇਸ ਨਾਲ ਭਾਰਤ ਦਾ ਦਰਜਾ ਉੱਚਾ ਕਰਨ ਦਾ ਇਕ

**ਕੁੱਲ ਕਰਜ਼ੇ ਅਤੇ ਵਿਦੇਸ਼ੀ ਕਰਜ਼ੇ ਦੇ ਰੁਝਾਨ**




ਮਜ਼ਬੂਤ ਮਾਮਲਾ ਬਣਦਾ ਹੈ।

ਮਾਲੀ ਘਾਟਿਆਂ ਅਤੇ ਚਾਲੂ ਖਾਤਿਆਂ ਦੇ ਮੁਕਾਬਲੇ ਦੇ ਮਾਮਲੇ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਇਹ ਪਾੜਾ ਘਟਿਆ ਹੈ ਜਿਸ ਨਾਲ ਇਨ੍ਹਾਂ ਪੈਮਾਨਿਆਂ ਵਿੱਚ ਸਾਡੇ ਦੇਸ਼ ਵਿੱਚ ਸੁਧਾਰ ਨਜ਼ਰ ਆਇਆ ਹੈ (ਚਿੱਤਰ-2)। ਸਾਂਝਾ ਸਮੁੱਚਾ ਮਾਲੀ ਘਾਟਾ ਅਤੇ ਚਾਲੂ ਖਾਤਾ ਘਾਟਾ ਪਿਛਲੇ ਕੁਝ ਸਾਲਾਂ ਵਿੱਚ 10 ਪ੍ਰਤਿਸ਼ਤ ਦੇ ਆਮ ਪੱਧਰ ਉੱਤੇ ਰਿਹਾ ਜਦ ਕਿ ਚੀਨ ਦਾ ਚਾਲੂ ਖਾਤਾ 2007 ਦੇ 10 ਪ੍ਰਤਿਸ਼ਤ ਤੋਂ ਘਟ ਕੇ 2016 ਵਿੱਚ 2 ਪ੍ਰਤਿਸ਼ਤ ਉੱਤੇ ਆ ਗਿਆ। ਭਾਵੇਂ ਚੀਨ ਨੂੰ ਭਾਰਤ ਦੇ ਮੁਕਾਬਲੇ ਵਧੀਆ ਸਥਿਤੀ ਵਿੱਚ ਦਰਸਾਇਆ ਗਿਆ ਹੈ ਪਰ ਭਾਰਤੀ ਆਰਥਿਕਤਾ ਵਿੱਚ ਜੋ ਹਾਂ-ਪੱਖੀ ਗੱਲਾਂ ਹੋਈਆਂ ਹਨ ਉਨ੍ਹਾਂ ਨੇ ਭਾਰਤੀ ਆਰਥਿਕਤਾ ਨੂੰ ਉੱਚਾ ਵਿਖਾਉਣ ਨੂੰ ਸਹੀ ਦਰਸਾਇਆ ਹੈ। 2007 ਵਿੱਚ ਜਿਥੇ ਭਾਰਤ ਦਾ ਐਫ ਡੀ ਆਈ ਪ੍ਰਵਾਹ 23 ਬਿਲੀਅਨ ਅਮਰੀਕੀ ਡਾਲਰ ਸੀ, ਉਥੇ ਇਹ 2016 ਵਿੱਚ ਵਧ ਕੇ 56 ਬਿਲੀਅਨ ਅਮਰੀਕੀ ਡਾਲਰ ਹੋ ਗਿਆ, ਭਾਵ ਕਿ ਇਸ ਵਿੱਚ ਦੁੱਗਣੇ ਤੋਂ ਵੀ ਜ਼ਿਆਦਾ ਵਾਧਾ ਹੋਇਆ। ਭਾਰਤ ਦੇ ਕੁੱਲ ਕਰਜ਼ਿਆਂ ਵਿੱਚੋਂ ਜਨਤਕ ਕਰਜ਼ੇ ਕੁੱਲ ਘਰੇਲੂ ਉਤਪਾਦ ਦੇ 42 ਪ੍ਰਤਿਸ਼ਤ ਸਨ, ਜਦ ਕਿ ਵਿਦੇਸ਼ੀ ਕਰਜ਼ੇ ਸਿਰਫ 4 ਪ੍ਰਤਿਸ਼ਤ ਸਨ। ਕਰਜ਼ੇ ਤੋਂ ਕੁੱਲ ਘਰੇਲੂ ਉਤਪਾਦਤ ਅਨੁਪਾਤ ਚੀਨ ਵਿੱਚ ਜਿਥੇ 2010 ਵਿੱਚ 142 ਪ੍ਰਤਿਸ਼ਤ ਸੀ, ਉਥੇ ਉਹ 2016 ਵਿੱਚ ਵਧ ਕੇ 205 ਪ੍ਰਤਿਸ਼ਤ ਹੋ ਗਿਆ ਜਦ ਕਿ ਭਾਰਤ ਵਿੱਚ ਇਹ ਸਿਰਫ 70 ਪ੍ਰਤਿਸ਼ਤ ਉਤੇ ਹੀ ਟਿਕਿਆ ਰਿਹਾ। ਇਸ ਲਈ ਇਨ੍ਹਾਂ ਦੋਹਾਂ ਦੇਸ਼ਾਂ ਦਾ ਮੁਕਾਬਲਾ ਕਰਨਾ ਗੁੰਮਰਾਹਕੁੰਨ ਹੋਵੇਗਾ।

## ਸਿੱਟਾ

ਇੰਡੀਆ ਦੀ ਮੈਕਰੋ ਇਕਨਾਮਿਕ ਸਥਿਤੀ, ਵਿਸ਼ੇਸ਼ ਤੌਰ ਤੇ ਇਸ ਦੀ ਨਿਵੇਸ਼ ਦੀ ਸਥਿਤੀ ਅਤੇ ਕਰਜ਼ੇ ਦੇ ਸੰਕੇਤ (ਆਰਥਿਕ ਵਾਧਾ, ਚਾਲੂ ਖਾਤਾ ਬੈਲੈਂਸ, ਐਫ ਡੀ ਆਈ ਪ੍ਰਵਾਹ ਅਤੇ ਵਿਦੇਸ਼ੀ ਕਰੰਸੀ ਦੇ ਭੰਡਾਰਾਂ ਵਿੱਚ 2013 ਤੋਂ ਸੁਧਾਰ ਹੋਇਆ ਹੈ। ਭਾਰਤ ਨੇ ਆਪਣੀ ਕਰਜ਼ਾ ਵਾਪਸ ਕਰਨ ਦੀ ਸਮਰੱਥਾ ਦਾ ਸਪੱਸ਼ਟ ਤੌਰ ਤੇ ਪ੍ਰਗਟਾਵਾ ਕਰ ਦਿੱਤਾ ਹੈ ਅਤੇ ਕਰਜ਼ਾ ਵਾਪਸੀ ਦੀ ਚਾਹਤ ਵੀ ਦਰਸਾਈ ਹੈ। ਇਹ ਕਿਸੇ ਵੀ ਦੇਣਦਾਰੀ ਦੇ ਮੋਰਚੇ ਉਤੇ ਅਸਫਲ ਨਹੀਂ ਹੋਇਆ। ਭਾਰਤ ਦੀ ਵੱਡਾ ਕਰਜ਼ਾ ਬਰਦਾਸ਼ਤ ਕਰਨ ਦੀ ਸਮਰੱਥਾ ਹੈ। ਇਹ ਸਥਿਰ ਹੈ ਅਤੇ ਬੜੀ ਤੇਜ਼ੀ ਨਾਲ ਵਧ ਰਹੀਆਂ ਆਰਥਿਕਤਾਵਾਂ ਵਿੱਚ ਸ਼ਾਮਲ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਿਛਲੇ ਕੁਝ ਸਾਲਾਂ ਨਾਲੋਂ ਇਥੇ ਨਿਵੇਸ਼ਕਾਂ ਪ੍ਰਤੀ ਹਾਂ-ਪੱਖੀ ਮਾਹੌਲ ਬਣਿਆ ਹੈ।

ਪਰ ਕੌਮਾਂਤਰੀ ਰੇਟਿੰਗ ਏਜੰਸੀਆਂ ਹੁਣ ਤੱਕ ਭਾਰਤ ਪ੍ਰਤੀ ਪੱਖਪਾਤੀ ਰਹੀਆਂ ਹਨ ਅਤੇ ਮੂਡੀ ਵਲੋਂ ਭਾਰਤ ਦੇ ਦਰਜੇ ਵਿੱਚ ਜੋ ਵਾਧਾ ਕੀਤਾ ਗਿਆ ਹੈ ਉਹ ਭਾਰਤੀ ਆਰਥਿਕਤਾ ਦੀ ਸਥਿਰਤਾ ਅਤੇ ਨਿਵੇਸ਼ਕਾਂ ਦੀਆਂ ਹਾਂ-ਪੱਖੀ ਭਾਵਨਾਵਾਂ ਅਤੇ ਸਥਿਰ ਸਿਆਸੀ ਮਾਹੌਲ ਨੂੰ ਦਰਸਾਉਂਦਾ ਹੈ। ਐੱਸ ਐਂਡ ਪੀ ਨੇ ਇਨ੍ਹਾਂ ਸੁਧਾਰਾਂ ਨੂੰ ਨਜ਼ਰਅੰਦਾਜ਼ ਕਰਕੇ ਭਾਰਤ ਦੀ ਕ੍ਰੈਡਿਟ ਰੇਟਿੰਗ ਦਾ ਦਰਜਾ ਪਹਿਲਾਂ ਵਾਲਾ ਹੀ ਰੱਖਿਆ ਹੈ ਪਰ ਸੀ ਆਰ ਏਜ਼ ਦੇ ਭਾਰਤ ਪ੍ਰਤੀ ਪੱਖਪਾਤੀ ਹੋਣ ਦੇ ਜੋ ਦੋਸ਼ ਹਨ ਉਹ ਬਿਲਕੁਲ ਜਾਇਜ਼ ਹਨ। ਇਸ ਪੱਖਪਾਤ ਨਾਲ ਭਾਰਤ ਨੂੰ ਸੱਟ ਵੱਜੀ ਹੈ ਕਿਉਂਕਿ ਇਸ ਦੀ ਆਰਥਿਕਤਾ ਵਿੱਚ ਬੜੀ ਤੇਜ਼ੀ ਨਾਲ ਸੁਧਾਰ ਹੋ ਰਿਹਾ ਹੈ ਅਤੇ ਉਹ ਤੇਜ਼ੀ ਨਾਲ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰ ਰਿਹਾ ਹੈ ਅਤੇ ਇਸ ਲਈ ਉਸ ਨੂੰ ਨਿਵੇਸ਼ੀ ਖੇਤਰ ਦੀ ਕੋਈ ਚਿੰਤਾ ਨਹੀਂ ਹੈ। ਦੂਜੀਆਂ ਕ੍ਰੈਡਿਟ ਏਜੰਸੀਆਂ ਵਲੋਂ ਕ੍ਰੈਡਿਟ ਰੇਟਿੰਗ ਵਿੱਚ ਚੰਗਾ ਸੁਧਾਰ ਭਾਰਤ ਦੀ ਪੂੰਜੀ ਇਕੱਠੀ ਕਰਨ ਵਿੱਚ ਮਦਦ ਕਰ ਸਕਦਾ ਹੈ। ਆਰਥਿਕ ਵਾਧੇ ਵਿੱਚ ਤੇਜ਼ੀ ਆਉਣ ਨਾਲ ਅਤੇ ਸਥਿਰ ਵਿਦੇਸ਼ੀ ਖੇਤਰ ਮੌਜੂਦ ਹੋਣ ਨਾਲ ਭਾਰਤ ਨਿੱਜੀ ਯੋਗਤਾ ਦੇ ਆਧਾਰ ਉੱਤੇ ਅਤੇ ਦੂਜੇ ਦੇਸ਼ਾਂ ਨਾਲ ਮੁਕਾਬਲੇ ਦੇ ਆਧਾਰ ਉੱਤੇ ਵਿਸ਼ਵ ਆਰਥਿਕਤਾ ਵਿੱਚ ਵਧੀਆ ਸਿੱਧ ਹੋਣ ਦਾ ਚਾਹਵਾਨ ਹੈ।


*(ਪ੍ਰਵਾਕਰ ਸਾਹੂ ਇੰਸਟੀਚਿਊਟ ਆਫ ਇਕਨਾਮਿਕ ਗਰੋਥ (ਆਈ ਈ ਜੀ) ਦਿੱਲੀ ਦੇ ਅਸਿਸਟੈਂਟ ਪ੍ਰੋਫੈਸਰ ਹਨ।*

*ਭਾਵੇਸ਼ ਗਰਗ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ), ਹੈਦਰਾਬਾਦ ਦੇ ਡਾਕਟੋਰਲ ਸਕਾਲਰ ਹਨ।*

*e-mail :pravakarfirst@gmail.com*

# ਬੈਂਕਿੰਗ ਸਨਅਤ ਵਿੱਚ ਬਿੱਗ ਡਾਟਾ ਵਿਸ਼ਲੇਸ਼ਣ

✍ ਚਤਰਭੁਜ ਬਾਰਿਕ ਅਤੇ ਸ਼੍ਰੀਕਾਂਤ ਸ਼ਰਮਾ

**ਇਸ ਤੱਥ ਨੂੰ ਲਾਂਭੇ ਰੱਖ ਕੇ ਕਿ ਅਸੀਂ ਇਕ ਅਜਿਹੇ ਪੜਾਅ ਵੱਲ ਵਧ ਰਹੇ ਹਾਂ ਜਿਥੇ ਕਿ ਬਹੁਤ ਥੋੜ੍ਹੇ ਲੋਕ ਬੈਂਕ ਬਰਾਂਚ ਵਿੱਚ ਜਾਣਗੇ ਅਤੇ ਮਾਰਕੀਟਿੰਗ ਦੇ ਸਾਡੇ ਢੰਗ ਨੂੰ ਤਿਆਗ ਦੇਣਗੇ। ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਆਪਣੇ ਆਪ ਨੂੰ ਬਦਲਾਂ ਬਾਰੇ ਸੋਚਣਾ ਚਾਹੀਦਾ ਹੈ ਅਤੇ ਬਿਗ ਡਾਟਾ ਵਿਸ਼ਲੇਸ਼ਣ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਕਿ ਵੱਡੇ ਮੌਕੇ ਹਾਸਿਲ ਹੋਣਗੇ। ਬੈਂਕ ਸਾਡੇ ਸਿੱਖਿਆ ਅੰਕੜਿਆਂ ਦੀ ਵਰਤੋਂ ਕਰਕੇ ਸਾਡੇ ਗਾਹਕਾਂ ਤੱਕ ਪਹੁੰਚ ਕਰਨਗੇ ਅਤੇ ਸਾਨੂੰ ਵੱਡੇ ਭਲੇ ਲਈ ਉਨ੍ਹਾਂ ਨਾਲ ਜੋੜਨਗੇ।**

ਅਸੀਂ ਜਦੋਂ ਪਿਛਾਂਹ ਵੱਲ ਵੇਖਦੇ ਹਾਂ, 1990 ਵਿੱਚ ਜੇ ਅਸੀਂ ਆਪਣੀ ਰੋਜ਼ਾਨਾ ਕੈਲੋਰੀ ਖਪਤ ਦਾ ਹਿਸਾਬ ਲਗਾਉਣਾ ਹੁੰਦਾ ਸੀ ਤਾਂ ਸਾਨੂੰ ਆਪਣੀ ਰੋਜ਼ਾਨਾ ਲਈ ਗਈ ਖੁਰਾਕ ਦਾ ਇਕ-ਇਕ ਕਰਕੇ ਯਾਦ ਕਰਕੇ ਹਿਸਾਬ ਲਗਾਉਣਾ ਪੈਂਦਾ ਸੀ ਅਤੇ ਫੇਰ ਉਸ ਨੂੰ ਮਿਆਰੀ ਖੋਜ ਢੰਗਾਂ ਰਾਹੀਂ ਕੈਲੋਰੀ ਵਿੱਚ ਤਬਦੀਲ ਕਰਨਾ ਪੈਂਦਾ ਸੀ। ਇਸ ਤਰ੍ਹਾਂ ਸਾਨੂੰ ਕਿਸੇ ਵੀ ਚੀਜ਼ ਦਾ ਸਹੀ ਸਿੱਟਾ ਕੱਢਣ ਲਈ ਹਰ ਚੀਜ਼ ਦਾ ਬਕਾਇਦਾ ਤੌਰ ਤੇ ਵਿਸ਼ਲੇਸ਼ਣ ਕਰਕੇ ਕੋਈ ਸਿੱਟਾ ਕੱਢਣਾ ਪੈਂਦਾ ਸੀ। ਪਰ 2017 ਵਿੱਚ ਹੁਣ ਸਾਨੂੰ ਆਪਣੇ ਮੋਬਾਈਲ ਫ਼ੋਨ ਵਿੱਚ ਇਕ ਸਿਹਤ ਐਪਲੀਕੇਸ਼ਨ ਡਾਊਨਲੋਡ ਕਰਨੀ ਪੈਂਦੀ ਹੈ ਜੋ ਕਿ ਸਾਡੇ ਦਿਨ ਦੇ ਸਾਰੇ ਕੰਮਕਾਜ ਨੂੰ ਰਿਕਾਰਡ ਕਰਦੀ ਰਹਿੰਦੀ ਹੈ ਅਤੇ ਫੇਰ ਉਸ ਨੂੰ ਕੈਲੋਰੀ ਵਿੱਚ ਤਬਦੀਲ ਕਰ ਦਿੰਦੀ ਹੈ, ਡਾਟਾ ਨੂੰ ਮੈਮੋਰੀ ਵਿੱਚ ਸਟੋਰ ਕਰ ਦਿੰਦੀ ਹੈ ਅਤੇ ਫੇਰ ਉਸ ਦਾ ਵਿਸ਼ਲੇਸ਼ਣ ਕਰਕੇ ਸਹੀ ਸਿੱਟਾ ਕੱਢਦੀ ਹੈ। ਇਸ ਤਰ੍ਹਾਂ ਇਨ੍ਹਾਂ ਸਾਲਾਂ ਵਿੱਚ ਜੋ ਤਬਦੀਲੀ ਆਈ ਹੈ, ਉਹ ਇਹ ਹੈ ਕਿ ਇਸ ਸਭ ਦੇ ਪਿੱਛੇ ਕੰਮ ਕਰਨ ਵਾਲਾ ਵਿਗਿਆਨ ਉਹੀ ਹੋਣ ਦੇ ਬਾਵਜੂਦ ਅਸੀਂ ਹੋਰ ਵਧੇਰੇ ਅੰਕੜੇ ਇਕੱਠੇ ਕਰ ਸਕਦੇ ਹਾਂ ਅਤੇ ਉਸ ਨੂੰ ਸਟੋਰ ਕਰਕੇ ਉਸ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ। ਤਕਨੀਕੀ ਸ਼ਬਦਾਂ ਵਿੱਚ ਇਸ ਨੂੰ ਬਿੱਗ ਡਾਟਾ ਜੁਟਾਉਣਾ ਕਿਹਾ ਜਾਂਦਾ ਹੈ। ਇਸ ਵੱਡੇ ਅੰਕੜੇ (ਬਿੱਗ ਡਾਟਾ) ਦੇ ਇਧਰੋਂ ਉਧਰ ਜਾਣ ਨੂੰ ਜੋ ਦੋ ਚੀਜ਼ਾਂ ਹਵਾ ਦਿੰਦੀਆਂ ਹਨ ਉਨ੍ਹਾਂ ਪਿੱਛੇ ਤੱਥ ਇਹ ਹੈ ਕਿ ਸਾਡੇ ਕੋਲ ਕਿਸੇ ਵੀ ਚੀਜ਼ ਬਾਰੇ ਜ਼ਿਆਦਾ ਅੰਕੜੇ ਇਕੱਠੇ ਹੋ ਸਕਦੇ ਹਨ ਅਤੇ ਹੁਣ ਅਸੀਂ ਕਿਸੇ ਵੀ ਡਾਟਾ ਨੂੰ ਸਟੋਰ ਕਰਨ ਅਤੇ ਉਸ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਹੋ ਗਏ ਹਾਂ। ਬਿੱਗ ਡਾਟਾ ਦੀ ਵਰਤੋਂ ਗਾਹਕਾਂ ਦੇ ਵਤੀਰੇ ਅਤੇ ਪਸੰਦ ਦੀ ਡੂੰਘੀ ਸਮਝ-ਬੂਝ ਲਈ ਕੀਤੀ ਜਾਂਦੀ ਹੈ। ਕੰਪਨੀਆਂ ਆਪਣੇ ਰਵਾਇਤੀ ਡਾਟਾ ਸੈੱਟ ਦਾ ਸਮਾਜਿਕ ਮੀਡੀਆ ਡਾਟਾ, ਬ੍ਰਾਊਜ਼ਰ ਲਾਗਜ਼ ਅਤੇ ਸੈਂਸਰ ਡਾਟਾ ਰਾਹੀਂ ਵਿਸਤਾਰ ਕਰਨ ਦੀਆਂ ਇਛੁੱਕ ਹੁੰਦੀਆਂ ਹਨ ਤਾਂ ਕਿ ਗਾਹਕ ਦੀ ਪੂਰੀ ਤਸਵੀਰ ਉਨ੍ਹਾਂ ਸਾਹਮਣੇ ਆ ਸਕੇ। ਬਿਗ ਡਾਟਾ ਵਿਸ਼ਲੇਸ਼ਣ ਕਿਸੇ ਚੀਜ਼ ਦਾ ਵੱਡਾ ਕਰਕੇ ਵਿਸ਼ਲੇਸ਼ਣ ਕਰਨਾ ਹੈ ਜਿਵੇਂ ਕਿ ਬਿਗ ਡਾਟਾ ਲੁਕਵੇਂ ਪੈਟਰਨਜ਼ ਦਾ ਪਤਾ ਲਗਾਵੇਗਾ, ਮਾਰਕੀਟ ਰੁਝਾਨਾਂ ਦਾ ਪਤਾ ਲਗਾਵੇਗਾ, ਗਾਹਕ ਦੀਆਂ ਪ੍ਰਾਥਮਿਕਤਾਵਾਂ ਅਤੇ ਉਸ ਹੋਰ ਅਹਮਿ ਜਾਣਕਾਰੀ ਦਾ ਪਤਾਲਗਾਵੇਗਾ ਜੋ ਕਿ ਸੰਗਠਨ ਲਈ ਵਧੇਰੇ ਵਪਾਰ ਫੈਸਲੇ ਲੈਣ ਵਿੱਚ ਸਹਾਈ ਹੋਵੇਗੀ। ਬਿਗ ਡਾਟਾ ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਵਿੱਚ ਚੱਲਣ ਵਾਲਾ ਚਲਨ ਹੈ ਜੋ ਕਿ ਕੰਪਨੀ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਵਿੱਚ ਸਹਾਈ ਹੁੰਦਾ ਹੈ। ਵਾਲਮਾਰਟ, ਨੈੱਟਫਲਿਕਸ, ਮਾਈਕਰੋਸਾਫਟ, ਰਾਇਲ ਬੈਂਕ ਆਫ ਸਕਾਟਲੈਂਡ, ਅਮਰੀਕਾ ਸਰਕਾਰ ਵਗੈਰਾ ਵਿੱਚ ਬਿਗ ਡਾਟਾ ਦੀ ਵਰਤੋਂ ਦਾ ਰਿਵਾਜ਼ ਹੈ। ਬੀਤੇ ਦਿਨੀਂ ਹੀ ਇਸ ਡਾਟਾ ਨੇ ਆਪਣੀ ਨਿਪੁੰਨਤਾ ਅਮਰੀਕਾ ਵਿੱਚ ਅਤੇ ਭਾਰਤੀ ਚੋਣਾਂ ਵਿੱਚ ਵੀ ਸਿੱਧ ਕੀਤੀ ਹੈ।

## ਬਿਗ ਡਾਟਾ ਨੂੰ ਅਮਲ ਵਿੱਚ ਕਿਵੇਂ ਲਿਆਇਆ ਜਾਂਦਾ ਹੈ?

ਇਹ ਉਹ ਪ੍ਰਮੁੱਖ ਖੇਤਰ ਹਨ ਜਿਨ੍ਹਾਂ ਵਿੱਚ ਬਿਗ ਡਾਟਾ ਨੂੰ ਇਸ ਵੇਲੇ ਵਰਤੋਂ ਵਿੱਚ ਲਿਆ ਕੇ ਉਸ ਦਾ ਪੂਰਾ ਲਾਭ ਉਠਾਇਆ ਜਾ ਰਿਹਾ ਹੈ। ਪਰ ਉਨ੍ਹਾਂ ਖੇਤਰਾਂ ਦੇ ਅੰਦਰ ਡਾਟਾ ਨੂੰ ਕਿਸੇ ਵੀ ਉਦੇਸ਼ ਲਈ ਵਰਤਿਆ ਜਾ ਸਕਦਾ ਹੈ, ਜਿਵੇਂ ਕਿ :

1. ਗਾਹਕਾਂ ਨੂੰ ਸਮਝਣ ਅਤੇ ਨਿਰਦੇਸ਼ਿਤ ਕਰਨ ਲਈ।

2. ਵਪਾਰਕ ਅਮਲ ਨੂੰ ਸਮਝਣ ਅਤੇ ਵਧਾਉਣ ਲਈ।

3. ਸਿਹਤ ਸੰਭਾਲ ਅਤੇ ਜਨਤਕ ਸਿਹਤ ਵਿੱਚ ਸੁਧਾਰ ਲਈ।

4. ਸਾਇੰਸ ਅਤੇ ਖੋਜ ਵਿੱਚ ਸੁਧਾਰ ਲਈ।

5. ਸ਼ਹਿਰਾਂ ਅਤੇ ਦੇਸ਼ਾਂ ਵਿੱਚ ਸੁਧਾਰ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਵਰਤੋਂ।

6. ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਿੱਚ ਸੁਧਾਰ।


## ਸਾਡੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕੁਝ ਅੜਚਨਾਂ

ਬਿਗ ਡਾਟਾ ਦਾ ਵਿਸ਼ਲੇਸ਼ਣ ਸਾਨੂੰ ਡਿਜੀਟਲ ਜ਼ਿੰਦਗੀ ਵਿੱਚ ਕਈ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਇਕ ਵਾਰੀ ਦੁਨੀਆਂ ਨਾਲ ਇੰਟਰਨੈੱਟ ਰਾਹੀ ਸੰਪਰਕ ਵਿੱਚ ਆਉਂਦੇ ਹਾਂ ਤਾਂ ਅਸੀਂ ਕਈ ਤਰ੍ਹਾਂ ਦੇ ਅੰਕੜੇ ਮਿੰਟਾਂ ਵਿੱਚ ਜਾ ਕੇ ਉਸ ਵਿੱਚੋਂ ਹਾਸਿਲ ਕਰਦੇ ਹਾਂ। ਅਜਿਹਾ ਵੱਖ-ਵੱਖ ਵੈੱਬਸਾਈਟਾਂ ਉੱਤੇ ਜਾ ਕੇ, ਆਪਣੀਆਂ ਖਰਚੇ ਦੀਆਂ ਆਦਤਾਂ ਕਾਰਨ ਅਤੇ ਸਮਾਜਿਕ ਵਤੀਰੇ ਕਾਰਨ ਹੁੰਦਾ ਹੈ। ਜੇ ਅਸੀਂ ਨੇੜਿਉਂ ਨਜ਼ਰ ਰੱਖੀਏ, ਸਾਨੂੰ ਇਕ ਈ-ਮੇਲ ਜਾਂ ਨਿੱਜੀ ਵਿਗਿਆਪਨ ਸਾਡੀ ਫੇਸ ਬੁੱਕ ਉੱਤੇ ਹਾਸਿਲ ਹੁੰਦਾ ਹੈ, ਬਸ਼ਰਤੇ ਕਿ ਅਸੀ ਸ਼ਬਦ ਅਮੇਜ਼ਨ ਲਿਖ ਕੇ ਕਿਸੇ ਉਤਪਾਦ ਦੀਆਂ ਕੀਮਤਾਂ ਦੀ ਖੋਜ ਕੀਤੀ ਹੋਵੇ। ਇਹ ਕੁੱਝ ਵੀ ਨਹੀਂ ਹੈ ਸਗੋਂ ਤੁਹਾਨੂੰ ਗਾਹਕ ਵਜੋਂ ਨਿਰਦੇਸ਼ਤ ਕੀਤਾ ਜਾ ਰਿਹਾ ਹੁੰਦਾ ਹੈ। ਅਜਿਹਾ ਇੰਟਰਨੈੱਟ ਉੱਤੇ ਤੁਹਾਡਾ ਵਤੀਰਾ ਵੇਖ ਕੇ ਕੀਤਾ ਗਿਆ ਹੁੰਦਾ ਹੈ। ਇਸ ਲਈ ਡਿਜੀਟਲ ਕ੍ਰਾਂਤੀ ਨਾਲ ਇਹ ਸੰਭਾਵਨਾ ਹੈ ਕਿ 2020 ਤੱਕ ਉਪਗ੍ਰਹਿ ਵਿੱਚ ਪ੍ਰਤੀ ਮਨੁੱਖ 1.7 ਐੱਮ ਬੀ/ਸੈਕਿੰਡ ਨਵਾਂ ਡਾਟਾ ਤਿਆਰ ਹੋ ਚੁੱਕਾ ਹੋਵੇਗਾ। ਇਹ ਡਾਟਾ ਸਿਰਫ ਫੇਸਬੁੱਕ ਜਾਂ ਵੱਟਸ ਐਪ ਤੋਂ ਹੀ ਨਹੀਂ ਆਇਆ ਹੋਵੇਗਾ ਸਗੋਂ ਉਨ੍ਹਾਂ ਸਾਰੇ ਸੈਂਸਰਾਂ ਤੋਂ ਆਇਆ ਹੋਵੇਗਾ ਜਿਨ੍ਹਾਂ ਨਾਲ ਅਸੀਂ ਸਾਰੇ ਪਾਸਿਓਂ ਘਿਰੇ ਹੋਏ ਹਾਂ ਜਿਵੇਂ ਕਿ ਜੀ ਪੀ ਐੱਸ ਫ਼ੋਨ, ਸਾਡੇ ਵਲੋਂ ਅੱਪਲੋਡ ਜਾਂ ਡਾਊਨਲੋਡ ਕੀਤੀਆਂ ਕਰੋੜਾਂ ਫੋਟੋਆਂ ਵਗੈਰਾ ਨਾਲ। ਭਾਰਤੀ ਸਥਿਤੀ ਵਿੱਚ ਆਧਾਰ ਨਾਲ ਹਰ ਇਕ ਚੀਜ਼ ਨੂੰ ਜੋੜਨ ਨਾਲ ਡਾਟਾ ਦੀ ਸੰਖੇਪਤਾ ਨਾਲ ਮਾਰਕੀਟਿੰਗ ਅਤੇ ਗਾਹਕਾਂ ਨੂੰ ਨਿਰਦੇਸ਼ਤ ਕਰਨ ਦਾ ਕੰਮ ਸੁਖਾਲਾ ਹੁੰਦਾ ਹੈ।




## ਬੈਂਕਿੰਗ ਭਾਸ਼ਾ ਵਿੱਚ ਭਾਰਤੀ ਸਥਿਤੀ

ਕੋਰ ਬੈਂਕਿੰਗ ਚਾਲੂ ਹੋਣ ਤੋਂ ਪਹਿਲਾਂ 90ਵੇਂ ਦਹਾਕੇ ਵਿੱਚ ਬੈਂਕ ਆਪਣੇ ਬਰਾਂਚ ਸਟਾਫ ਅਤੇ ਮੈਨੇਜਰਾਂ ਰਾਹੀਂ ਗਾਹਕਾਂ ਬਾਰੇ ਜਾਣਕਾਰੀ ਹਾਸਿਲ ਕਰਦੇ ਸਨ। ਉਹ ਜਾਣਦੇ ਸਨ ਕਿ ਗਾਹਕ ਕੌਣ ਹਨ ਅਤੇ ਪਰਿਵਾਰ ਵਿੱਚ ਉਨ੍ਹਾਂ ਦਾ ਕੀ ਸਥਾਨ ਹੈ ਅਤੇ ਉਹ ਕਰਨਾ ਕੀ ਚਾਹੁੰਦੇ ਹਨ। ਕੋਰ ਬੈਂਕਿੰਗ ਸ਼ੁਰੂ ਹੋਣ ਤੋਂ ਬਾਅਦ ਅਤੇ ਪ੍ਰਚੂਨ ਵਪਾਰ ਉੱਤੇ ਦਬਾਅ ਵਧਣ ਨਾਲ ਅਤੇ ਤੀਜੀ ਪਾਰਟੀ ਉਤਪਾਦਾਂ ਵੱਲ ਝੁਕਾਅ ਵਧਣ ਨਾਲ ਅਸੀਂ ਉਹ ਆਪਣੀ ਅੰਦਰੂਨੀ ਸੂਝ ਗੁਆ ਲਈ। ਪੁਰਾਣੀ ਸਥਿਤੀ ਵਿੱਚ ਅਸੀਂ ਗਾਹਕਾਂ ਦੀਆਂ ਆਸਾਂ ਉੱਤੇ ਪੂਰੇ ਉਤਰਦੇ ਸੀ ਅਤੇ ਹੁਣ ਅਸੀਂ ਆਪਣਾ ਧਿਆਨ ਉਤਪਾਦਾਂ ਨੂੰ ਦਰਵਾਜ਼ੇ ਤੋਂ ਬਾਹਰ ਕੱਢਣ ਵੱਲ ਕੇਂਦ੍ਰਿਤ ਕਰ ਲਿਆ ਹੈ। ਇਸ ਬਦਲਦੇ ਹਾਲਾਤ ਵਿੱਚ ਸਾਨੂੰ ਬੈਂਕਿੰਗ ਦੇ ਸਿਧਾਂਤਾਂ ਦੇ ਚੰਗੇ ਪੁਰਾਣੇ ਦਿਨਾਂ ਵੱਲ ਵਾਪਸ ਜਾਣਾ ਚਾਹੀਦਾ ਹੈ। ਇਸ ਬੈਂਕਿੰਗ ਨੂੰ ਇੰਡੈਂਟੀਓਮੈਟਿਕਸ ਕਿਹਾ ਜਾ ਸਕਦਾ ਹੈ, ਜਿਥੇ ਨਿੱਜੀ ਲੋੜਾਂ ਬਾਰੇ ਪੇਸ਼ਗੀ ਤੌਰ ਤੇ ਪਤਾ ਹੋਣਾ ਚਾਹੀਦਾ ਹੈ ਅਤੇ ਉਤਪਾਦਾਂ ਨੂੰ ਧੱਕਣ ਦੀ ਬਜਾਏ ਸਾਨੂੰ ਖਪਤਕਾਰ ਦੀ ਲੋੜ ਅਨੁਸਾਰ ਵਸਤਾਂ ਵੇਚਣੀਆਂ ਚਾਹੀਦੀਆਂ ਹਨ। ਇਹ ਵੱਡਾ



ਟੈਕਸ ਬਿਗ ਡਾਟਾ ਵਿਸ਼ਲੇਸ਼ਣ ਨਾਲ ਹਾਸਿਲ ਕੀਤਾ ਜਾ ਸਕਦਾ ਹੈ। ਆਰਗੈਨਿਕ ਤੌਰ ਤੇ ਬੈਂਕਾਂ ਕੋਲ ਕਿਸੇ ਸਨਅਤ ਨਾਲੋਂ ਵਧੇਰੇ ਡਾਟਾ ਹੁੰਦਾ ਹੈ ਪਰ ਅਸੀਂ ਅਜੇ ਵੀ ਇਸ ਦੀ ਵਰਤੋਂ ਸ਼ੁਰੂ ਨਹੀਂ ਕੀਤੀ। ਗਾਹਕਾਂ ਦੀ ਤਰਜੀਹ ਕਾਰਨ ਅਸੀਂ ਆਪਣੇ ਉਤਪਾਦਾਂ ਨੂੰ ਕਿਸੇ ਹੋਰ ਸੰਗਠਨ ਨਾਲੋਂ ਵਧੀਆ ਢੰਗ ਨਾਲ ਵੇਚ ਸਕਦੇ ਹਾਂ।

ਇਸ ਵੇਲੇ ਅਸੀਂ ਇਕ ਡਾਟਾ ਸੰਕਟ ਵਿੱਚੋਂ ਲੰਘ ਰਹੇ ਹਾਂ। ਅਜਿਹਾ ਸਾਡੇ ਅਕਾਉਂਟਸ ਦੀ ਸੰਪਤੀ ਅਤੇ ਸਟਾਫ ਦੇ ਵਤੀਰੇ ਕਾਰਨ ਹੋ ਰਿਹਾ ਹੈ, ਜਿਥੇ ਕਿ ਸਹੀ ਡਾਟਾ ਸਾਡੇ ਸਿਸਟਮ ਵਲੋਂ ਹਾਸਿਲ ਨਹੀਂ ਕੀਤਾ ਜਾਂਦਾ ਜਿਸ ਨਾਲ ਸਾਡਾ ਸਫਰ ਮੁਸ਼ਕਿਲ ਹੋ ਜਾਂਦਾ ਹੈ। ਇਸ ਲਈ ਜੇ ਅਸੀਂ ਬਿਗ ਡਾਟਾ ਪਹੁੰਚ ਧਾਰਨ ਕਰਨਾ ਚਾਹੁੰਦੇ ਹਾਂ ਸਾਨੂੰ ਹੇਠ ਲਿਖੇ ਅਮਲ ਵਿੱਚੋਂ ਲੰਘਣਾ ਪਵੇਗਾ।

1. ਡਾਟਾ ਇਕੱਠਾ ਕਰਨਾ।
2. ਡਾਟਾ ਸਟੋਰ ਕਰਨਾ।
3. ਡਾਟਾ ਵਿਸ਼ਲੇਸ਼ਣ।
4. ਡਾਟਾ ਦੀ ਵਰਤੋਂ।

ਇਸ ਦੇ ਸਹੀ ਢੰਗ ਨਾਲ ਲਾਗੂ ਹੋਣ ਨੂੰ ਸਮਝਣ ਲਈ ਸਾਨੂੰ ਅੰਕੜਿਆਂ ਨੂੰ ਦੋ ਗਰੁੱਪਾਂ ਵਿੱਚ ਵੰਡਣਾ ਪਵੇਗਾ। ਪਹਿਲਾ ਗਰੁੱਪ ਮੌਜੂਦਾ ਗਾਹਕਾਂ ਦਾ ਹੋਵੇਗਾ ਜਿਥੇ ਕਿ ਸਾਨੂੰ ਵਿਸ਼ਲੇਸ਼ਣ ਦੀ ਲੋੜ ਹੋਵੇਗੀ ਅਤੇ ਦੂਜਾ ਸੰਭਾਵਿਤ ਗਾਹਕਾਂ ਦਾ ਹੋਵੇਗਾ ਜਿਨ੍ਹਾਂ ਦੀ ਵਰਤੋਂ ਲੀਡ ਜੈਨਰੇਸ਼ਨ ਲਈ ਹੋਵੇਗੀ।

## ਮੌਜੂਦਾ ਗਾਹਕ

ਡਾਟਾ ਇਕੱਠਾ ਕਰਨਾ : ਵੱਖ-ਵੱਖ ਚੈਨਲਾਂ ਰਾਹੀਂ ਡਾਟਾ ਇਕੱਠੇ ਕਰਨ ਵਾਲੇ ਪੁਆਇੰਟ ਵਿਕਸਤ ਕਰਨਾ।

1. ਬਰਾਂਚਾਂ, 2. ਐਪਸ ਬੈਂਕਿੰਗ, 3. ਇੰਟਰਨੈੱਟ ਬੈਂਕਿੰਗ, 4. ਐੱਸ ਐੱਮ ਐੱਸ ਅਤੇ ਈ-ਮੇਲ, 5. ਕ੍ਰੈਡਿਟ ਰੇਟਿੰਗ ਅਤੇ ਕ੍ਰੈਡਿਟ ਇਨਫਰਮੇਸ਼ਨ ਕੰਪਨੀਆਂ।

***ਬਰਾਂਚਾਂ :*** ਸਾਡੇ ਸੰਗਠਨ ਦਾ ਸਭ ਤੋਂ ਵੱਡਾ ਲਾਭ ਉਪ-ਮਹਾਂਦੀਪ ਵਿੱਚ ਬਰਾਂਚਾਂ ਫੈਲਾਉਣ ਵਿੱਚ ਹੈ। ਸਾਨੂੰ ਜਿਸ ਚੀਜ਼ ਦੀ ਲੋੜ ਹੋਵੇਗੀ ਉਹ ਡਾਟਾ ਇਕੱਠਾ ਕਰਨ ਦੇ ਸਭਿਆਚਾਰ ਨੂੰ




ਵਿਅਕਤੀ ਭਰਤੀ ਕਰਕੇ ਫੈਲਾਉਣ ਦੀ ਹੋਵੇਗੀ।

***ਐਪਸ ਬੈਂਕਿੰਗ ਅਤੇ ਇੰਟਰਨੈੱਟ ਬੈਂਕਿੰਗ:*** ਇਹ ਸਾਡੇ ਲਈ ਵੱਡਾ ਮੌਕਾ ਹੈ ਕਿਉਂਕਿ ਇਹ ਗਾਹਕ ਸਾਡੀਆਂ ਸਹੂਲਤਾਂ ਦਾ ਪਹਿਲਾ ਹੀ ਲਾਭ ਉਠਾ ਰਹੇ ਹਨ।

**ਆਪਣੇ ਐਪਸ ਵਿੱਚ ਕੁਝ ਵਿਸ਼ੇਸ਼ ਖ਼ਾਸੀਅਤਾਂ ਸ਼ਾਮਿਲ ਕਰਕੇ ਅਸੀਂ ਵੱਡੀ ਮਾਤਰਾ ਵਿੱਚ ਡਾਟਾ ਇਕੱਠਾ ਕਰ ਸਕਦੇ ਹਾਂ ਜੋ ਕਿ ਗਾਹਕਾਂ ਦੀ ਲੋੜ ਅਨੁਸਾਰ ਹੋਵੇਗਾ। ਇਨ੍ਹਾਂ ਖ਼ਾਸੀਅਤਾਂ ਵਿੱਚ ਟੈਕਸ ਕੁਲੈਕਟਰ, ਫਾਇਨਾਂਸ਼ੀਅਲ ਪਲੈਨਰ ਅਤੇ ਇਕ ਮਾਡਲ ਉਤਪਾਦ ਜੋ ਕਿ ਚੈੱਕ ਬੁੱਕ ਖਰਚਿਆਂ ਵਿੱਚ ਵਿਸ਼ੇਸ਼ ਛੋਟ ਦੇਵੇਗਾ ਜਾਂ ਅਜਿਹਾ ਕੋਈ ਹੋਰ ਲਾਭ ਪਹੁੰਚਾਵੇਗਾ।**

ਮੁਢਲੇ ਤੌਰ ਤੇ ਸਾਨੂੰ ਉਨ੍ਹਾਂ ਢੰਗਾਂ ਬਾਰੇ ਸੋਚਣਾ ਪਵੇਗਾ ਜੋ ਕਿ ਗਾਹਕਾਂ ਦੀ ਦਿਲਚਸਪੀ ਸਾਡੇ ਐਪਸ ਵਿੱਚ ਵਧਾਉਣਗੇ ਅਤੇ ਬਦਲੇ ਵਿੱਚ ਉਹ ਆਪਣੀ ਆਮਦਨ ਅਤੇ ਬੱਚਤ ਦੇ ਅੰਕੜੇ ਮੁਹੱਈਆ ਕਰਵਾਉਣਗੇ।

***ਐੱਸ ਐੱਮ ਐੱਸ ਅਤੇ ਈ-ਮੇਲਜ਼ :*** ਡਾਟਾ ਪੁਆਇੰਟ ਕਾਇਮ ਕਰਨ ਦਾ ਇਕ ਆਮ ਢੰਗ ਇਹ ਹੈ ਕਿ ਬੈਂਕ ਐੱਸ ਐੱਮ ਐੱਸ ਭੇਜ ਕੇ ਗਾਹਕਾਂ ਨੂੰ ਬੇਨਤੀ ਕਰ ਸਕਦੇ ਹਨ ਕਿ ਉਹ ਉਨ੍ਹਾਂ ਦੀਆਂ ਸੇਵਾਵਾਂ ਬਾਰੇ ਫੀਡਬੈਕ ਭੇਜਣ ਅਤੇ ਬਦਲੇ ਵਿੱਚ ਬੈਂਕ ਗਾਹਕਾਂ ਦਾ ਡਾਟਾ ਇਕੱਠਾ ਕਰ ਸਕਦੇ ਹਨ।


***ਕ੍ਰੈਡਿਟ ਰੇਟਿੰਗ ਏਜੰਸੀਆਂ :*** ਕਰਜ਼ਾ ਦੇਣ ਲਈ ਜਿਸ ਡਾਟੇ ਦੀ ਲੋੜ ਹੁੰਦੀ ਹੈ ਉਹ ਇਕੱਠਾ ਕੀਤਾ ਜਾ ਸਕਦਾ ਹੈ ਜੋ ਕਿ ਸਾਨੂੰ ਗਹਕਾਂ ਦੇ ਅੰਕੜਿਆਂ ਤੱਕ ਪਹੁੰਚ ਮੁਹੱਈਆ ਕਰਵਾਉਂਦਾ ਹੈ।

***ਕ੍ਰੈਡਿਟ ਸੂਚਨਾ ਕੰਪਨੀਆਂ :*** ਮੌਜੂਦਾ ਗਾਹਕਾਂ ਦੇ ਅੰਕੜੇ ਇਕੱਠੇ ਕਰਨ ਦਾ ਇਕ ਸ਼ਾਨਦਾਰ ਮਾਡਲ ਉਨ੍ਹਾਂ ਦੀ ਭੂਗੋਲਿਕ ਤਬਦੀਲੀ, ਸੰਪਰਕ ਤਬਦੀਲੀ, ਕ੍ਰੈਡਿਟ ਕਾਰਡ ਜਾਂ ਕੋਈ ਹੋਰ ਲੋੜ ਜੋ ਕੰਪਨੀਆਂ ਮਹਿਸੂਸ ਕਰਨ, ਹੋ ਸਕਦਾ ਹੈ।

***ਡਾਟਾ ਸਟੋਰੇਜ :*** ਬੈਂਕ ਉਨ੍ਹਾਂ ਸੰਗਠਨਾਂ

## ਡਾਟਾ ਵਿਸ਼ਲੇਸ਼ਣ ਹੈ ਕੀ?

- ਰਾਅ ਡਾਟਾ ਵਰਤੋਂ ਰਹਿਤ ਹੈ
- ਡਾਟਾ ਦਾ ਕੋਈ ਮਤਲਬ ਬਣਾਉਣਾ



ਨਾਲ ਸੰਪਰਕ ਕਰ ਸਕਦੇ ਹਨ ਜੋ ਕਿ ਵੱਡੇ ਅੰਕੜਿਆਂ ਦੇ ਵਿਸ਼ਲੇਸ਼ਣ ਦਾ ਪਿੱਛਾ ਕਰਦੇ ਹਨ।

***ਡਾਟਾ ਵਿਸ਼ਲੇਸ਼ਣ ਅਤੇ ਵਰਤੋਂ :*** ਡਾਟਾ ਜਿਸ ਦਾ ਕਿ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ ਅਤੇ ਬੈਂਕ ਉਤਪਾਦਾਂ ਲਈ ਜਿਸ ਦੀ ਵਰਤੋਂ ਨਹੀਂ ਹੋ ਸਕਦੀ ਉਹ ਫਜ਼ੂਲ ਹੁੰਦਾ ਹੈ। ਬੈਂਕ ਡਾਟਾ ਵਰਤੋਂ ਦੇ ਕੁੱਝ ਪਹਿਲੂਆਂ ਵੱਲ ਧਿਆਨ ਕੇਂਦਰਿਤ ਕਰ ਸਕਦੇ ਹਨ। ਜਿਵੇਂ ਕਿ ਅਸੀਂ ਪਹਿਲਾਂ ਇੰਡੈਟੋਨੋਮਿਕ ਬਾਰੇ ਚਰਚਾ ਕੀਤੀ ਹੈ, ਡਾਟਾ ਅੰਦਰੂਨੀ ਸੂਝ-ਬੂਝ ਬਾਰੇ ਜਾਣਕਾਰੀ ਮੁਹੱਈਆ ਕਰਵਾ ਸਕਦਾ ਹੈ।

### ਕਈ ਤਰ੍ਹਾਂ ਦੀ ਵਰਤੋਂ ਜਿਸ ਬਾਰੇ ਅਸੀਂ ਸੋਚ ਸਕਦੇ ਹਾਂ

– ਸਾਡੇ ਵਪਾਰ ਵਿੱਚ ਹਿੱਸਾ ਪਾਉਣ ਵਾਲੇ ਪ੍ਰਮੁੱਖ ਲੋਕਾਂ ਦਾ ਡਾਟਾ ਇਕੱਠਾ ਕਰਨ ਲਈ ਬੈਂਕ ਨਿੱਜੀ ਤੋਹਫੇ, ਜਿਵੇਂ ਕਿ ਕੈਲੰਡਰ, ਜਨਮ ਦਿਨ ਦੀ ਵਧਾਈ ਦੇ ਕਾਰਡ ਵਗੈਰਾ ਭੇਜ ਸਕਦੇ ਹਨ ਅਤੇ ਬੇਨਤੀ ਕਰ ਸਕਦੇ ਹਨ ਕਿ ਆਪਣਾ ਹੱਥ ਸਾਡੇ ਸਿਰ ਉੱਤੇ ਰੱਖਣਾ ਜਾਰੀ ਰੱਖੋ ਅਤੇ ਸਾਡੇ ਬਰਾਂਡ ਦੀ ਸਿਫਾਰਸ਼ ਕਰਕੇ ਸਹਿਯੋਗ ਦਿਓ। ਇਸ ਨਾਲ ਉਨ੍ਹਾਂ ਦੀ ਲੋੜ ਬਾਰੇ ਵੀ ਜਵਾਬੀ ਮੇਲ ਭੇਜ ਕੇ ਪਤਾ ਕਰੋ। ਇਸ ਨਾਲ ਬੈਂਕਾਂ ਦੇ ਕੰਮਕਾਜ ਵਿੱਚ ਸੁਧਾਰ ਵਿੱਚ ਹੀ ਮਦਦ ਨਹੀਂ ਮਿਲੇਗੀ ਸਗੋਂ ਨਵਾਂ ਵਪਾਰ ਵੀ ਮਿਲੇਗਾ, ਸ਼ਿਕਾਇਤਾਂ ਦੂਰ ਕਰਨ ਵਿੱਚ ਮਦਦ ਮਿਲੇਗੀ। ਕਿਸੇ ਸ਼ਿਕਾਇਤਾਂ ਦੇ ਸ਼ਿਕਾਰ ਗਾਹਕ ਨੂੰ ਠੰਢਾ ਕਰਨ ਦਾ ਇਕ ਢੰਗ ਇਹ ਹੈ ਕਿ ਉਸ ਨੂੰ ਆਪਣਾ ਗੁੱਸਾ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ।

**ਕ੍ਰੈਡਿਟ ਰੇਟਿੰਗ ਏਜੰਸੀਆਂ ਤੋਂ ਅੰਕੜੇ ਕਢਵਾਉਣ ਨਾਲ ਬੈਂਕਾਂ ਨੂੰ ਲੋੜੀਂਦੀ ਕਿਸਮ ਦੇ ਗਾਹਕਾਂ ਦਾ ਪਿੱਛਾ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਦਾ ਪਿੱਛਾ ਵੱਡੇ ਕਰਜ਼ਾ ਉਤਪਾਦਾਂ ਦੀ ਪੇਸ਼ਕਸ਼ ਜਾਂ ਹੋਰ ਸਹਾਇਕ ਉਤਪਾਦਾਂ ਦੀ ਪੇਸ਼ਕਸ਼ ਨਾਲ ਕੀਤਾ ਜਾ ਸਕਦਾ ਹੈ। ਕਿਸੇ ਹੋਰ ਬੈਂਕ ਤੋਂ ਕਰਜ਼ਾ ਲੈਣ ਵਾਲਿਆਂ ਨੂੰ ਹਾਊਸਿੰਗ ਕਰਜ਼ਾ ਦੇ ਕੇ ਨਾਲ ਮਿਲਾਇਆ ਜਾ ਸਕਦਾ ਹੈ।**

ਕਰਜ਼ਾ ਬਿਊਰੋ ਸੱਚਮੁੱਚ ਹੀ ਬੈਂਕਾਂ ਲਈ ਕੰਮ ਕਰਨ ਵਾਲੀਆਂ ਬਿਗ ਡਾਟਾ ਮਸ਼ੀਨਾਂ ਹਨ। ਮੰਨ ਲਓ ਕਿ ਅਸੀਂ ਕਿਸੇ ਵਿਸ਼ੇਸ਼ ਸਮਝੌਤੇ ਲਈ ਪੋਰਟਫੋਲੀਓ ਡਾਟਾ ਕਢਵਾਉਂਦੇ ਹਾਂ, ਕਹਿ ਲਓ ਕਿ ਅਸੀਂ 25 ਲੱਖ ਤੋਂ ਵੱਧ ਮਕਾਨ ਉਸਾਰੀ ਲਈ ਕਰਜ਼ਾ ਲੈਣ ਵਾਲੇ ਗਾਹਕ ਬਾਰੇ ਸੂਚਨਾ ਕਢਵਾਉਣਾ ਚਾਹੁੰਦੇ ਹਾਂ, ਇਸ ਦੇ ਲਈ ਵੱਖ-ਵੱਖ ਉਤਪਾਦਾਂ ਜਿਵੇਂ ਕਿ ਕ੍ਰੈਡਿਟ ਕਾਰਡ, ਕਾਰ ਲਈ ਕਰਜ਼ਾ (ਜੇ ਕਾਰ ਦੇ ਕਰਜ਼ੇ ਦੀ ਮਨਜ਼ੂਰੀ ਦੀ ਤਰੀਕ 5 ਸਾਲ ਪੁਰਾਣੀ ਹੋਵੇ) ਤਾਂ ਉਸ ਦਾ ਵਧੇਰੇ ਵਿਸ਼ਲੇਸ਼ਣ ਕਰਨਾ ਪਵੇਗਾ। ਬੈਂਕ ਗਾਹਕਾਂ ਦਾ ਪਿਛਲਾ ਰਿਕਾਰਡ ਵੇਖਦੇ ਹਨ ਅਤੇ ਇਹ ਭਵਿੱਖਬਾਣੀ ਕਰਦੇ ਹਨ ਕਿ ਉਹ ਅਸਲ ਵਿੱਚ ਚਾਹੁੰਦੇ ਕੀ ਹਨ ਜਿਸ ਨਾਲ ਕਿ ਸਾਨੂੰ ਵੱਡੀ ਸਫਲਤਾ ਮਿਲੇ। ਇਸ ਤੋਂ ਇਲਾਵਾ, ਇਸ ਨਾਲ ਕਰਜ਼ਾ ਨਾ ਮੋੜਨ ਦੀ ਦਰ ਦੀ ਭਵਿੱਖਬਾਣੀ ਕਰਨ ਵਿੱਚ ਮਦਦ ਮਿਲਦੀ ਹੈ।

### ਨਵੇਂ ਗਾਹਕ

ਬੈਂਕਾਂ ਦੀਆਂ ਵੈੱਬਸਾਈਟਾਂ ਇਨ੍ਹਾਂ ਦੇ ਲਈ ਹੈਰਾਨਕੁੰਨ ਚੀਜ਼ਾਂ ਕਰ ਸਕਦੀਆਂ ਹਨ। ਸਾਨੂੰ ਆਪਣੇ ਵੈੱਬ ਪੇਜ ਉੱਤੇ ਗਾਹਕ ਕੇਂਦ੍ਰਿਤ ਜਾਣਕਾਰੀ ਪਾਉਣੀ ਚਾਹੀਦੀ ਹੈ ਅਤੇ ਵਧੇਰੇ ਮਾਮਲਿਆਂ ਵਿੱਚ ਬੈਂਕਾਂ ਨੂੰ ਅਹਿਮ ਮੁਢਲੀ ਸੂਚਨਾ ਇਕੱਠੀ ਕਰਨੀ ਚਾਹੀਦੀ ਹੈ। ਉਹ ਵੱਖ-ਵੱਖ ਸੰਗਠਨਾਂ ਨਾਲ ਇਸ ਕੰਮ ਲਈ ਸਹਿਯੋਗ ਕਰ ਸਕਦੇ ਹਨ। ਵੈੱਬਸਾਈਟਾਂ ਜਿਵੇਂ ਕਿ www.fundoodata.com ਮਾਮੂਲੀ ਖਰਚੇ ਉੱਤੇ ਸੂਚਨਾ ਮੁਹੱਈਆ ਕਰਵਾ ਸਕਦੀਆਂ ਹਨ। ਇਹ ਸੂਚਨਾ ਸਾਡੇ ਲਾਭ ਲਈ ਵਰਤੀ ਜਾ ਸਕਦੀ ਹੈ।

### ਸਿੱਟਾ

ਇਸ ਤੱਥ ਨੂੰ ਲਾਂਭੇ ਰੱਖ ਕੇ ਅਸੀਂ ਇਕ ਅਜਿਹੇ ਪੜਾਅ ਵੱਲ ਵਧ ਰਹੇ ਹਾਂ ਜਿਥੇ ਕਿ ਬਹੁਤ ਥੋੜ੍ਹੇ ਲੋਕ ਬੈਂਕ ਬਰਾਂਚ ਵਿੱਚ ਜਾਣਗੇ ਅਤੇ ਮਾਰਕੀਟਿੰਗ ਦੇ ਸਾਡੇ ਢੰਗ ਨੂੰ ਤਿਆਗ ਦੇਣਗੇ, ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਆਪਣੇ ਆਪ ਨੂੰ ਬਦਲਾਅ ਬਾਰੇ ਸੋਚਣਾ ਚਾਹੀਦਾ ਹੈ ਅਤੇ ਬਿਗ ਡਾਟਾ ਵਿਸ਼ਲੇਸ਼ਣ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਕਿ ਵੱਡੇ ਮੌਕੇ ਹਾਸਿਲ ਹੋਣਗੇ। ਬੈਂਕ ਸਾਡੇ ਸਿੱਖਿਆ ਅੰਕੜਿਆਂ ਦੀ ਵਰਤੋਂ ਕਰਕੇ ਸਾਡੇ ਗਾਹਕਾਂ ਤੱਕ ਪਹੁੰਚ ਕਰਨਗੇ ਅਤੇ ਸਾਨੂੰ ਵੱਡੇ ਭਲੇ ਲਈ ਉਨ੍ਹਾਂ ਨਾਲ ਜੋੜਨਗੇ।

*(ਚਤੁਰਭੁਜ ਬਾਰਿਕ ਇਕ ਬੈਂਕਰ ਹਨ।*

*ਸ਼੍ਰੀਕਾਂਤ ਸ਼ਰਮਾ ਨੈਸ਼ਨਲ ਇੰਸਟੀਚਿਊਟ ਫਾਰ ਮਾਈਕ੍ਰੋ, ਸਮਾਲ ਐਂਡ ਮੀਡੀਆ ਐਂਟਰਪਰਿਓਰਸ਼ਪ (ਨਿਮਸਮੇ) ਦੇ ਸਕੂਲ ਆਫ ਐਂਟਰਪਰੂਨਸ਼ਿਪ ਐਂਡ ਐਕਸਟੈਂਸ਼ਨ (ਐੱਸ ਈ ਈ) ਦੇ ਐਸੋਸ਼ੀਏਟ ਟੀਚਰ ਹਨ)*

*e-mail :chatupnb@gmail.com*

*:shreekant21@gmail.com*

# ਭਾਰਤ ਵਿੱਚ ਵਸ਼ਿਸ਼ਟ ਬੈਂਕ

ਵਿੱਤੀ ਸੰਸਥਾਵਾਂ ਕਿਸੇ ਵੀ ਦੇਸ਼ ਦੇ ਵਿੱਤੀ ਢਾਂਚੇ ਦਾ ਇਕ ਅਹਿਮ ਹਿੱਸਾ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਤੋਂ ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਨੂੰ ਦਰਮਿਆਨੀ ਤੋਂ ਲੰਬੀ ਮਿਆਦ ਦਾ ਵਿੱਤ ਹਾਸਿਲ ਹੁੰਦਾ ਹੈ। ਭਾਰਤ ਵਿੱਚ ਇਹ ਸੰਸਥਾਵਾਂ ਕਿਸੇ ਖ਼ਾਸ ਖੇਤਰ, ਜਿਵੇਂ ਕਿ ਦਿਹਾਤੀ, ਮਕਾਨ ਉਸਾਰੀ, ਛੋਟੀਆਂ ਸਨਅਤਾਂ, ਬਰਾਮਦ-ਦਰਾਮਦ, ਵਗੈਰਾ ਦੀਆਂ ਵਧ ਰਹੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਥਾਪਿਤ ਕੀਤੀਆਂ ਜਾਂਦੀਆਂ ਹਨ। ਇਹ ਸੰਸਥਾਵਾਂ ਇਨ੍ਹਾਂ ਖੇਤਰਾਂ ਨੂੰ ਕਰਜ਼ਾ ਪ੍ਰਦਾਨ ਕਰਨ ਵਿੱਚ ਮਦਦ ਕਰਦੀਆਂ ਹਨ।

ਭਾਰਤ ਵਿੱਚ ਚਾਰ ਤਰ੍ਹਾਂ ਦੇ ਪ੍ਰਮੁੱਖ ਵਸ਼ਿਸ਼ਟ (ਸਪੈਸ਼ਲਾਈਜ਼ਡ) ਬੈਂਕ ਜਾਂ ਵਿੱਤੀ ਸੰਸਥਾਵਾਂ ਹਨ। ਇਹ ਹਨ – ਐਕਸਪੋਰਟ-ਇੰਪੋਰਟ ਬੈਂਕ ਆਫ ਇੰਡੀਆ (ਐਕਸਿਮ ਬੈਂਕ), ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ), ਨੈਸ਼ਨਲ ਹਾਊਸਿੰਗ ਬੈਂਕ (ਐੱਨ ਐੱਚ ਬੀ), ਅਤੇ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (ਸਿਡਬੀ)।

## ਐਕਸਪੋਰਟ-ਇੰਪੋਰਟ ਬੈਂਕ ਆਫ ਇੰਡੀਆ (ਐਕਸਿਮ ਬੈਂਕ)

ਐਕਸਪੋਰਟ ਇੰਪੋਰਟ ਬੈਂਕ ਨੂੰ ਭਾਰਤ ਵਿੱਚ ਵਸ਼ਿਸ਼ਟ ਬੈਂਕਾਂ ਵਿੱਚੋਂ ਸਭ ਤੋਂ ਉੱਚ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਹੈ। ਇਸ ਦੀ ਸਥਾਪਨਾ ਐਕਸਪੋਰਟ ਇੰਪੋਰਟ ਆਫ ਇੰਡੀਆ ਕਾਨੂੰਨ 1981 ਅਧੀਨ ਹੋਈ ਸੀ ਅਤੇ ਇਸ ਦਾ ਉਦੇਸ਼ ਬਰਾਮਦ ਕਰਜ਼ੇ ਦਾ ਜਾਇਜ਼ਾ ਵਗੈਰਾ ਲੈਣਾ ਸੀ। ਐਕਸਿਮ ਬੈਂਕ ਨੇ 1982 ਵਿੱਚ ਆਪਣਾ ਕੰਮਕਾਜ ਆਰੰਭਿਆ। ਇਹ ਬਹੁਤ ਤਰ੍ਹਾਂ ਦੇ ਉਤਪਾਦਾਂ ਅਤੇ ਸੇਵਾਵਾਂ ਰਾਹੀਂ ਸਨਅਤਾਂ ਅਤੇ ਐੱਸ ਐੱਮ ਈਜ਼ ਲਈ ਇਕ ਵਿਕਾਸ ਇੰਜਨ ਵਜੋਂ ਕੰਮ ਕਰਦਾ ਹੈ। ਇਨ੍ਹਾਂ ਵਿੱਚ ਤਕਨਾਲੋਜੀਆਂ ਦਰਾਮਦ ਕਰਨਾ, ਅਤੇ ਬਰਾਮਦ ਉਤਪਾਦ ਵਿਕਸਤ ਕਰਨਾ, ਬਰਾਮਦ ਉਤਪਾਦਨ, ਬਰਾਮਦ ਮਾਰਕੀਟਿੰਗ, ਢੁਆਈ ਤੋਂ ਪਹਿਲਾਂ ਦੇ ਅਤੇ ਢੁਆਈ ਤੋਂ ਬਾਅਦ ਦੇ ਅਤੇ




ਓਵਰਸੀਜ਼ ਨਿਵੇਸ਼ ਸ਼ਾਮਿਲ ਹਨ। ਇਸ ਵਲੋਂ ਬਰਾਮਦਕਾਰਾਂ, ਦਰਾਮਦਕਾਰਾਂ ਨੂੰ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਵੱਖ-ਵੱਖ ਵਿੱਤੀ ਸੰਸਥਾਵਾਂ ਦਰਮਿਆਨ ਸੰਪਰਕ ਸੂਤਰ ਵਜੋਂ ਕੰਮ ਕਰ ਕੇ ਭਾਰਤੀ ਵਿੱਤੀ ਮਾਰਕੀਟ ਦਾ ਸਮੁੱਚਾ ਵਿਕਾਸ ਕੀਤਾ ਜਾਂਦਾ ਹੈ। ਮਿਆਦੀ ਕਰਜ਼ੇ ਦੇ ਵਰਗ ਵਿੱਚ ਆਧੁਨਿਕੀਕਰਨ, ਸਾਜ਼ੋ-ਸਮਾਨ ਦੀ ਖਰੀਦ ਵਗੈਰਾ ਲਈ ਕਰਜ਼ੇ ਪ੍ਰਦਾਨ ਕੀਤੇ ਜਾਂਦੇ ਹਨ। ਬਰਾਮਦਕਾਰਾਂ ਲਈ ਬੈਂਕ ਵਲੋਂ ਵੇਅਰ ਹਾਊਸਿੰਗ ਫਾਈਨੈਂਸ, ਅਤੇ ਬਰਾਮਦ ਪੱਧਰ ਉੱਤੇ ਕਰਜ਼ਾ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਬੈਂਕ ਦੀ ਫੰਡਿਡ ਪੂੰਜੀ ਸਕੀਮ ਵਿੱਚ ਲੰਬੀ ਮਿਆਦ ਦੀ ਕੰਮਕਾਜੀ ਪੂੰਜੀ ਅਤੇ ਨਕਦੀ ਪ੍ਰਵਾਹ ਫਾਈਨੈਂਸਿੰਗ ਅਤੇ ਨਾਨ ਫੰਡਿਡ ਪੂੰਜੀ ਸਕੀਮ ਵਿੱਚ ਲੈਟਰ ਆਫ ਕ੍ਰੈਡਿਟ ਲਿਮਟਸ, ਗਾਰੰਟੀ ਲਿਮਟਸ ਸ਼ਾਮਿਲ ਹਨ। ਫ਼ਿਲਮ ਸਨਅਤ ਲਈ ਬੈਂਕ ਨੇ ਨਕਦੀ ਪ੍ਰਵਾਹ ਫਾਈਨੈਂਸਿੰਗ ਦਾ ਪ੍ਰਬੰਧ ਫ਼ਿਲਮ ਨਿਰਮਾਣ ਅਤੇ ਓਵਰਸੀਜ਼ ਮਾਰਕੀਟਾ ਵਿੱਚ ਫ਼ਿਲਮ ਦੇ ਪ੍ਰਦਰਸ਼ਨ ਲਈ ਕੀਤਾ ਹੈ। ਬੈਂਕ ਵਲੋਂ ਮਨੁੱਖੀ ਸੋਮਾ ਵਿਕਾਸ, ਖੋਜ ਅਤੇ ਯੋਜਨਾਬੰਦੀ, ਅੰਦਰੂਨੀ ਆਡਿਟ ਵਗੈਰਾ ਲਈ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਐਕਸਿਮ ਬੈਂਕ ਨੇ ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ ਦਫ਼ਤਰ ਕਾਇਮ ਕੀਤੇ ਹੋਏ ਹਨ। ਇਸ ਦਾ ਮੁੱਖ ਦਫ਼ਤਰ ਮੁੰਬਈ ਵਿਖੇ ਹੈ।

## ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ)

ਦਿਹਾਤੀ ਆਰਥਿਕਤਾ ਵਿੱਚ ਤੇਜ਼ੀ ਲਿਆਉਣ ਲਈ ਸੰਸਥਾਗਤ ਕਰਜ਼ੇ ਦੀ ਮੰਗ ਦਾ ਭਾਰਤ ਸਰਕਾਰ ਨੂੰ ਸਪੱਸ਼ਟ ਤੌਰ ਤੇ ਇਸ ਦੀ ਯੋਜਨਾਬੰਦੀ ਦੀ ਸ਼ੁਰੂਆਤ ਸਮੇਂ ਤੋਂ ਪਤਾ ਹੈ। ਇਸ ਲਈ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੇ ਭਾਰਤ ਸਰਕਾਰ ਦੇ ਜ਼ੋਰ ਦੇਣ ਉੱਤੇ ਖੇਤੀ ਅਤੇ ਦਿਹਾਤੀ ਵਿਕਾਸ ਲਈ ਸੰਸਥਾਗਤ ਕਰਜ਼ੇ (ਕ੍ਰਾਫੀਕਾਰਡ) ਲਈ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਇਕ ਕਮੇਟੀ ਕਾਇਮ ਕੀਤੀ। ਇਹ ਕਮੇਟੀ 30 ਮਾਰਚ 1979 ਨੂੰ ਕਾਇਮ ਕੀਤੀ ਗਈ। ਕਮੇਟੀ ਦੀ ਰਿਪੋਰਟ ਵਿੱਚ ਇਕ ਨਵਾਂ ਜੱਥੇਬੰਦਕ ਢਾਂਚਾ ਕਾਇਮ ਕਰਨ ਦੀ ਲੋੜ ਦਰਸਾਈ ਗਈ ਹੈ ਜੋ ਕਿ ਕਰਜ਼ੇ ਸੰਬੰਧੀ ਮੁੱਦਿਆਂ ਵੱਲ ਪੂਰਾ ਧਿਆਨ ਦੇ ਸਕੇ। ਇਸ ਦੀਆਂ ਸਿਫਾਰਸ਼ਾਂ ਇਕ ਅਨੋਖੇ ਵਿੱਤੀ ਸੰਸਥਾਨ ਦੀ ਕਾਇਮੀ ਉੱਤੇ ਜ਼ੋਰ ਦਿੰਦੀਆਂ ਸਨ ਜੋ ਕਿ ਉਮੀਦਾਂ ਉੱਤੇ ਪੂਰਾ ਉਤਰਦਾ ਹੋਵੇ। ਇਸ ਤਰ੍ਹਾਂ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਕਾਇਕ ਕਰਨ ਦੀਆਂ ਸਿਫਾਰਸ਼ਾਂ ਉੱਤੇ ਸੰਸਦ ਨੇ 1981 ਦੇ ਕਾਨੂੰਨ ਨੰਬਰ 61 ਰਾਹੀਂ ਆਪਣੀ ਮੁਹਰ ਲਗਾ ਦਿੱਤੀ। ਨਾਬਾਰਡ ਜੁਲਾਈ 1982 ਵਿੱਚ ਹੋਂਦ ਵਿੱਚ ਆਇਆ। ਇਸ ਤਰ੍ਹਾਂ ਆਰ ਬੀ ਆਈ ਦੇ ਸਾਰੇ ਖੇਤੀ ਕਰਜ਼ੇ ਦੇ ਕੰਮਕਾਜ



ਅਤੇ ਐਗਰੀਕਲਚਰਲ ਰੀਫਾਈਨੈਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਕੰਮ ਵੀ ਇਸ ਦੇ ਹਵਾਲੇ ਕਰ ਦਿੱਤੇ ਗਏ। 100 ਕਰੋੜ ਰੁਪਏ ਦੀ ਮੁੱਢਲੀ ਪੂੰਜੀ ਨਾਲ ਕਾਇਮ ਇਸ ਦੀ ਪੇਡ ਅੱਪ ਪੂੰਜੀ 31 ਮਾਰਚ 2016 ਨੂੰ 5000 ਕਰੋੜ ਰੁਪਏ ਦੀ ਹੋ ਗਈ ਸੀ। ਸਰਕਾਰ ਅਤੇ ਆਰ ਬੀ ਆਈ ਦਰਮਿਆਨ ਸ਼ੇਅਰ ਪੂੰਜੀ ਦੀ ਸੋਧੀ ਹੋਈ ਵੰਡ ਦੇ ਨਤੀਜੇ ਵਜੋਂ ਭਾਰਤ ਸਰਕਾਰ ਕੋਲ ਅੱਜ ਇਸ ਦੇ 4980 ਕਰੋੜ ਰੁਪਏ (99.60 ਪ੍ਰਤਿਸ਼ਤ) ਦੇ ਸ਼ੇਅਰ ਹਨ ਜਦ ਕਿ ਆਰ ਬੀ ਆਈ ਕੋਲ 20 ਕਰੋੜ (0.40 ਪ੍ਰਤਿਸ਼ਤ) ਸ਼ੇਅਰ ਹਨ।



## ਨੈਸ਼ਨਲ ਹਾਊਸਿੰਗ ਬੈਂਕ

ਨੈਸ਼ਨਲ ਹਾਊਸਿੰਗ ਬੈਂਕ (ਐੱਨ ਐੱਚ ਬੀ) ਦੀ ਸਥਾਪਨਾ 1988 ਵਿੱਚ ਨੈਸ਼ਨਲ ਹਾਊਸਿੰਗ ਬੈਂਕ ਐਕਟ 1987 ਦੀਆਂ ਹਦਾਇਤਾਂ ਅਨੁਸਾਰ ਦੇਸ਼ ਵਿੱਚ ਹਾਊਸਿੰਗ ਫਾਈਨੈਂਸਿੰਗ ਸੰਸਥਾਵਾਂ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਕੀਤੀ ਗਈ ਸੀ। ਇਹ ਵਿਕਾਸ ਉਨ੍ਹਾਂ ਨੂੰ ਵਿੱਤ ਅਤੇ ਹੋਰ ਲੋੜੀਂਦੀ ਮਦਦ ਮੁਹੱਈਆ ਕਰਵਾ ਕੇ ਕੀਤਾ ਜਾਣਾ ਸੀ। ਇਸ ਨੇ ਮੌਜੂਦਾ ਵਿੱਤੀ ਕੰਪਨੀਆਂ ਨੂੰ ਢਾਂਚੇ ਸੰਬੰਧੀ ਵਿਕਾਸ ਲਈ ਮਾਲੀ ਸਹਾਇਤਾ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ। ਬੈਂਕ ਵਿੱਚ ਇਕ ਸਪੈਸ਼ਲਾਈਜ਼ਡ ਡਵੀਜ਼ਨਾਂ ਕਾਇਮ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਵਿਕਾਸ ਅਤੇ ਰਿਸਕ ਪ੍ਰਬੰਧਨ, ਪ੍ਰਜੈਕਟ ਫਾਈਨੈਂਸ, ਰੀਫਾਈਨੈਂਸਿੰਗ ਆਪ੍ਰੇਸ਼ਨਜ਼, ਸੋਮਿਆਂ ਦੀ ਵਰਤੋਂ ਅਤੇ ਪ੍ਰਬੰਧਨ ਸ਼ਾਮਿਲ ਸਨ। ਐੱਨ ਐੱਚ ਬੀ ਪੂਰੀ ਤਰ੍ਹਾਂ ਰਿਜ਼ਰਵ ਬੈਂਕ ਦੀ ਮਲਕੀਅਤ ਹੇਠ ਹੈ ਅਤੇ ਉਸ ਦੀ ਹੀ ਪੂਰੀ ਪੂੰਜੀ ਇਸ ਵਿੱਚ ਲੱਗੀ ਹੋਈ ਹੈ। ਐੱਨ ਐੱਚ ਬੀ ਦਾ ਸਾਰਾ ਕੰਮਕਾਜ ਇਕ ਬੋਰਡ ਆਫ ਡਾਇਰੈਕਟਰਜ਼ ਦੀ ਨਿਗਰਾਨੀ ਹੇਠ ਹੁੰਦਾ ਹੈ।

## ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (ਸਿਡਬੀ)

ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (ਸਿਡਬੀ) ਦੀ ਸਥਾਪਨਾ 2 ਅਪ੍ਰੈਲ 1990 ਨੂੰ ਭਾਰਤੀ ਸੰਸਦ ਵਲੋਂ ਪਾਸ ਕੀਤੇ ਇਕ ਕਾਨੂੰਨ ਅਧੀਨ ਕੀਤੀ ਗਈ ਸੀ। ਇਹ ਬੈਂਕ ਮਾਈਕਰੋ, ਛੋਟੇ ਅਤੇ ਦਰਮਿਆਨੇ ਸਨਅਤੀ ਅਦਾਰਿਆਂ (ਐੱਮ ਐੱਸ ਐੱਮ ਈ) ਦੀ ਤਰੱਕੀ, ਵਿੱਤੀ ਪ੍ਰਬੰਧਨ ਅਤੇ ਅਜਿਹੀਆਂ ਹੀ ਸਰਗਰਮੀਆਂ ਵਿੱਚ ਲੱਗੀਆਂ ਹੋਰ ਸੰਸਥਾਵਾਂ ਨਾਲ ਤਾਲਮੇਲ ਕਾਇਮ ਕਰਨ ਲਈ ਕਾਇਮ ਕੀਤਾ ਗਿਆ ਸੀ। ਸਿਡਬੀ ਦੇ ਘੇਰੇ ਵਿੱਚ ਸੂਖਮ, ਛੋਟੇ ਅਤੇ ਦਰਮਿਆਨੇ ਸਨਅਤੀ ਅਦਾਰੇ ਆਉਂਦੇ ਹਨ। ਇਹ ਅਦਾਰੇ ਉਤਪਾਦਨ, ਰੋਜ਼ਗਾਰ ਅਤੇ ਬਰਾਮਦਾਂ ਦੇ ਮਾਮਲੇ ਵਿੱਚ ਰਾਸ਼ਟਰੀ ਆਰਥਿਕਤਾ ਵਿੱਚ ਅਹਿਮ ਹਿੱਸਾ ਪਾਉਂਦੇ ਹਨ। ਐੱਮ ਐੱਸ ਐੱਮ ਈ ਭਾਰਤੀ ਆਰਥਿਕਤਾ ਦਾ ਇਕ ਅਹਿਮ ਥੰਮ ਹੈ ਕਿਉਂਕਿ ਇਹ ਆਪਣੇ 5.1 ਕਰੋੜ ਅਦਾਰਿਆਂ ਨਾਲ ਭਾਰਤੀ ਆਰਥਿਕਤਾ ਵਿੱਚ ਅਹਿਮ ਯੋਗਦਾਨ ਦਿੰਦਾ ਹੈ। ਇਸ ਵਿੱਚ 11.7 ਕਰੋੜ ਲੋਕਾਂ ਲਈ ਰੋਜ਼ਗਾਰ ਪੈਦਾ ਹੁੰਦਾ ਹੈ, 6,000 ਤੋਂ ਵੱਧ ਉਤਪਾਦ ਤਿਆਰ ਹੁੰਦੇ ਹਨ ਅਤੇ ਇਹ ਨਿਰਮਾਣ ਵਿੱਚ 45 ਪ੍ਰਤਿਸ਼ਤ ਅਤੇ ਬਰਾਮਦਾਂ ਵਿੱਚ 40 ਪ੍ਰਤਿਸ਼ਤ ਹਿੱਸਾ ਪਾਉਂਦਾ ਹੈ।

ਸਿਡਬੀ ਦੀ ਵਪਾਰਕ ਰਣਨੀਤੀ ਐੱਮ ਐੱਸ ਐੱਮ ਈ ਖੇਤਰ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨਾ ਅਤੇ ਨਾਲ ਹੀ ਇਸ ਖੇਤਰ ਦੇ ਆਰਥਿਕਤਾ ਦੇ ਗ਼ੈਰ ਵਿੱਤੀ ਪਾੜੇ ਨੂੰ ਦੂਰ ਕਰਨਾ ਹੈ। ਐੱਮ ਐੱਸ ਐੱਮ ਈ ਨੂੰ ਇਸ ਬੈਂਕ ਵਲੋਂ (ੳ) ਅਸਿੱਧੇ ਰੂਪ ਵਿੱਚ/ਬੈਂਕਾਂ ਦੇ ਰੀਫਾਈਨੈਂਸ ਰਾਹੀਂ/ਵਿੱਤੀ ਸੰਸਥਾਵਾਂ ਰਾਹੀਂ ਮਦਦ ਮੁਹੱਈਆ ਕਰਵਾਈ ਜਾਂਦੀ ਹੈ, (ਅ) ਵਿਸ਼ੇਸ਼ ਖੇਤਰਾਂ ਜਿਵੇਂ ਕਿ ਰਿਸਕ ਕੈਪੀਟਲ, ਸਸਟੇਨੇਬਲ ਫਾਈਨੈਂਸ, ਸਰਵਿਸ ਸੈਕਟਰ ਫਾਈਨੈਂਸ, ਰਸੀਵੇਬਲ ਫਾਈਨੈਂਸ ਰਾਹੀਂ ਮਦਦ ਪ੍ਰਦਾਨ ਕੀਤੀ ਜਾਂਦੀ ਹੈ। ਐੱਮ ਐੱਸ ਐੱਮ ਈ ਖੇਤਰ ਨੂੰ ਉਤਸ਼ਾਹਿਤ ਅਤੇ ਵਿਕਸਤ ਕਰਨ ਲਈ ਸਿਡਬੀ ਨੇ ਇਕ 'ਕ੍ਰੈਡਿਟ ਪਲੱਸ' ਪਹੁੰਚ ਅਪਣਾਈ ਹੈ ਜਿਸ ਵਿੱਚ ਕਰਜ਼ਾ ਪ੍ਰਦਾਨ ਕਰਨ ਤੋਂ ਇਲਾਵਾ ਉਦਮਤਾ ਵਿਕਾਸ, ਮੁਹਾਰਤ ਵਿੱਚ ਵਾਧੇ, ਮਾਰਕੀਟਿੰਗ ਸਹਾਇਤਾ, ਕਲਸਟਰ ਵਿਕਾਸ, ਤਕਨਾਲੋਜੀ ਦੇ ਆਧੁਨਿਕੀਕਰਨ ਵਗੈਰਾ ਵਿੱਚ ਵੀ ਮਦਦ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਸਹਾਇਤਾ ਦਾ 2.3 ਲੱਖ ਲੋਕ ਇਸ ਖੇਤਰ ਵਿੱਚ ਲਾਭ ਉਠਾ ਚੁੱਕੇ ਹਨ। ਇਸ ਵਿੱਚ 1.5 ਲੱਖ ਰੋਜ਼ਗਾਰ ਪੈਦਾ ਹੋ ਚੁੱਕੇ ਹਨ ਅਤੇ 80,000 ਅਦਾਰੇ ਕਾਇਮ ਹੋ ਚੁੱਕੇ ਹਨ ਜਿਨ੍ਹਾਂ ਵਿੱਚੋਂ ਵਧੇਰੇ ਦਿਹਾਤੀ ਅਦਾਰੇ ਹਨ। ❑❑




PUBLICATIONS DIVISION
website: publicationsdivision.nic.in
Some Prestigious Titles Now Available Online
India 2016 (also available as eBook)
Bharat 2016 (also available as eBook)
Legends of Indian Silver Screen (also available as eBook)
Abode Under The Dome
Winged Wonders of Rashtrapati Bhavan
Right of The Line : The President's Bodyguard
Indra Dhanush
The Presidential Retreats of India
Rashtrapati Bhawan
Belief In The Ballot (also available as eBook)
Gandhi : Jeevan Aur Darshan (hindi)
1857 The Uprising
Sardar Patel-Sachitra Jeevni(hindi) (also available as eBook)
Sardar Patel - A Pictorial Biography (also available as eBook)
Basohli Painting
Kangra Painting
Indian Women : Contemporary Essays
Bharat Ki Ekta Ka Nirman (hindi) (also available as eBook)
Yuva Sanyasi (hindi)
Gazetteer of India Vol.2
The Geet Govinda of Shri Jaydev
Who's Who of Indian Martyrs (Vol-I)
Who's Who of Indian Martyrs (Vol-II)
Saga of Valour
Some Aspects of Indian Culture
Art & Science of Playing Tabla (also available as eBook)
Indian Classical Dance
Celebration of Life : Indian Folk Dance
Nataraja
Bengali Theatre: 200 Years (also available as eBook)
Bihari Satsai (hindi)
Bihari Satsai - A Commentary
Eye In Art
Looking Again At Indian Art
The Life of Krishna In Indian Art
Pahari Painting of Nala Damayanti Theme
Ajanta Ka Vaibhav (hindi)
Bharatiya Kala - Udhbhav Aur Vikas (hindi)
Bharatiya Chitrakala Main Sangeet Tatva (hindi)
South Indian Paintings
Garhwal Chitrakala (hindi)
A Moment In Time
Samay, Cinema Aur Itihas (hindi)
Indian Cinema Through The Century
Bharatiya Cinema Ka Safarnama (hindi)
A History of Socialism
Lamps of India
Bharat Ke Durg (hindi)
Wood Carving of Gujarat
Lawns And Gardens
Paryavaran Sanrakshan : Chunotiyan Aur Samadhan (hindi)
eBooks
Lokmanya Bal Gangadhar Tilak
The Gospel of Buddha
Introduction To Indian Music
Sardar Vallabhbhai Patel
Sardar Vallabhbhai Patel (Adhunik Bharat Ke Nirmata Series)
Lauh Purush Sardar Patel
Aise They Bapu
Mahatama Gandhi -A Pictorial Biography
Gandhi In Champaran
Mahatma Gandhi And One World
Printed Books available at flipkart.com
eBooks at kobo.com

# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਂਕਟਰ-ਐਚ, ਅਲੀਗੰਜ, ਲਖਨਊ - 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**

**PUBLICATIONS DIVISION**
**Ministry of Information & Broadcasting**
**Soochna Bhawan, CGO Complex,**
**Lodhi Road, New Delhi-110003**

## COMMERCIAL ADVERTISEMENT RATES FOR DPD JOURNALS
**(w.e.f. 15th March, 2016**

| S. No. | Name of Journal | Inside Text Page | | | | Back Cover | 2nd Cover Page | 3rd Cover Page |
|---|---|---|---|---|---|---|---|---|
| | (Rate for each Journals for one edition | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English) | 35,000 | 20,000 | 25,000 | 15,000 | 10,0000 | 70,000 | 70,000 |
| 2 | Yojana (Hindi) | 25,000 | 15,000 | 18,000 | 11,000 | 75,000 | 50,000 | 50,000 |
| 3 | Kurukshetra (English & Hindi) | 20,000 | 12,000 | 15,000 | 10,000 | 30,000 | 27,000 | 25,000 |
| 4 | Ajkal (Hindi& Urdu) | 10,000 | 6,000 | 7,000 | 5,000 | 15,000 | 12000 | 11000 |
| 5 | Yojana (Urdu/Punjabi/ Oriya/Assamese/ Gujrati/Malayalam) | 70,00 | 4,500 | 5,000 | 3,000 | 10,000 | 9000 | 8000 |
| 6 | Ball Bharti | 10,000 | | | | 15,000 | 12,000 | 11000 |
| 7 | Yojana (Bengali/Telgu/ Marathi/Tamil/Kannada) | 13,000 | 8,000 | 10,000 | 6,000 | 20,000 | 17,000 | 15000 |

COMMERCIAL ADVERTISEMENT RATES FOR INDIA/BHARAT**

| | India | | Bharat | |
|---|---|---|---|---|
| | Colour | Black & White | Colour | Black & White |
| Full Page | 40,000 | 25,000 | 25,000 | 15,000 |
| 2nd Cover Page | | | | |
| 3rd Cover Page | 70,000 | | 50,000 | |

** Rates of Advertisement tariff in India & Bharat annual reference are inclusive for print & electronic version

Note :

2nd cover page of magazines will be reserved for the DAVP and Government Organizations. The above rate are only for PSU advertisement.

* 2 % extra discount on each additional insertion of advertisement subject to maximum discount of 40%

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |

Advertisement material - Artpull/Artwork/CD/Positives

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, Room No. 48-53, Soochna Bhawan, CGO Complex, Lodi Road, New Delhi-1100 03. E-mail : *pdjucir@gmail.com*. For any other query please contact at 011-24367453.